ਸਾਖੀਆਂ
ਸਚਿਆਰ ਸਿੱਖਾਂ ਦੀਆਂ
ਭਾਗ ਪਹਿਲਾ

ਏਸੇ ਕਲਮ ਤੋਂ :

- *ਜੀਵਨ ਜੁਗਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਸ਼ੇ ਅਨੁਸਾਰ*
- *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ*
- *ਸਰਹਿੰਦ ਫ਼ਤਹਿ ਦਾ ਨਾਇਕ ਬਾਬਾ ਬੰਦਾ ਸਿੰਘ ਬਹਾਦਰ*
- *ਸਿੱਖ ਇਤਿਹਾਸ ਦੇ ਸੂਰਬੀਰ ਯੋਧੇ ਚਾਰ ਸਾਹਿਬਜ਼ਾਦੇ* (ਸੰਪਾਦਿਤ)
- *ਜਿਨਿ ਨਾਮੁ ਲਿਖਾਇਆ ਸਚੁ* (ਸੰਪਾਦਿਤ)
- *ਗੁਰਮਤਿ ਪ੍ਰਕਾਸ਼ ਦਾ ਪੰਜਾਹ ਸਾਲਾ ਇਤਿਹਾਸ* (ਸੰਪਾਦਿਤ)

ਸਚਿਆਰ ਸਿਖ ਬੈਠੇ ਸਤਿਗੁਰ ਪਾਸਿ॥

ਸਾਖੀਆਂ
ਸਚਿਆਰ ਸਿੱਖਾਂ ਦੀਆਂ

ਭਾਗ ਪਹਿਲਾ

[ਗੁਰੂ ਨਾਨਕ ਸਾਹਿਬ ਤੋਂ ਗੁਰੂ ਰਾਮਦਾਸ ਜੀ
ਦੇ ਸਮੇਂ ਦੇ ਗੁਰਸਿੱਖਾਂ ਦੀਆਂ ਸਾਖੀਆਂ]

ਬਲਵਿੰਦਰ ਸਿੰਘ ਜੌੜਾਸਿੰਘਾ

ਸਿੰਘ ਬ੍ਰਦਰਜ਼
ਅੰਮ੍ਰਿਤਸਰ

SĀKHĪĀN SACHIĀR SIKHĀN DĪĀN - I

[Stories about the True Sikhs of Gurus' Period]

by

BALWINDER SINGH JAURASINGHA
1227, GALI No. 3, GURU NANAKPURA,
AMRITSAR - 143 001 (PUNJAB)

ISBN 81-7205-484-X

ਪਹਿਲੀ ਵਾਰ ਜੁਲਾਈ 2012

ਮੁੱਲ : 100-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-224, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com
Website : www.singhbrothers.com

ਪ੍ਰਿੰਟਰਜ਼ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਸਮਰਪਣ

ਆਪਣੇ ਸਮੂਹ ਸਤਿਕਾਰਯੋਗ

ਅਧਿਆਪਕ ਸਾਹਿਬਾਨ

ਨੂੰ

ਤਤਕਰਾ

ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਦੇ ਪ੍ਰਮੁੱਖ ਗੁਰਸਿੱਖਾਂ ਦੀਆਂ ਸਾਖੀਆਂ

ਸ੍ਰੀ ਗੁਰੂ ਅੰਗਦ ਸਾਹਿਬ ਦੇ ਸਮੇਂ ਦੇ ਪ੍ਰਮੁੱਖ ਗੁਰਸਿੱਖਾਂ ਦੀਆਂ ਸਾਖੀਆਂ

ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਸਮੇਂ ਦੇ ਪ੍ਰਮੁੱਖ ਗੁਰਸਿੱਖਾਂ ਦੀਆਂ ਸਾਖੀਆਂ

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਸਮੇਂ ਦੇ ਪ੍ਰਮੁੱਖ ਗੁਰਸਿੱਖਾਂ ਦੀਆਂ ਸਾਖੀਆਂ

੧ਓ ਵਾਹਿਗੁਰੂ ਜੀ ਕੀ ਫ਼ਤਹ॥

ਅਵਤਾਰ ਸਿੰਘ

ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ - 143 006

ਸੰਦੇਸ਼

ਸਿੱਖ ਧਰਮ ਦੀ ਨਿਵੇਕਲੀ ਜੀਵਨ-ਜਾਚ ਹੈ। ਇਹ ਜੀਵਨ-ਜਾਚ ਗੁਰੂ ਦੀ ਸਿੱਖਿਆ ਤੋਂ ਪ੍ਰਾਪਤ ਹੁੰਦੀ ਹੈ। ਸਤਿਗੁਰਾਂ ਦੀ ਬਾਣੀ ਦਾ ਫ਼ੁਰਮਾਨ ਹੈ:

ਸਿਖੀ ਸਿਖਿਆ ਗੁਰ ਵੀਚਾਰਿ॥ *(ਵਾਰ ਆਸਾ, ਮਹਲਾ ੧, ਪੰਨਾ 465)*

ਸਿੱਖੀ ਦੇ ਫਲਸਫੇ ਤੇ ਸਿੱਧਾਂਤ ਦੀ ਸਿੱਖਿਆ ਨੂੰ ਵਿਵਹਾਰਕ ਜੀਵਨ ਦਾ ਹਿੱਸਾ ਕਿਵੇਂ ਬਣਾਉਣਾ ਹੈ, ਇਸ ਦਾ ਗਿਆਨ ਸਾਨੂੰ ਗੁਰਬਾਣੀ ਰਾਹੀਂ ਮਿਲਦਾ ਹੈ। ਸਿੱਖ ਧਰਮ ਦੀ ਸਥਾਪਨਾ ਦੇ ਨਾਲ ਹੀ ਇਸ ਦੇ ਪੈਰੋਕਾਰ ਵੀ ਬਣਨੇ ਸ਼ੁਰੂ ਹੋ ਗਏ। ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਗੁਰੂ ਸਾਹਿਬਾਨ ਨੇ ਪ੍ਰਚਾਰ ਯਾਤਰਾਵਾਂ ਕੀਤੀਆਂ। ਸਿੱਖੀ ਦੇ ਕੇਂਦਰ ਸਥਾਪਤ ਹੋਏ। ਵੱਖ-ਵੱਖ ਸੰਸਥਾਵਾਂ ਦਾ ਵਿਕਾਸ ਵੀ ਹੋਇਆ। ਸ੍ਰੀ ਗੁਰੂ ਨਾਨਕ ਸਾਹਿਬ ਅਤੇ ਦੂਸਰੇ ਗੁਰੂ ਸਾਹਿਬਾਨ ਦੇ ਸਮੇਂ ਪ੍ਰਾਣੀ ਗੁਰਸਿੱਖੀ ਧਾਰਨ ਕਰਨ ਲਈ ਸਤਿਗੁਰਾਂ ਦੀ ਹਜ਼ੂਰੀ ਵਿਚ ਆਉਂਦੇ ਸਨ। ਸਤਿਗੁਰਾਂ ਦੇ ਚਰਨ ਛੁਹ ਤੇ ਪਾਵਨ ਬਚਨਾਂ ਦੇ ਰਾਹੀਂ ਸਿੱਖਿਆ ਲੈਂਦੇ ਰਹੇ। ਇਨ੍ਹਾਂ ਗੁਰਸਿੱਖਾਂ ਨੇ ਜੋ ਉਪਦੇਸ਼ ਪਾਇਆ, ਉਸ ਨੂੰ ਜੀਵਨ ਵਿਚ ਕਮਾਇਆ ਸੀ। ਇਸ ਤਰ੍ਹਾਂ ਗੁਰਸਿੱਖਾਂ ਦੀਆਂ ਸਾਖੀਆਂ ਹੋਂਦ ਵਿਚ ਆਈਆਂ। ਗੁਰੂ ਸਾਹਿਬਾਨ ਦੇ ਸਮਕਾਲੀ ਗੁਰਸਿੱਖਾਂ ਦੇ ਜੀਵਨ ਸੰਬੰਧੀ ਸਾਖੀਆਂ ਨੂੰ ਸ. ਬਲਵਿੰਦਰ ਸਿੰਘ ਜੌੜਾਸਿੰਘਾ ਨੇ ਵੱਖਰੇ ਅੰਦਾਜ਼ ਵਿਚ ਪੇਸ਼ ਕੀਤਾ ਹੈ। ਇਹ ਸਾਖੀਆਂ ਦਾ ਪਹਿਲਾ ਭਾਗ ਹੈ, ਜਿਸ ਵਿਚ ਗੁਰੂ ਨਾਨਕ ਸਾਹਿਬ ਜੀ ਤੋਂ ਗੁਰੂ ਰਾਮਦਾਸ ਜੀ ਦੇ ਸਮੇਂ ਤਕ ਹੋਏ ਗੁਰਸਿੱਖਾਂ ਦੀਆਂ ਸਾਖੀਆਂ ਹਨ। ਇਨ੍ਹਾਂ ਸਾਖੀਆਂ ਤੋਂ ਸਿੱਖ ਧਰਮ ਦੇ ਮੁੱਢਲੇ ਵਿਕਾਸ ਅਤੇ ਮਰਯਾਦਾ ਦੀ ਸਥਾਪਨਾ ਬਾਰੇ ਬਹੁਮੁੱਲੀ ਜਾਣਕਾਰੀ ਮਿਲਦੀ ਹੈ। ਇਸ ਦੀ ਪ੍ਰਕਾਸ਼ਨਾ 'ਤੇ ਮੈਂ ਲੇਖਕ ਨੂੰ ਵਧਾਈ ਦਿੰਦਾ ਹੋਇਆ ਸਤਿਗੁਰਾਂ ਅੱਗੇ ਅਰਦਾਸ ਕਰਦਾ ਹਾਂ ਕਿ ਗੁਰੂ ਪਾਤਸ਼ਾਹ ਇਨ੍ਹਾਂ ਨੂੰ ਦੀਰਘ ਆਯੂ, ਬਿਬੇਕ-ਬੁੱਧ, ਉੱਦਮ ਤੇ ਬਲ ਬਖ਼ਸ਼ਣ ਤਾਂ ਜੋ ਭਵਿੱਖ ਵਿਚ ਵੀ ਦਫ਼ਤਰੀ ਰੁਝੇਵਿਆਂ ਦੇ ਨਾਲ ਨਾਲ ਸਿੱਖ ਧਰਮ ਵਿਚ ਸਾਹਿਤ ਰਚਨਾ ਦੀ ਸੇਵਾ ਕਰਦੇ ਰਹਿਣ।

(ਅਵਤਾਰ ਸਿੰਘ)

ਭੂਮਿਕਾ

ਗੁਰਸਿੱਖੀ ਇਕ ਅਜਿਹੀ ਜੀਵਨ-ਜਾਚ ਹੈ ਜੋ ਗੁਰੂ ਦੀ ਸਿੱਖਿਆ ਨੂੰ ਜੀਵਨ ਵਿਚ ਕਮਾ ਕੇ ਹੀ ਪ੍ਰਾਪਤ ਹੁੰਦੀ ਹੈ। ਮਨੁੱਖ ਆਪਣੇ ਜਨਮ ਨੂੰ ਸਫਲ ਕਰਨ ਲਈ ਗੁਰਸਿੱਖ ਨਾਲ ਮਿਲ ਕੇ ਪਹਿਲਾਂ ਗੁਰੂ ਦੀ ਸ਼ਰਨ ਆਉਂਦਾ ਹੈ। ਵਾਹਿਗੁਰੂ ਦਾ ਗੁਰ-ਮੰਤਰ ਲੈ ਕੇ ਹਿਰਦੇ ਵਿਚ ਵਸਾਉਂਦਾ ਹੈ। ਫਿਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਔਗੁਣਾਂ ਨੂੰ ਛੱਡ ਕੇ, ਸਤਿ-ਸੰਤੋਖ, ਦਇਆ, ਧਰਮ, ਦਾਨ ਆਦਿ ਸਦਗੁਣਾਂ ਨੂੰ ਧਾਰਨ ਕਰ, ਗੁਰੂ ਦਾ ਸਿੱਖ ਅਖਵਾਉਂਦਾ ਹੈ। ਗੁਰਸਿੱਖ ਦੀ ਨਿੱਤ-ਕਰਣੀ ਵੀ ਨਿਵੇਕਲੀ ਹੁੰਦੀ ਹੈ। ਉਹ ਰੋਜ਼ ਸਤਿ-ਸੰਗਤਿ ਕਰਦਾ ਹੈ। ਹੁਕਮ ਵਿਚ ਚੱਲਦਾ ਹੈ। ਪਰਉਪਕਾਰੀ ਕਾਰਜ ਕਰਦਾ ਹੈ। ਮਿੱਠਾ ਬੋਲਦਾ ਅਤੇ ਨਿਮਾਣਾ ਹੋ ਕੇ ਚੱਲਦਾ ਹੈ। ਗੁਰਸਿੱਖੀ ਦਾ ਮਾਰਗ ਬੜਾ ਕਠਿਨ ਵੀ ਮੰਨਿਆ ਜਾਂਦਾ ਹੈ। ਗੁਰਸਿੱਖੀ ਬਰੀਕ ਤੇ ਖੰਡੇ ਦੀ ਧਾਰ ਦੀ ਤਰ੍ਹਾਂ ਹੈ। ਵਾਲਹੁ ਨਿੱਕੀ ਤੇ ਅਲੂਣੀ ਸਿਲ ਚੱਟਣ ਵਾਂਗ ਹੈ ਪਰ ਇਸ ਮਾਰਗ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਇਹ ਸੁਖੈਨ ਵੀ ਹੈ ਜੋ ਗੁਰਸਿੱਖ ਸ... ਗੁਰ ਦੀ ਸਿੱਖਿਆ ਲੈ ਕੇ ਸਿੱਖੀ-ਮਾਰਗ 'ਤੇ ਤੁਰੇ ਚਲੀ ਜਾਂਦੇ ਹਨ।

ਸਿੱਖ ਧਰਮ ਵਿਚ ਗੁਰੂ ਤੇ ਸਿੱਖ ਦੀ ਪ੍ਰੀਤ ਨੂੰ ਵੀ ਬੜਾ ਵਡਿਆਇਆ ਗਿਆ ਹੈ। ਸਿੱਖ ਤੇ ਗੁਰੂ ਦੀ ਪ੍ਰੀਤ-ਸੰਧੀ ਕੱਛੂ ਅਤੇ ਕੱਛੂ ਦੇ ਬੱਚੇ ਦੀ ਤਰ੍ਹਾਂ ਹੁੰਦੀ ਹੈ। ਜਿਵੇਂ ਕੱਛੂ ਦੇ ਬੱਚੇ ਨੂੰ ਮਾਤਾ-ਪਿਤਾ ਦੀ ਰੱਖਿਆ ਹੋਣ ਕਰਕੇ ਦਰਿਆ ਜਾਂ ਸਾਗਰ ਦੀਆਂ ਭਾਰੀ ਲਹਿਰਾਂ ਵੀ ਵੱਖ ਨਹੀਂ ਕਰ ਸਕਦੀਆਂ, ਏਸੇ ਤਰ੍ਹਾਂ ਗੁਰਸਿੱਖ ਜੋ ਗੁਰੂ ਦੀ ਸ਼ਰਨ ਵਿਚ ਰਹਿੰਦੇ ਹਨ, ਉਹ ਆਪਣਾ ਜੀਵਨ ਲੋਕ ਤੇ ਪਰਲੋਕ ਵਿਚ ਵੀ ਸਫਲਾ ਕਰ ਲੈਂਦੇ ਹਨ। ਉਨ੍ਹਾਂ ਨੂੰ ਸੰਸਾਰ ਭਵਜਲ ਨਹੀਂ ਵਿਆਪਦਾ :

ਕਛੂ ਬਚਾ ਨਦੀ ਵਿਚਿ ਗੁਰ ਸਿਖ ਲਹਰਿ ਨ ਭਵਜਲ ਬਿਆਪੈ ॥ *(ਵਾਰ 11:12)*

ਸਤਿਗੁਰ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਸਥਾਪਨਾ ਮਨੁੱਖੀ ਕਲਿਆਣ ਲਈ ਕੀਤੀ ਸੀ। ਭਾਈ ਗੁਰਦਾਸ ਜੀ ਦਾ ਇਸ ਪ੍ਰਥਾਇ ਕਥਨ ਹੈ :

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ ॥...
ਕਲਿ ਤਾਰਣਿ ਗੁਰੂ ਨਾਨਕ ਆਇਆ ॥੨੩॥ *(ਵਾਰ 1:23)*

ਸ੍ਰੀ ਗੁਰੂ ਨਾਨਕ ਸਾਹਿਬ ਅਤੇ ਦੂਸਰੇ ਗੁਰੂ ਸਾਹਿਬਾਨ ਨੇ ਸਮੇਂ-ਸਮੇਂ ਸੰਗਤਾਂ ਵਿਚ ਦੁਖੀ ਲੋਕਾਈ ਦੀਆਂ ਪੀੜਾਂ, ਸੰਸਿਆਂ ਤੇ ਕਾਮਨਾਵਾਂ ਨੂੰ ਸੁਣਿਆ। ਇਹ ਪੀੜਾ ਹਰਣ ਲਈ ਅਤੇ ਸੰਸੇ ਮੁਕਾਉਣ ਲਈ ਉਪਦੇਸ਼ ਦਿੱਤੇ। ਇਹ ਉਪਦੇਸ਼ ਪਾ ਕੇ ਗੁਰਸਿੱਖ ਜਨਮ-ਮਰਨ ਤੋਂ ਮੁਕਤੀ ਨੂੰ ਪ੍ਰਾਪਤ ਕਰ ਗਏ। ਸਤਿਗੁਰਾਂ ਦੀ ਚਰਨ-ਛੁਹ ਪ੍ਰਾਪਤ ਕਰ ਕੇ ਬਖ਼ਸ਼ਿਸ਼ਾਂ ਲੈਣ ਦੀਆਂ, ਗੁਰਸਿੱਖਾਂ ਦੀਆਂ ਬਾਬਾਣੀਆਂ ਕਹਾਣੀਆਂ ਚੱਲਦੀਆਂ

ਰਹੀਆਂ। ਇਹ ਬਾਬਾਣੀਆਂ ਕਹਾਣੀਆਂ, ਅੱਜ ਵੀ ਦੁਖੀ ਲੋਕਾਈ ਲਈ ਮਾਰਗ-ਦਰਸ਼ਨ ਕਰਦੀਆਂ ਹਨ। ਇਸ ਲਈ ਇਸ ਪੁਸਤਕ ਵਿਚ ਗੁਰੂ ਦੇ ਸਚਿਆਰ ਸਿੱਖਾਂ ਦੀਆਂ ਸਾਖੀਆਂ ਨੂੰ ਸੌਖੇ ਤੇ ਸਰਲ ਸ਼ਬਦਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਸਾਖੀਆਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਤੇ ਹੱਥਲੇ ਭਾਗ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਚੌਥੇ ਸਤਿਗੁਰ ਰਾਮਦਾਸ ਜੀ ਦੇ ਸਮੇਂ ਤੱਕ ਪ੍ਰਮੁੱਖ ਸਿੱਖਾਂ ਦੀਆਂ ਸਾਖੀਆਂ ਨੂੰ ਬਿਆਨ ਕੀਤਾ ਗਿਆ ਹੈ।

ਪਹਿਲਾਂ ਇਨ੍ਹਾਂ ਸਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ *ਗੁਰਮਤਿ ਪ੍ਰਕਾਸ਼* ਰਸਾਲੇ ਵਿਚ ਲੜੀਵਾਰ ਛਪਵਾਇਆ ਗਿਆ ਸੀ। ਪਾਠਕਾਂ ਵੱਲੋਂ ਇਸ ਨੂੰ ਕਾਫ਼ੀ ਸਲਾਹਿਆ ਗਿਆ ਅਤੇ ਬਹੁਤ ਸਾਰੇ ਪਾਠਕਾਂ ਵੱਲੋਂ ਇਸ ਨੂੰ ਪੁਸਤਕ ਰੂਪ ਦੇਣ ਦਾ ਸੁਝਾਅ ਵੀ ਦਿੱਤਾ ਗਿਆ ਸੀ।

ਇਹ ਸਾਖੀਆਂ ਜਿਥੇ ਗੁਰਸਿੱਖਾਂ ਨੂੰ ਮਿਲੇ ਉਪਦੇਸ਼ਾਂ ਬਾਰੇ ਜਾਣਕਾਰੀ ਦਿੰਦੀਆਂ ਹਨ, ਉਥੇ ਸਿੱਖ ਧਰਮ ਦੀ ਮਰਯਾਦਾ ਨੂੰ ਸਥਾਪਤ ਕਰਨ ਅਤੇ ਸਿੱਖ ਧਰਮ ਦੇ ਮੁੱਢਲੇ ਵਿਕਾਸ ਬਾਰੇ ਜਾਨਣ ਦੀ ਉਤਸੁਕਤਾ ਵੀ ਪੈਦਾ ਕਰਦੀਆਂ ਹਨ। ਆਸ ਹੈ, ਇਹ ਪੁਸਤਕ ਜਿਥੇ ਸਾਧਾਰਨ ਤੇ ਜਗਿਆਸੂ ਪਾਠਕ ਲਈ ਸੇਧ ਦੇਵੇਗੀ, ਉਥੇ ਖੋਜੀ ਪਾਠਕਾਂ ਲਈ ਵੀ ਮੁੱਢਲੀ ਲੋੜ ਪੂਰੀ ਕਰੇਗੀ।

ਇਨ੍ਹਾਂ ਸਾਖੀਆਂ ਨੂੰ ਪੁਸਤਕ ਰੂਪ ਦੇਣ ਵਿਚ ਬਹੁਤ ਸਾਰਿਆਂ ਦਾ ਸਹਿਯੋਗ ਰਿਹਾ, ਜਿਨ੍ਹਾਂ ਦਾ ਧੰਨਵਾਦ ਕਰਨਾ ਮੇਰਾ ਨੈਤਿਕ ਫ਼ਰਜ਼ ਬਣਦਾ ਹੈ। ਸਭ ਤੋਂ ਪਹਿਲਾਂ ਪਰਮ-ਪੁਰਖ ਪਰਮੇਸ਼ਰ ਦਾ ਸ਼ੁਕਰਗੁਜ਼ਾਰ ਹਾਂ ਜਿਸ ਨੇ ਅਲਪ-ਬੁੱਧੀ ਵਾਲੇ ਇਸ ਮਨੁੱਖ ਤੋਂ ਇਹ ਕਾਰਜ ਕਰਵਾਇਆ ਹੈ। ਰਿਣੀ ਹਾਂ, ਜਥੇਦਾਰ ਅਵਤਾਰ ਸਿੰਘ ਜੀ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ, ਜਿਨ੍ਹਾਂ ਨੇ ਵਿਦਵਤਾ ਭਰਪੂਰ ਅਤੇ ਹੌਸਲਾ-ਵਰਧਕ ਸੰਦੇਸ਼ ਲਿਖ ਕੇ ਦਾਸ ਨੂੰ ਨਿਵਾਜਿਆ ਹੈ। ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦਾ ਸਮੁੱਚਾ ਸਟਾਫ਼ ਮੇਰੇ ਧੰਨਵਾਦ ਦਾ ਪਾਤਰ ਹੈ। ਬੀਬਾ ਰਣਜੀਤ ਕੌਰ ਪੰਨਵਾਂ ਰੀਸਰਚ ਸਕਾਲਰ, ਬੀਬਾ ਕਿਰਨਦੀਪ ਕੌਰ ਰੀਸਰਚ ਸਕਾਲਰ ਨੇ ਵੀ ਇਸ ਕਾਰਜ ਵਿਚ ਸਹਿਯੋਗ ਦਿੱਤਾ, ਇਨ੍ਹਾਂ ਦਾ ਧੰਨਵਾਦੀ ਹਾਂ। ਸ. ਅਰਵਿੰਦਰ ਸਿੰਘ ਕੰਪਿਊਟਰ ਓਪਰੇਟਰ ਨੇ ਵੀ ਕਾਫ਼ੀ ਮਿਹਨਤ ਨਾਲ ਇਸ ਪੁਸਤਕ ਨੂੰ ਕੰਪੋਜ਼ ਕਰਨ ਦੀਆਂ ਸੇਵਾਵਾਂ ਨਿਭਾਈਆਂ, ਇਸ ਲਈ ਉਸ ਦਾ ਸ਼ੁਕਰਗੁਜਾਰ ਹਾਂ। ਸ. ਸਿਮਰਜੀਤ ਸਿੰਘ, ਸੰਪਾਦਕ, *ਗੁਰਮਤਿ ਪ੍ਰਕਾਸ਼,* ਜਿਨ੍ਹਾਂ ਦੇ ਸੁਝਾਅ ਅਨੁਸਾਰ ਇਹ ਸਾਖੀਆਂ ਲਿਖਣ ਦਾ ਕਾਰਜ ਸ਼ੁਰੂ ਕੀਤਾ ਸੀ, ਇਸ ਲਈ ਮੈਂ ਇਨ੍ਹਾਂ ਦਾ ਰਿਣੀ ਹਾਂ। ਪੜ੍ਹਨ-ਲਿਖਣ ਵੇਲੇ ਪਰਿਵਾਰਕ ਜ਼ਿੰਮੇਵਾਰੀਆਂ ਅਕਸਰ ਰੋਕ ਬਣਦੀਆਂ ਹਨ, ਇਨ੍ਹਾਂ ਜ਼ਿੰਮੇਵਾਰੀਆਂ ਤੋਂ ਕੁਝ ਰਾਹਤ ਦਿਵਾਉਣ ਲਈ ਮੇਰੀ ਧਰਮ-ਪਤਨੀ ਸਰਦਾਰਨੀ ਕੁਲਦੀਪ ਕੌਰ ਅਤੇ ਆਪਣੇ ਬੱਚਿਆਂ—ਪ੍ਰਭਕੀਰਤ ਸਿੰਘ ਤੇ ਜਗਤੇਸ਼ਵਰ ਸਿੰਘ—ਦਾ ਵੀ ਧੰਨਵਾਦ ਹੈ। ਇਸ ਪੁਸਤਕ ਵਿਚ ਰਹੀਆਂ ਕਮੀਆਂ ਮੇਰੇ ਅਗਿਆਨ ਜਾਂ ਗਿਆਨ ਵਿਚ ਕਮੀ ਹੋਣ ਕਰਕੇ ਹਨ। ਆਏ ਸੁਝਾਅ ਸਦਾ ਸਵਾਗਤਯੋਗ ਹੋਣਗੇ। ਭੁੱਲ ਚੁੱਕ ਮੁਆਫ਼ !

—ਦਾਸਰਾ

ਬਲਵਿੰਦਰ ਸਿੰਘ ਜੌੜਾਸਿੰਘਾ

ਗੁਰਮੁਖਿ ਬਾਲ ਸੁਭਾਇ ਉਦਾਸੀ

ਲਾਹੌਰ ਦਾ ਰਹਿਣ ਵਾਲਾ ਭਾਈ ਤਾਰੂ ਪੋਪਟ ਗੁਰੂ ਨਾਨਕ ਪਾਤਸ਼ਾਹ ਦੇ ਪ੍ਰਮੁੱਖ ਸਿੱਖਾਂ ਵਿੱਚੋਂ ਹੋਇਆ ਹੈ। ਬਾਲ ਉਮਰ ਵਿਚ ਹੀ ਜੀਵਨ ਦੇ ਮਨੋਰਥਾਂ ਬਾਰੇ ਚਿੰਤਤ ਹੋਣ ਲੱਗਾ। ਬਾਲ ਉਮਰ ਵਿਚ ਇਕ ਘਟਨਾ ਨੇ ਉਸ ਨੂੰ ਦੁਬਿਧਾ ਵਿਚ ਪਾ ਦਿੱਤਾ। ਉਹ ਆਪਣੀ ਮਾਤਾ ਨਾਲ ਕਰਤਾਰਪੁਰ ਵਿਖੇ ਪਾਤਸ਼ਾਹ ਦੇ ਦਰਸ਼ਨਾਂ ਲਈ ਆਇਆ। ਨਿਤਾਪ੍ਰਤਿ ਕੀਰਤਨ ਵੇਲੇ ਉਹ ਬਾਲਕ ਸੰਗਤ ਕਰਿਆ ਕਰੇ। ਰੋਜ਼ਾਨਾ ਸੰਗਤ ਵਿਚ ਆਵੇ ਤੇ ਭੋਗ ਉਪਰੰਤ ਜਾਵੇ। ਇਕ ਦਿਨ ਪਾਤਸ਼ਾਹ ਦੀ ਸਵੱਲੀ ਨਜ਼ਰ ਬਾਲਕ ਉੱਪਰ ਪਈ। ਬਾਲਕ ਵੀ ਆਪਣੇ ਮਨ ਵਿਚ ਦੁਬਿਧਾ ਲਈ ਫਿਰਦਾ ਸੀ। ਉਹ ਪਾਤਸ਼ਾਹ ਕੋਲ ਗਿਆ ਅਤੇ ਆਪਣੇ ਮਨ ਦੀ ਚਿੰਤਾ ਬਾਰੇ ਅਰਜ਼ ਕੀਤੀ, "ਹੇ ਪਾਤਸ਼ਾਹ! ਸੁਣਿਆ ਹੈ ਜੋ ਸੰਤਾਂ ਨੂੰ ਮਿਲਦਾ ਹੈ, ਉਸ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ। ਉਸ ਨੂੰ ਪਰਮੇਸ਼ਰ ਮਿਲਦਾ ਹੈ।" ਪਾਤਸ਼ਾਹ ਨੇ ਪੁੱਛਿਆ, "ਬੱਚੇ, ਤੇਰੀ ਤਾਂ ਹੱਸਣ, ਖੇਡਣ ਤੇ ਸੌਣ ਦੀ ਉਮਰ ਹੈ। ਤੂੰ ਤਾਂ ਘਰ-ਬਾਰੀ ਕੋਈ ਸੁਖ ਨਹੀਂ ਵੇਖਿਆ। ਸਾਨੂੰ ਇਹ ਤਾਂ ਦੱਸ, ਇੰਨੀ ਨਿੱਕੀ ਉਮਰੇ ਤੂੰ ਨਿਰੰਕਾਰ ਦੀ ਗੱਲ ਕਿਥੋਂ ਜਾਣੀ ਹੈ?" ਅੱਗੋਂ ਭਾਈ ਤਾਰੂ ਨੇ ਕਿਹਾ, "ਪਾਤਸ਼ਾਹ! ਮੇਰੀ ਮਾਈ ਅਗਨੀ ਜਲਾਵਣ ਲੱਗੀ ਸੀ। ਪਹਿਲਾਂ ਨਿੱਕੀਆਂ ਲੱਕੜਾਂ ਨੂੰ ਅੱਗ ਲੱਗੀ ਤੇ ਪਿੱਛੋਂ ਵੱਡੀਆਂ ਬਲੀਆਂ ਤਾਂ ਮੇਰੇ ਮਨ ਵਿਚ ਭਉ ਆਇਆ ਕਿ ਮੌਤ ਦਾ ਵਿਸਾਹ ਨਹੀਂ। ਕੀ ਜਾਣੀਏ ਜੋ ਛੋਟੇ ਨੂੰ ਪਹਿਲਾਂ ਮੌਤ ਆ ਜਾਵੇ, ਇਸ ਲਈ ਆਪਣੇ ਕਲਿਆਣ ਲਈ ਆਪ ਦੀ ਸ਼ਰਨ ਆਇਆ ਹਾਂ।" ਮਿਹਰਾਂ ਦੀ ਨਜ਼ਰ ਭਾਈ ਤਾਰੂ 'ਤੇ ਪਈ। ਬਚਨ ਹੋਇਆ, "ਭਾਈ ਤਾਰੂ! ਤੂੰ ਕੁਲ ਤਾਰੂ ਹੋਵੇਂਗਾ। ਧਰਮ ਦੀ ਕਿਰਤ ਕਰ ਕੇ, ਵੰਡ ਕੇ ਖਾਣਾ ਹੈ। ਜੋ ਸੁਆਸ ਅੰਦਰ ਆਵੇ ਤਾਂ ਵਾਹਿਗੁਰੂ ਜਪਣਾ। ਮਨ ਨੂੰ ਦਵੈਖ ਤੋਂ ਸ਼ੁੱਧ ਕਰਨਾ ਹੈ।" ਫਿਰ ਇਕ ਸਾਖੀ ਕਹੀ — ਇਕ ਰਾਜੇ ਨੇ ਕੱਚ ਦਾ ਮੰਦਰ ਬਣਾਇਆ। ਇਕ ਦੀਵਾਰ ਵਿਚ ਸੋਨੇ ਅਤੇ ਨਗਾਂ ਜੜੀਆਂ ਮੂਰਤਾਂ ਬਣਾਈਆਂ ਅਤੇ ਸਾਹਮਣੇ ਦੂਜੀ ਦੀਵਾਰ ਸ਼ੁੱਧ ਸ਼ੀਸ਼ੇ ਦੀ ਬਣਾਈ। ਸਭ ਮੂਰਤਾਂ ਸ਼ੀਸ਼ੇ ਵਿਚ ਭਾਸਣ ਲੱਗੀਆਂ। ਇਸ ਤਰ੍ਹਾਂ ਸ਼ੁੱਧ ਹਿਰਦੇ ਵਿਚ ਸਭ ਗੁਣ ਭਾਸਦੇ ਹਨ। ਇਸ ਨਾਲ ਭਾਈ ਤਾਰੂ ਪੋਪਟ

ਦਾ ਹਿਰਦਾ ਵੀ ਸ਼ੁੱਧ ਹੋ ਗਿਆ। ਭਾਈ ਤਾਰੂ ਜੀ ਪ੍ਰਭੂ ਦਾ ਭਜਨ ਕਰਦੇ ਹੋਏ, ਧਰਮ ਦੀ ਕਿਰਤ ਕਰਦੇ। ਆਏ ਗੁਰਸਿੱਖਾਂ ਦੀ ਟਹਿਲ-ਸੇਵਾ ਕਰਦੇ, ਸਭਨਾਂ ਨਾਲ ਪ੍ਰੇਮ ਕਰਦੇ, ਭੁੱਲਿਆਂ ਨੂੰ ਸਿੱਧੇ ਰਸਤੇ ਪਾਉਂਦੇ। ਇਸ ਤਰ੍ਹਾਂ ਭਾਈ ਤਾਰੂ ਜੀ ਬਾਲ ਉਮਰ ਵਿਚ ਹੀ ਜੀਵਨ ਦੀਆਂ ਰਮਜ਼ਾਂ ਸਮਝ ਕੇ ਜਿਥੇ ਆਪ ਤਰ ਗਏ, ਉਥੇ ਹੋਰਨਾਂ ਨੂੰ ਵੀ ਤਾਰਨ ਦੇ ਸਮਰੱਥ ਬਣ ਗਏ। ਕਿਹਾ ਜਾਂਦਾ ਹੈ ਕਿ ਬਾਬਰ ਦੇ ਹਮਲੇ ਸਮੇਂ ਲਾਹੌਰ ਵਿਖੇ ਅੱਗ ਲੱਗ ਗਈ। ਅੱਗ ਬਲਦੀ ਵੇਖ ਕੇ ਭਾਈ ਤਾਰੂ ਪੋਪਟ ਜੀ ਬਾਲਟੀ ਲੈ ਕੇ ਪਾਣੀ ਭਰ ਕੇ ਅੱਗ ਬੁਝਾਉਣ ਨੂੰ ਉੱਠ ਦੌੜੇ। ਲੋਕਾਂ ਕਿਹਾ, 'ਤਾਰੂ ਤੇਰੀ ਇਕ ਪਾਣੀ ਦੀ ਬਾਲਟੀ ਨਾਲ ਲੱਗੀ ਅੱਗ ਨਹੀਂ ਬੁੱਝਣੀ', ਤਾਂ ਭਾਈ ਤਾਰੂ ਪੋਪਟ ਜੀ ਨੇ ਨਿਮਰਤਾ ਨਾਲ ਜੁਆਬ ਦਿੱਤਾ, 'ਭਾਈ, ਇਸ ਨਾਲ ਮੇਰਾ ਕੋਈ ਸਰੋਕਾਰ ਨਹੀਂ, ਇਹ ਗੁਰੂ ਦਾ ਹੁਕਮ ਹੈ। ਇਸ ਲਈ ਅੱਗ ਲੱਗੀ ਵੇਖ ਕੇ ਬੁਝਾਉਣੀ ਹੈ।' ਇਹ ਸੁਣ ਕੇ ਹੋਰ ਵੀ ਬਹੁਤ ਸਾਰੇ ਬਾਲਟੀਆਂ ਭਰ ਕੇ ਅੱਗ ਬੁਝਾਉਣ ਲਈ ਉੱਠ ਤੁਰੇ। ਇਹ ਕਿਹਾ ਜਾ ਸਕਦਾ ਹੈ ਕਿ ਭਾਈ ਤਾਰੂ ਪੋਪਟ ਜੀ ਅੱਗ ਬੁਝਾਉਣ (Fire Brigade) ਦੇ ਨਿਰਮਾਤਾ ਵੀ ਹਨ। ਭਾਈ ਤਾਰੂ ਪੋਪਟ ਜੀ ਪ੍ਰਥਾਇ ਭਾਈ ਗੁਰਦਾਸ ਜੀ ਲਿਖਦੇ ਹਨ:

ਤਾਰੂ ਪੋਪਟੁ ਤਾਰਿਆ ਗੁਰਮੁਖਿ ਬਾਲ ਸੁਭਾਇ ਉਦਾਸੀ ॥

(ਵਾਰ 11:13)

ਸਿਖੀ ਸਿਖਿਆ ਗੁਰ ਵੀਚਾਰਿ

ਨਿਮਰਤਾ ਦੇ ਪੁੰਜ ਕੀੜ ਜਾਤ ਦੇ ਭਾਈ ਮੂਲਾ ਜੀ ਹੋਏ ਹਨ। ਸਤਿਗੁਰ ਨਾਨਕ ਜੀ ਭਾਈ ਮੂਲਾ ਜੀ ਨਾਲ ਬੜਾ ਪ੍ਰੇਮ ਕਰਦੇ ਸਨ। ਇਕ ਦਿਨ ਭਾਈ ਮੂਲਾ ਜੀ ਨੇ ਸਤਿਗੁਰ ਨਾਨਕ ਦੇਵ ਜੀ ਦੀ ਹਜ਼ੂਰੀ ਵਿਚ ਬੇਨਤੀ ਕੀਤੀ: "ਹੇ ਸਤਿਗੁਰ ਜੀਉ! ਕਲਿਜੁਗ ਅੰਦਰ ਸਿੱਖੀ ਦੀ ਮਰਯਾਦਾ ਕੀ ਹੈ ? ਕੋਈ ਐਸਾ ਉਪਦੇਸ਼ ਕਰੋ ਕਿ ਜਨਮ ਮਰਨ ਤੋਂ ਮੁਕਤੀ ਪ੍ਰਾਪਤ ਹੋ ਜਾਵੇ।" ਕਲਿਜੁਗ ਦੇ ਤਾਰਕ ਸਤਿਗੁਰੂ ਨਾਨਕ ਜੀ ਨੇ ਫ਼ੁਰਮਾਇਆ, "ਹੇ ਭਾਈ! ਕਲਿਜੁਗ ਵਿਚ ਸਿੱਖੀ ਮਰਯਾਦਾ ਇਹ ਹੈ ਕਿ ਜੋ ਸਿੱਖ ਹੋਵੇ ਸੋ ਜੂਏ ਤੇ ਵੇਸਵਾ ਦਾ ਤਿਆਗ ਕਰੇ। ਸਿੱਖਾਂ ਨੂੰ ਗੁਰੂ ਦਾ ਰੂਪ ਕਰ ਜਾਣੇ। ਸ਼ਬਦ ਨਾਲ ਪ੍ਰੀਤ ਕਰੇ। ਸ਼ਬਦ ਤੇ ਗੁਰੂ ਨੂੰ ਇਕ ਰੂਪ ਜਾਣੇ। ਰਾਗ ਪਾਇ ਕਰ ਸ਼ਬਦ ਨੂੰ ਗਾਵੇ। ਧਰਮ ਦੀ ਕਿਰਤ ਕਰੇ ਤੇ ਸਿੱਖਾਂ ਨੂੰ ਤਨ, ਮਨ, ਧਨ ਕਰਕੇ ਰੀਝਾਵੇ ਤੇ ਪੜਦਾ ਢਕੇ।" ਸੋ ਭਾਈ ਮੂਲੇ ਕੀੜ ਨੇ ਗੁਰ-ਉਪਦੇਸ਼ ਨੂੰ ਪੱਲੇ ਬੰਨ੍ਹ ਲਿਆ। ਕੋਈ ਗੁਰਸਿੱਖ, ਦਿਨ ਜਾਂ ਰਾਤ ਨੂੰ ਆਵੇ, ਸਭ ਨੂੰ ਉਸ ਦੀ ਲੋੜ ਅਨੁਸਾਰ ਲੰਗਰ ਪ੍ਰਸ਼ਾਦ ਦਿੰਦੇ। ਬਸਤ੍ਰਾਂ ਦੀ ਲੋੜ ਵਾਲੇ ਨੂੰ ਬਸਤ੍ਰ ਦਿੰਦੇ। ਕਰਨੀ ਰੱਬ ਦੀ, ਇਕ ਠੱਗ ਸ਼ਬਦ- ਬਾਣੀ ਕੰਠ ਕਰ ਕੇ ਭਾਈ ਮੂਲਾ ਕੀੜ ਦੇ ਘਰ ਆਇਆ। ਭਾਈ ਮੂਲਾ ਨੇ ਬਾਣੀ ਦਾ ਪ੍ਰੇਮੀ ਤੇ ਗੁਰਸਿੱਖ ਜਾਣ ਕੇ ਬਹੁਤ ਟਹਿਲ-ਸੇਵਾ ਕੀਤੀ। ਰਾਤ ਹੋਈ ਤਾਂ ਭਾਈ ਮੂਲਾ ਦੀ ਪਤਨੀ ਆਪਣੇ ਜ਼ੇਵਰ ਆਦਿ ਲਾਹ ਕੇ ਡੱਬੇ ਵਿਚ ਰੱਖ ਕੇ ਸੌਂ ਗਈ। ਭਾਈ ਜੀ ਵੀ ਸੁੱਤੇ ਹੋਏ ਸਨ। ਤਾਂ ਸੁੱਤੇ ਪਿਆਂ ਠੱਗ ਜੇਵਰਾਂ ਦਾ ਡੱਬਾ ਲੈ ਕੇ ਉੱਠ ਤੁਰਿਆ। ਹਵੇਲੀ ਦੇ ਬਾਹਰਲੇ ਦਰਵਾਜ਼ੇ ਨੂੰ ਤਾਲਾ ਲੱਗਾ ਹੋਇਆ ਸੀ ਤੇ ਚਾਬੀ ਭਾਈ ਮੂਲੇ ਕੋਲ ਸੀ। ਉਸ ਨੇ ਭਾਈ ਮੂਲੇ ਨੂੰ ਕਿਹਾ ਕਿ ਮੈਨੂੰ ਚਾਬੀ ਦਿਉ, ਮੈਂ ਰਮਣੇ ਜਾਂਦਾ ਹਾਂ। ਭਾਈ ਮੂਲੇ ਨੇ ਕਿਹਾ ਕਿ ਏਥੇ ਰਮਣੇ ਫਿਰੋ, ਮੈਂ ਸੁੱਟ ਦੇਵਾਂਗਾ ਤੇ ਨਾਲੇ ਇਸ਼ਨਾਨ ਵੀ ਕਰਵਾ ਦਿਆਂਗਾ। ਪਰ ਠੱਗ ਨੇ ਬਾਹਰ ਜਾਣ ਦੀ ਜ਼ਿੱਦ ਕੀਤੀ। ਭਾਈ ਮੂਲੇ ਨੇ ਤਾਲਾ ਖੋਲ੍ਹ ਦਿੱਤਾ, ਪਰ ਡਰਦੇ ਮਾਰੇ ਠੱਗ ਦੀ ਬਗਲੀ ਵਿੱਚੋਂ ਡੱਬਾ ਡਿੱਗ ਪਿਆ। ਭਾਈ ਮੂਲੇ ਨੇ ਡੱਬਾ ਫਿਰ ਉਠਾ ਕੇ ਪਕੜਾ ਦਿੱਤਾ। ਸਵੇਰੇ ਭਾਈ ਮੂਲੇ ਦੀ ਘਰਵਾਲੀ ਨੇ ਵੇਖਿਆ ਕਿ ਜ਼ੇਵਰਾਂ ਵਾਲਾ ਡੱਬਾ ਨਹੀਂ ਹੈ ਤਾਂ ਉਸ ਨੇ ਭਾਈ

ਮੂਲੇ ਨੂੰ ਕਿਹਾ, "ਲੱਗਦੈ ਰਾਤੀਂ ਘਰੇ ਚੋਰ ਆਇਆ ਤੇ ਉਹ ਡੱਬਾ ਲੈ ਗਿਐ।" ਭਾਈ ਮੂਲੇ ਨੇ ਆਪਣੀ ਘਰਵਾਲੀ ਨੂੰ ਹੋਰ ਜ਼ੇਵਰ ਬਣਾ ਦਿੱਤੇ ਤਾਂ ਕਿ ਸਿੱਖ ਦੀ ਬਦਨਾਮੀ ਨਾ ਹੋਵੇ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਦੋਂ ਇਸ ਵਾਰਤਾ ਦਾ ਪਤਾ ਲੱਗਾ ਤਾਂ ਬਹੁਤ ਪ੍ਰਸੰਨ ਹੋਏ ਤੇ ਬਚਨ ਕੀਤਾ, "ਤੁਧ ਮੇਰਾ ਪੜਦਾ ਢਕਿਆ ਹੈ, ਤੇਰਾ ਪੜਦਾ ਗੁਰੂ ਢਕੇਗਾ। ਤੁਧ ਸ਼ਬਦ ਨੂੰ ਤੇ ਗੁਰੂ ਨੂੰ ਇੱਕੋ ਰੂਪ ਜਾਣਿਆ। ਇਸ ਵਾਸਤੇ ਸ਼ਬਦ ਨੂੰ ਸਤਿਗੁਰ ਹਿਰਦਾ ਜਾਣ ਕੇ ਸੁਣਨਾ ਅਤੇ ਮੰਨਣਾ ਹੈ, ਤੇਰਾ ਉੱਧਾਰ ਹੋਵੇਗਾ।"

ਭਾਈ ਗੁਰਦਾਸ ਜੀ ਨੇ ਭਾਈ ਮੂਲੇ ਕੀੜ ਜੀ ਨੂੰ ਆਚਰਣ ਵਾਲਾ, ਗੁਰੂ ਦਾ ਦਾਸ ਤੇ ਪ੍ਰੇਮੀ ਸਿੱਖ ਕਿਹਾ ਹੈ:

ਮੂਲਾ ਕੀੜੁ ਵਖਾਣੀਐ ਚਲਿਤੁ ਅਚਰਜ ਲੁਭਤਿ ਗੁਰਦਾਸੀ॥

(ਵਾਰ 11:13)

ਅਣਮੰਗਿਆ ਦਾਨੁ ਦੀਜੈ ਦਾਤੇ ਤੇਰੀ ਭਗਤਿ ਭਰੇ ਭੰਡਾਰਾ

ਕਲਿਜੁਗ ਵਿਚ ਸੰਸਾਰ ਦੇ ਪ੍ਰਾਣੀ-ਮਾਤਰ ਨੂੰ ਨਿਸਤਾਰਨ ਲਈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਰਤਾਰਪੁਰ ਰਹਿਮਤਾਂ ਵਰਤਾ ਰਹੇ ਸਨ। ਦੋ ਸਿੱਖ ਭਾਈ ਪਿਰਥਾ ਤੇ ਭਾਈ ਖੇਡਾ ਸੋਇਰੀ (ਸੁਇਨੀ) ਗੋਤ ਦੇ ਖੱਤਰੀ ਗੁਰ-ਦਰਬਾਰ ਦਰਸ਼ਨਾਂ ਨੂੰ ਆਏ। ਉਨ੍ਹਾਂ ਪਾਤਸ਼ਾਹ ਦੇ ਚਰਨਾਂ 'ਤੇ ਮੱਥਾ ਟੇਕਿਆ। ਅੱਗੇ ਬਾਣੀ ਦੀ ਵਿਚਾਰ ਚੱਲ ਰਹੀ ਸੀ। ਦੋਨੋਂ ਹਜ਼ੂਰ ਪਾਸ ਬੈਠ ਗਏ। ਗੁਰ-ਸ਼ਬਦ ਕੰਨੀਂ ਪੈਣ ਨਾਲ ਮਨ ਟਿਕ ਗਿਆ। ਦੋਨੋਂ ਇਕਾਗਰ-ਚਿਤ ਹੋ ਗਏ। ਦੋਹਾਂ ਦਾ ਉਦੇਸ਼ ਮਨ ਜੋੜਨਾ ਸੀ ਜੋ ਉਸੇ ਵੇਲੇ ਜੁੜ ਗਿਆ। ਜਦੋਂ ਸ਼ਬਦ ਸਮਾਪਤ ਹੋਇਆ ਤੇ ਗੱਲਬਾਤ ਦਾ ਸਮਾਂ ਆਇਆ ਤਾਂ ਸਤਿਗੁਰਾਂ ਪੁੱਛਿਆ, "ਭਾਈ! ਜਿਹੜੀ ਕਾਮਨਾ ਲੈ ਕੇ ਆਏ ਹੋ ਸੋ ਪੁੱਛੋ?" ਭਾਈ ਪਿਰਥਾ ਜੀ ਨੇ ਅਰਦਾਸ ਬੇਨਤੀ ਕੀਤੀ, "ਗ਼ਰੀਬ ਨਿਵਾਜ਼ ਪਾਤਸ਼ਾਹ! ਸਾਨੂੰ ਆਪਣੇ ਚਰਨਾਂ ਦੀ ਸ਼ਰਨ ਵਿਚ ਰੱਖੋ। ਏਥੇ ਸੁਖ ਦੀ ਬਖ਼ਸ਼ਿਸ਼ ਕਰੋ। ਬਸ, ਏਹੀ ਦਾਨ ਦਿਉ। ਇਹ ਸੰਸਾਰ ਅਸਾਰ ਹੈ, ਬੇਖ਼ਬਰ ਹੈ, ਗ਼ਾਫ਼ਿਲ ਹੈ। ਜਿਵੇਂ ਦਿੱਸਦਾ ਹੈ, ਉਹ ਨਹੀਂ ਹੈ। ਸੋ, ਮਨ ਨੂੰ ਤ੍ਰਿਪਤੀ ਹੁਣ ਆਈ ਹੈ। ਇਹ ਬਣੀ ਰਹੇ। ਹੋਰ ਕੁਝ ਦੀ ਕਾਮਨਾ ਨਹੀਂ। ਜਿਵੇਂ ਆਪ ਨੇ ਬਚਨ ਕੀਤਾ ਹੈ:

ਅਣਮੰਗਿਆ ਦਾਨੁ ਦੀਜੈ ਦਾਤੇ ਤੇਰੀ ਭਗਤਿ ਭਰੇ ਭੰਡਾਰਾ॥

(ਆਸਾ ਮ: ੧, ਪੰਨਾ 437)

ਤੇਰੀ ਭਗਤੀ ਦੇ ਭੰਡਾਰ ਕਦੇ ਨਿਖੁੱਟਦੇ ਨਹੀਂ, ਕਦੇ ਮੁੱਕਦੇ ਨਹੀਂ। ਪਹਿਲਾਂ ਵੀ ਸਿੱਖ ਖਾ ਕੇ ਅਨੰਦ-ਪ੍ਰਸੰਨ ਸਨ, ਹੁਣ ਵੀ ਖਾਂਦੇ ਹਨ, ਅੱਗੋਂ ਵੀ ਖਾਂਦੇ ਰਹਿਣਗੇ। ਸਾਨੂੰ ਇਹੀ ਦਾਨ ਬਖ਼ਸ਼ੋ ਜੋ ਆਪ ਦਾ ਹੁਕਮ ਸਾਨੂੰ ਮਿੱਠਾ ਲੱਗੇ। ਹੋਰ ਮੰਗਣ ਦੀ ਆਸ ਨਵਿਰਤ ਹੋਵੇ, ਮੁੱਕ ਜਾਵੇ! ਬਸ, ਆਪ ਦੇ ਚਰਨਾਂ ਦੀ ਸ਼ਰਨ ਰਹੀਏ।" ਇਹ ਸੁਣ ਕੇ ਸਤਿਗੁਰਾਂ ਨੇ ਉਪਦੇਸ਼ ਕੀਤਾ, "ਤੁਸੀਂ ਚਰਨ-ਸ਼ਰਨ ਮੰਗੀ ਹੈ, ਮੇਰੇ ਚਰਨ ਸਾਧ ਸੰਗਤਿ ਵਿਚ ਸਦਾ ਰਹਿੰਦੇ ਹਨ। ਤੁਸੀਂ ਸਾਧ ਸੰਗਤਿ ਦੀ ਸੇਵਾ ਕਰਨੀ ਹੈ। ਧਰਮਸਾਲ (ਗੁਰਦੁਆਰੇ) ਦੋਵੇਂ ਵੇਲੇ ਜਾਣਾ ਹੈ। ਸਾਧ ਸੰਗਤਿ, ਸਤਿਗੁਰ ਤੇ ਵਾਹਿਗੁਰੂ ਜੀ ਵਿਚ ਕੋਈ ਭੇਦ ਨਹੀਂ

ਜਾਣਨਾ! ਤੁਸੀਂ ਇਸ ਸਮੇਂ ਸ਼ਬਦ ਸੁਣ ਕੇ ਜੁੜੇ ਹੋ। ਸ਼ਬਦ ਸੁਣ ਕੇ ਸਦਾ ਜੁੜੇ ਰਹੋਗੇ। ਸ਼ਬਦ ਦੀ ਕਮਾਈ ਕਰੋਗੇ ਤਾਂ ਸ਼ਬਦ ਨਾਲ ਮਿਲੋਗੇ। ਸਰੀਰ ਤਾਂ ਸਰਗੁਣ ਰੂਪ ਹੈ। ਸ਼ਬਦ ਨਿਰਗੁਣ ਰੂਪ ਹੈ। ਸਰੀਰ ਨਾਲ ਜੁੜੋਗੇ ਤਾਂ ਫਿਰ ਵਿਛੜੋਗੇ। ਸ਼ਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ।" ਇਸ ਤਰ੍ਹਾਂ ਨਾਮ-ਦਾਨ ਦੀ ਬਖ਼ਸ਼ਿਸ਼ ਭਾਈ ਪਿਰਥਾ ਤੇ ਭਾਈ ਖੇਡਾ 'ਤੇ ਕਰ ਕੇ ਹੋਰ ਉਪਦੇਸ਼ ਕੀਤਾ, "ਧਰਮ ਦੀ ਕਿਰਤ ਕਰਨੀ ਤੇ ਲੋੜਵੰਦ ਨਾਲ ਵੰਡ ਕੇ ਖਾਣਾ ਹੈ।" ਦੋਹਾਂ ਨੇ ਸਤਿਗੁਰਾਂ ਦੇ ਹੁਕਮ ਅਨੁਸਾਰ ਘਾਲ-ਕਮਾਈ ਕੀਤੀ ਤੇ ਭਵਜਲ ਤੋਂ ਤਰ ਗਏ। ਭਾਈ ਗੁਰਦਾਸ ਜੀ ਨੇ ਇਨ੍ਹਾਂ ਸੰਬੰਧੀ ਉਲੇਖ ਕਰਦਿਆਂ ਕਿਹਾ ਹੈ:

ਪਿਰਥਾ ਖੇਡਾ ਸੋਇਰੀ ਚਰਣ ਸਰਣ ਸੁਖ ਸਹਜਿ ਨਿਵਾਸੀ ॥

(ਵਾਰ 11:13)

ਭਲਾ ਰਬਾਬ ਵਜਾਇੰਦਾ

ਦੀਨ ਦੁਨੀਆਂ ਦੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਬੈਠੇ ਹੋਏ ਸਨ। ਇਕ ਡੂਮ ਨੇ ਆ ਕੇ ਰਬਾਬ ਵਜਾਇਆ ਤੇ ਰਾਗ ਅਲਾਪਿਆ। ਉਸ ਦਾ ਰਾਗ ਸੁਣ ਕੇ ਸਾਹਿਬ ਬੜੇ ਪ੍ਰਸੰਨ ਹੋਏ। ਪਾਤਸ਼ਾਹ ਨੇ ਪੁੱਛਿਆ, "ਕੀ ਨਾਂ ਹੈ ਤੇਰਾ ?" "ਜੀ ਮੇਰਾ ਨਾਂ ਦਾਨਾ ਮਰਾਸੀ ਲੋਕ ਕਹਿੰਦੇ ਹਨ।" ਸਾਹਿਬਾਂ ਨੇ ਫ਼ੁਰਮਾਨ ਕੀਤਾ, "ਤੂੰ ਰਬਾਬ ਚੰਗੀ ਵਜਾਉਂਦਾ ਏਂ, ਰਾਗ ਦੀ ਵੀ ਤੈਨੂੰ ਸੋਝੀ ਹੈ, ਪਰ ਜੇ ਤੂੰ ਅਸਾਡਾ ਸੰਗ ਕਰੇਂ ਅਤੇ ਇਹ ਰਾਗ ਸ਼ਬਦ ਨਾਲ ਗਾਵੇਂ ਤਾਂ ਅਸੀਂ ਤੇਰਾ ਦੀਨ ਦੁਨੀਆਂ ਵਿਚ ਉੱਧਾਰ ਕਰੀਏ।" ਮਰਦਾਨੇ ਨੇ ਕਿਹਾ, "ਜੀ, ਅਸੀਂ ਤਾਂ ਧਨੀ ਲੋਕਾਂ ਨੂੰ ਰਾਗ ਸੁਣਾ ਕੇ ਚਾਰ ਪੈਸੇ ਕਮਾਉਂਦੇ ਹਾਂ ਤੇ ਧੀਆਂ ਪੁੱਤਰਾਂ ਵਿਚ ਬੈਠ ਕੇ ਦੁਨੀਆਂ ਦੀ ਗੁਜ਼ਰਾਨ ਕਰਦੇ ਹਾਂ। ਪੰਜ ਵੇਲੇ ਨਮਾਜ਼ ਪੜ੍ਹਦੇ ਹਾਂ, ਤੀਹ ਰੋਜ਼ੇ ਰਮਜ਼ਾਨ ਨੂੰ ਰੱਖਦੇ ਹਾਂ। ਇਸ ਨਾਲ ਸਾਡਾ ਦੀਨ ਦਾ ਭਲਾ ਹੁੰਦਾ ਹੈ। ਤੁਹਾਡੇ ਨਾਲ ਲੱਗਾਂਗਾ ਤਾਂ ਪਰਿਵਾਰ ਭੁੱਖ ਨਾਲ ਮਰ ਜਾਏਗਾ। ਨਮਾਜ਼ ਨਾ ਪੜ੍ਹੀ, ਰੋਜ਼ੇ ਨਾ ਰੱਖੇ ਤਾਂ ਦੀਨ ਤੇ ਦੁਨੀ ਦੋਨੋਂ ਵਿਅਰਥ ਜਾਣਗੇ। ਫਿਰ ਉੱਧਾਰ ਕਿਸ ਤਰ੍ਹਾਂ ਹੋਇਆ ?" ਮਿਹਰਾਂ ਦੇ ਦਾਤੇ ਨੇ ਕਿਹਾ, "ਭਾਈ ਦਾਨਿਆਂ, ਤੂੰ ਤਾਂ ਦਿਵਾਨਾ ਹੋਇਆ ਹੈਂ। ਸਾਰੀ ਸ੍ਰਿਸ਼ਟੀ ਦਾ ਪਾਲਣਹਾਰ ਤਾਂ ਨਿਰੰਕਾਰ ਕਰਦਾ ਹੈ ਕਿ ਤੂੰ ਕਰਦਾ ਹੈਂ ? ਇਹ ਦਿਵਾਨਿਆਂ ਦੀ ਬਿਰਤੀ ਹੈ ਜੋ ਤੂੰ ਆਪਣੇ ਸਿਰ ਰਿਸ਼ਤੇਦਾਰਾਂ ਦਾ ਭਾਰ ਚੁੱਕ ਲਿਆ ਹੈ। ਸਭਨਾਂ ਜੀਆਂ ਦਾ ਪਾਲਣ ਵਾਹਿਗੁਰੂ ਕਰਦਾ ਹੈ। ਤੂੰ ਕਿਹਾ ਕਿ ਰੋਜ਼ੇ ਤੇ ਨਮਾਜ਼ ਨਾਲ ਮੇਰਾ ਭਲਾ ਹੋਵੇਗਾ ਤਾਂ ਦੱਸ ਰੋਜ਼ੇ ਤੇ ਨਮਾਜ਼ ਦਾ ਅਰਥ ਕੀ ਹੈ ? ਕਿੰਨੇ ਵੇਲੇ ਰੋਜ਼ਾ ਤੇ ਨਮਾਜ਼ ਸੰਸਾਰ ਵਿਚ ਆਉਂਦਾ ਹੈ।" ਤਾਂ ਅੱਗੋਂ ਡੂਮ ਨੇ ਕਿਹਾ ਕਿ ਜੀ ਰੋਜ਼ੇ, ਨਮਾਜ਼ ਦਾ ਅਰਥ ਤਾਂ ਮੈਂ ਜਾਣਦਾ ਨਹੀਂ, ਕੇਵਲ ਇਹੀ ਜਾਣਦਾ ਹਾਂ ਕਿ ਪੰਜ ਵੇਰਾਂ ਨਮਾਜ਼ ਕਰਨੀ ਹੈ ਤੇ ਇਕ ਮਹੀਨਾ ਰਮਜ਼ਾਨ ਤੇ ਰੋਜ਼ੇ ਸਾਲ ਦੇ ਸਾਲ ਆਉਂਦੇ ਹਨ। ਪਾਤਸ਼ਾਹ ਨੇ ਕਿਹਾ, "ਹੋਰ ਸਮੇਂ ਨਮਾਜ਼ ਤੇ ਰੋਜ਼ੇ ਕਿਥੇ ਰਹਿੰਦੇ ਹਨ ?" ਤਾਂ ਮਰਦਾਨੇ ਨੇ ਕਿਹਾ, "ਜੀ, ਉਹ ਖ਼ੁਦਾ ਦੇ ਘਰ ਰਹਿੰਦੇ ਹਨ।" ਫਿਰ ਪਾਤਸ਼ਾਹ ਨੇ ਬਚਨ ਕੀਤਾ, "ਖ਼ੁਦਾ ਦਾ ਘਰ ਕਿਥੇ ਹੈ ?" ਤਾਂ ਅੱਗੋਂ ਉਸ ਨੇ ਕਿਹਾ,

"ਜੀ, ਮੈਂ ਨਹੀਂ ਵੇਖਿਆ।" ਤਾਂ ਗੁਰੂ ਪਿਤਾ ਨੇ ਕਿਹਾ, "ਖ਼ੁਦਾ ਦਾ ਘਰ ਸੰਤਾਂ ਦਾ ਹਿਰਦਾ ਹੈ ਅਤੇ ਸੰਤ ਖ਼ੁਦਾ ਦੇ ਹਿਰਦੇ ਵਿਚ ਵੱਸਦੇ ਹਨ। ਜੋ ਸਵਾਸ-ਸਵਾਸ ਵਾਹਿਗੁਰੂ ਦਾ ਨਾਮ ਜਪਦੇ ਹਨ, ਨਮਾਜ਼ ਸਦਾ ਉਨ੍ਹਾਂ ਦੇ ਹਿਰਦੇ ਵਿਚ ਵੱਸਦੀ ਹੈ ਅਤੇ ਨਮਾਜ਼ ਪੰਜ ਵੇਲੇ ਜਗਤ ਵਿਚ ਆਉਂਦੀ ਹੈ। ਜੋ ਗੁਰਮੁਖ ਪੁਰਸ਼ ਸੰਜਮ ਨਾਲ ਅਹਾਰ ਕਰਦੇ ਹਨ, ਉਨ੍ਹਾਂ ਦੇ ਘਰ ਸਦਾ ਰੋਜ਼ੇ ਰਹਿੰਦੇ ਹਨ। ਜੋ ਸਤਿਪੁਰਖਾਂ ਦਾ ਸੰਗ ਕਰਦੇ ਹਨ, ਉਨ੍ਹਾਂ ਨੂੰ ਸੰਜਮ ਪ੍ਰਾਪਤ ਹੁੰਦਾ ਹੈ। ਉਨ੍ਹਾਂ ਨੂੰ ਵੀ ਨਮਾਜ਼ ਤੇ ਰੋਜ਼ੇ ਦਾ ਫਲ ਮਿਲਦਾ ਹੈ।" ਇਹ ਸੁਣ ਕੇ ਮਰਦਾਨੇ ਡੂੰਮ ਨੇ ਕਿਹਾ, "ਪਾਤਸ਼ਾਹ ਜੀ, ਜੋ ਨਮਾਜ਼ ਤੇ ਰੋਜ਼ੇ ਦਾ ਅਰਥ ਦੱਸਿਆ ਹੈ, ਉਸ ਬਾਰੇ ਅਸਾਂ ਨੂੰ ਵੀ ਕ੍ਰਿਪਾ ਕਰਕੇ ਸੋਝੀ ਦਿਉ ?" ਸਤਿਗੁਰਾਂ ਨੇ ਬਚਨ ਕਰਦਿਆਂ ਕਿਹਾ, "ਭਾਈ ਦਾਨਿਆਂ! ਜਿਸ ਵੇਲੇ ਪਰਲੋ ਆਵੇਗੀ ਤਾਂ ਸਭ ਖੜੇ ਹੋਣਗੇ ਅਤੇ ਨਿਰੰਕਾਰ ਪੁੱਛੇਗਾ ਕਿ ਤੁਹਾਨੂੰ ਮਨੁੱਖਾ ਜਨਮ ਦਿੱਤਾ ਸੀ ਤੇ ਸਭ ਪਦਾਰਥ ਦਿੱਤੇ ਸਨ। ਚੌਵੀ ਹਜ਼ਾਰ ਸਵਾਸ ਰੋਜ਼ ਅਜਾਈਂ ਜਾਂਦਾ ਸੀ। ਤੁਸੀਂ ਨਾਮ ਬਾਣੀ ਦਾ ਭਜਨ ਕਿਉਂ ਨਹੀਂ ਕੀਤਾ ? ਉਮਰ ਬਿਰਥੀ ਕਿਉਂ ਗਵਾਈ ? ਇਸ ਦਾ ਜਦੋਂ ਦੰਡ ਮਿਲਿਆ ਤਾਂ ਪਛਤਾਵੋਗੇ। ਉਸ ਵਕਤ ਪੀਰ, ਮੁਰਸ਼ਦ, ਪੈਗ਼ੰਬਰ ਵੀ ਉਥੋਂ ਇਕ ਪਾਸੇ ਹੋਣਗੇ। ਉਨ੍ਹਾਂ ਅੱਗੇ ਬੇਨਤੀ ਕਰੋਗੇ ਕਿ ਅਸੀਂ ਤੁਹਾਡੇ ਮੁਰੀਦ ਹੋਏ ਸੀ। ਹੁਣ ਸਾਨੂੰ ਛਡਾਵਹੁ। ਅੱਗੋਂ ਪੀਰ ਕਹਿਣਗੇ ਕਿ ਜਦੋਂ ਤੁਹਾਡੇ ਸਰੀਰ ਅਰੋਗ ਸਨ, ਅਸੀਂ ਤੁਹਾਨੂੰ ਪੁਕਾਰ ਕੇ ਕਹਿੰਦੇ ਸੀ ਕਿ ਤੁਸੀਂ ਨਿਰੰਕਾਰ ਦਾ ਭਜਨ ਕਰੋ, ਪਰਮੇਸ਼ਰ ਨਮਿਤ ਦਾਨ ਦੇਵੋ, ਸਤਿਪੁਰਖਾਂ ਦੀ ਸੇਵਾ ਕਰੋ। ਉਸ ਸਮੇਂ ਸਾਡਾ ਕਹਿਣਾ ਨਹੀਂ ਮੰਨਿਆ ਅਤੇ ਆਪਣੇ ਕੁਟੰਬੀਆਂ ਨੂੰ ਮਿੱਤਰ ਸਮਝਿਆ, ਹੁਣ ਵੀ ਉਨ੍ਹਾਂ ਨੂੰ ਕਹੋ। ਦੂਜੇ ਪਾਸੇ ਤੁਹਾਡੇ ਕੁਟੰਬੀ ਸਜ਼ਾ ਪਾ ਰਹੇ ਹੋਣਗੇ ਤੇ ਉਹ ਕਹਿਣਗੇ ਅਸੀਂ ਤਾਂ ਕਰਮਾਂ ਦੇ ਫੜੇ ਹੋਏ ਹਾਂ ਤਾਂ ਤੁਸੀਂ ਦੋਹਾਂ ਪਾਸਿਆਂ ਤੋਂ ਨਿਰਾਸ਼ ਹੋ ਕੇ ਪ੍ਰਭੂ ਅੱਗੇ ਹੱਥ ਅੱਡੋਗੇ ਕਿ ਹੇ ਨਿਰੰਕਾਰ! ਹੁਣ ਬਖ਼ਸ਼ ਲੈ। ਇਸ ਵਾਸਤੇ ਜੇ ਹੁਣ ਤੂੰ ਮਰਦਾਨਾ ਹੋਵੇਂ ਅਤੇ ਸੰਤਾਂ ਦਾ ਸੰਗ ਕਰੇਂ ਅਤੇ ਸ਼ਬਦ/ਰਾਗ ਨਾਲ ਗਾਵੇਂ ਤਾਂ ਅਸੀਂ ਤੇਰਾ ਲੋਕ ਤੇ ਪਰਲੋਕ ਦਾ ਕਾਰਜ ਕਰਾਂਗੇ।" ਅੱਗੋਂ ਡੂੰਮ ਨੇ ਕਿਹਾ, "ਪਾਤਸ਼ਾਹ! ਜਿਵੇਂ ਆਪ ਦੀ ਰਜ਼ਾ ਹੋਵੇ!" ਪਾਤਸ਼ਾਹ ਨੇ ਬਚਨ ਕੀਤਾ, "ਅਸਾਂ ਤੇਰਾ ਨਾਂ ਮਰਦਾਨਾ ਰੱਖਿਆ ਹੈ। ਵਾਹਿਗੁਰੂ ਦਾ ਭਜਨ ਕਰ। ਤੇਰੀ ਅਤੇ ਪਰਿਵਾਰ ਦੀ ਖ਼ਬਰ ਅਸੀਂ ਲਵਾਂਗੇ।" ਮਰਦਾਨਾ ਪਾਤਸ਼ਾਹ ਦੀ ਚਰਨੀਂ ਢਹਿ ਪਿਆ। ਫਿਰ ਪਾਤਸ਼ਾਹ ਨੇ ਫ਼ੁਰਮਾਨ ਕੀਤਾ :

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥

ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥

(ਵਾਰ ਮਾਝ, ਮ: ੧, ਪੰਨਾ 141)

ਪਾਤਸ਼ਾਹ ਨੇ ਨਮਾਜ਼ ਦੇ ਅਰਥ ਸਮਝਾਉਂਦਿਆਂ ਆਖਿਆ, "ਮਰਦਾਨਿਆਂ! ਪਹਿਲੀ ਨਮਾਜ਼ ਸੱਚ ਬੋਲਣਾ ਤੇ ਸੱਚ ਕਮਾਉਣਾ ਹੈ। ਦੂਜੀ ਨਮਾਜ਼ ਧਰਮ ਦੀ ਕਿਰਤ ਕਰ ਕੇ ਖਾਣਾ ਹੈ ਅਤੇ ਮਨ ਨੂੰ ਸਤਿਗੁਰ ਦੇ ਬਚਨਾਂ ਦੀ ਕਦਰ ਕਰਨ ਲਈ ਪ੍ਰੇਰਨਾ ਹੈ। ਤੀਜੀ ਨਮਾਜ਼ ਸਭਨਾਂ ਦਾ ਭਲਾ ਚਿਤਵਨਾ ਹੈ ਅਤੇ ਪਰਮੇਸ਼ਵਰ ਦੇ ਨਮਿਤ ਵੰਡ ਕੇ ਖਾਣਾ ਹੈ। ਚੌਥੀ ਨਮਾਜ਼ ਮਨਸ਼ਾ ਸ਼ੁੱਧ ਰੱਖਣੀ ਹੈ ਕਿ ਕਿਸ ਤਰ੍ਹਾਂ ਪ੍ਰਭੂ ਦੇ ਨਾਮ ਦੀ ਪ੍ਰਤੀਤ ਪ੍ਰਾਪਤ ਹੋਵੇਗੀ। ਪੰਜਵੀਂ ਨਮਾਜ਼ ਇਹ ਹੈ ਕਿ ਜੋ ਸੁਆਸ ਹਨ, ਉਹ ਨਿਰੰਕਾਰ ਦੀ ਸਿਫ਼ਤ ਵਿਚ ਗੁਜ਼ਾਰਨੇ ਹਨ। ਸਮਾਂ ਚੰਗੇ ਕੰਮ ਕਰਦਿਆਂ ਬਤੀਤ ਕਰਨਾ ਹੈ ਅਤੇ ਸਤਿਪੁਰਖਾਂ ਦੀ ਟਹਿਲ ਸੇਵਾ ਕਰਨੀ ਹੈ। ਇਹੀ ਕਲਮਾ ਹੈ ਜੋ ਇਹ ਪੜ੍ਹੇਗਾ, ਉਹ ਨਰਕ ਵਿਚ ਨਹੀਂ ਜਾਵੇਗਾ।"

ਇਹ ਬਚਨ ਸੁਣ ਕੇ ਭਾਈ ਮਰਦਾਨਾ ਨਿਹਾਲ ਹੋਇਆ ਅਤੇ ਉਹ ਪਾਤਸ਼ਾਹ ਦੇ ਨਾਲ ਦੁਨੀਆਂ ਨੂੰ ਨਿਸਤਾਰਨ ਲਈ ਤੁਰ ਪਿਆ। ਭਾਈ ਗੁਰਦਾਸ ਜੀ ਨੇ ਭਾਈ ਮਰਦਾਨੇ ਬਾਰੇ ਇਸ ਤਰ੍ਹਾਂ ਲਿਖਿਆ ਹੈ:

ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ ॥

(ਵਾਰ 11:13)

ਸ਼ਬਦ ਦਾ ਅਭਿਆਸ

ਸ੍ਰੀ ਗੁਰੂ ਨਾਨਕ ਸਾਹਿਬ ਮਿਹਰਾਂ ਦੇ ਦਾਤਾ ਆਪਣੀ ਰਹਿਮਤ ਦੀ ਬਾਰਸ਼ ਕਰਤਾਰਪੁਰ ਵਿਚ ਕਰ ਰਹੇ ਸਨ। ਤਿੰਨ ਜਗਿਆਸੂ ਭਾਈ ਪ੍ਰਿਥੀ ਮੱਲ, ਭਾਈ ਸਹਿਗਲ ਤੇ ਭਾਈ ਰਾਮਾ ਡਿੱਡੀ ਪਾਤਸ਼ਾਹ ਦੇ ਦਰਸ਼ਨਾਂ ਨੂੰ ਆਏ। ਸਤਿਗੁਰਾਂ ਦੇ ਚਰਨੀਂ ਲੱਗ ਕੇ ਅਰਦਾਸ ਕੀਤੀ, "ਪਾਤਸ਼ਾਹ! ਅਸਾਨੂੰ ਕੋਈ ਸੁਖਾਲਾ ਰਸਤਾ ਦੱਸੋ, ਜਿਸ ਦੀ ਅਸੀਂ ਭਗਤੀ ਕਰ ਕੇ ਅਕਾਲ ਪੁਰਖ ਨਾਲ ਇਕ-ਰੂਪ ਹੋ ਜਾਈਏ।"

ਪਾਤਸ਼ਾਹ ਨੇ ਕਿਹਾ, "ਭਾਈ! ਤਪ ਕਰੋ।" ਉਨ੍ਹਾਂ ਕਿਹਾ, "ਅਸੀਂ ਤਾਂ ਗ੍ਰਿਹਸਥੀ ਆਦਮੀ ਹਾਂ, ਕੰਮਾਂ-ਕਾਰਾਂ ਵਾਲੇ; ਤਪ ਕਰਨਾ ਤਿਆਗੀਆਂ ਦਾ ਕੰਮ ਹੈ, ਵਿਹਲੜਾਂ ਦਾ ਕਾਰਜ ਹੈ। ਸਾਨੂੰ ਤਾਂ ਕੋਈ ਸੌਖਾ ਰਸਤਾ ਦੱਸੋ ?" ਪਾਤਸ਼ਾਹ ਬੋਲੇ, "ਭਾਈ! ਪਰਮਾਰਥ ਵੀ ਵਿੱਦਿਆ ਹੈ। ਇਸ ਨੂੰ ਸਮਝੋ। ਤੁਸੀਂ ਤਿੰਨ ਗੁਣਾਂ (ਤਮੋ, ਰਜੋ, ਸਤੋ) ਬਾਰੇ ਸੁਣਿਆ ਹੋਵੇਗਾ। ਕੀ ਕਦੇ ਕੋਈ ਇਨ੍ਹਾਂ ਦਾ ਲਾਭ-ਹਾਨ ਵੀ ਸਮਝਿਆ ਹੈ ?" ਭਾਈ ਰਾਮੇ ਨੇ ਕਿਹਾ, "ਅਸੀਂ ਤਾਂ ਕਾਰ-ਵਿਹਾਰਾਂ ਵਿਚ ਰਹਿੰਦੇ ਹਾਂ। ਕਦੀ-ਕਦੀ ਮੌਤ ਦਾ ਡਰ ਜ਼ਰੂਰ ਲੱਗਦਾ ਹੈ ਕਿ ਇਹ ਅਟੱਲ ਤੇ ਸਤਿ ਹੈ। ਮਰਨਾ ਜ਼ਰੂਰ ਹੈ ਪਰ ਅਸੀਂ ਜੋ ਜੀਉ ਰਹੇ ਹਾਂ, ਪੰਡਾਂ ਢੋਅ ਰਹੇ ਹਾਂ। ਰੋਜ਼-ਰੋਜ਼ ਉਹੀ ਵਿਹਾਰ, ਉਹੀ ਭੋਗ, ਉਹੀ ਪਿਆਰ, ਉਹੀ ਵੈਰ, ਉਹੀ ਝਗੜੇ ਤੇ ਟਾਂਟੇ; ਬਚਪਨ ਵਿਚ ਪਾਲਣਾ-ਪੋਸਣਾ, ਚਪੇੜਾਂ, ਝਿੜਕਾਂ; ਜੁਆਨੀ ਵਿਚ ਭੋਗਾਂ ਦੇ ਰਸ; ਬੁਢਾਪੇ ਸਮੇਂ ਟੁੱਟੀ ਤੇ ਖੁੱਸੀ ਤਾਕਤ ਦਾ ਰੋਣਾ, ਭੋਗਾਂ ਤੇ ਵਿਜੋਗਾਂ ਦੇ ਸੰਸੇ ਤੇ ਕੀਰਨੇ; ਇਸ ਸਭ ਕੁਝ ਤੋਂ ਛੁਟਕਾਰੇ ਵਾਸਤੇ ਸੋਝੀ ਲਈ ਤੁਰੇ ਤਾਂ ਪਤਾ ਲੱਗਾ ਕਿ ਜਗਤ-ਮਾਲਕ ਤੇ ਪਾਲਕ ਨਿਰੰਕਾਰ ਸਦਾ ਸੁਖੀ ਹੈ। ਉਸ ਨੂੰ ਪ੍ਰਾਪਤ ਕੀਤਿਆਂ ਸਦਾ ਸੁਖ ਮਿਲਦਾ ਹੈ। ਇਸ ਲਈ ਪਾਤਸ਼ਾਹ! ਆਪ ਜੀ ਦਾ ਜੱਸ ਸੁਣ ਕੇ ਆਏ ਹਾਂ ਕਿ ਆਪ ਕਲਿਜੁਗ ਵਿਚ ਉਸ ਦਾ ਰੂਪ ਹੋ ਕੇ ਆਏ ਹੋ, ਸਾਡੇ ਉੱਤੇ ਵੀ ਮਿਹਰ ਕਰੋ।" ਸਾਹਿਬਾਂ ਨੇ ਫ਼ੁਰਮਾਇਆ, "ਭਾਈ! ਤਿੰਨਾਂ ਗੁਣਾਂ ਨੂੰ ਆਪਣੇ ਜੀਵਨ ਦੇ ਵਰਤਾਰੇ ਵਿਚ ਤੱਕੋ ਤੇ ਵਿਵੇਕ ਨਾਲ ਉਨ੍ਹਾਂ ਦੀ ਵਰਤੋਂ ਕਰੋ ਤਾਂ ਉਸ ਤੋਂ ਉੱਚੇ ਉੱਠ ਜਾਓਗੇ। ਉਥੇ ਸਦਾ ਸੁਖ ਹੈ।" ਭਾਈ ਸਹਿਗਲ ਨੇ ਕਿਹਾ, "ਹਜ਼ੂਰ

ਪਿਤਾ! ਮਿਹਰ ਕਰੋ, ਸਾਨੂੰ ਵੀ ਸੁਣਾਉ, ਸਮਝਾਉ ਤੇ ਸਿਖਾਓ।" ਇਸ 'ਤੇ ਗੁਰੂ ਨਾਨਕ ਸਾਹਿਬ ਜੀ ਨੇ ਬਚਨ ਕਰਦਿਆਂ ਕਿਹਾ, "ਭਾਈ! ਆਦਮੀ ਤਿੰਨ ਗੁਣਾਂ ਵਿਚ ਵਰਤਦਾ ਹੈ। ਇਸ ਦੇ ਕਰਮ ਤਿੰਨਾਂ ਗੁਣਾਂ ਵਿਚ ਹਨ। ਇਹ ਕਦੇ ਤਮੋ ਗੁਣੀ, ਕਦੇ ਰਜੋ ਗੁਣੀ ਤੇ ਕਦੇ ਸਤੋ ਗੁਣੀ ਕਾਰਜ ਕਰਦਾ ਹੈ। ਇਸੇ ਤਰ੍ਹਾਂ ਤਪ ਵੀ ਤਿੰਨ ਤਰ੍ਹਾਂ ਦਾ ਹੈ—ਤਮੋ ਗੁਣੀ, ਰਜੋ ਗੁਣੀ ਤੇ ਸਤੋ ਗੁਣੀ। ਪਹਿਲਾ—ਸਰੀਰ ਨੂੰ ਨੰਗਿਆਂ ਰੱਖ ਕੇ, ਪਾਲਾ ਕੱਕਰ ਜਾਂ ਗਰਮੀ ਸਹਾਰ ਕੇ, ਭੁੱਖਿਆਂ ਰੱਖ ਕੇ, ਅਗਨੀ ਦੀਆਂ ਧੂਣੀਆਂ ਜਾਂ ਜਲ ਵਿਚ ਬਿਠਾ ਕੇ ਕੀਤੀ ਘਾਲਣਾ ਜਾਂ ਸਹਾਰੇ ਕਸ਼ਟ ਤਮੋ ਗੁਣ ਜਾਂ ਤਾਮਸੀ ਤਪ ਹੈ। ਇਸ ਵਿਚ ਤਪੀ ਕਾਮਨਾ ਧਾਰਦਾ ਹੈ। ਉਸ ਨੂੰ ਰਿਧੀਆਂ-ਸਿਧੀਆਂ ਫੁਰਦੀਆਂ ਹਨ। ਇਹ ਬਹੁਤ ਕਠਨ ਤਪ ਹੈ। ਇਸ ਤਪ ਸਮੇਂ ਤਪੀਆਂ ਵਿਚ ਕ੍ਰੋਧ ਵੱਧਦਾ ਤੇ ਕਾਮ ਵੀ ਫੁਰਦਾ ਹੈ। ਦੂਜਾ—ਰਾਜਸੀ ਜਾਂ ਰਜੋ ਗੁਣੀ ਤਪ ਹੈ। ਜਿਸ ਰਾਹੀਂ ਅੱਖਾਂ ਨੂੰ ਵਿਕਾਰੀ ਦ੍ਰਿਸ਼ਟੀ ਵੱਲੋਂ ਮੋੜਨਾ ਹੁੰਦਾ ਹੈ। ਕੰਨਾਂ ਨੂੰ ਨਿੰਦਿਆ, ਚੁਗਲੀ ਤੇ ਈਰਖਾ ਸੁਣਨੋਂ ਵਰਜਣਾ ਹੈ। ਹੱਥਾਂ ਨੂੰ ਬੁਰੇ ਕੰਮ ਕਰਨ ਵੱਲੋਂ ਹੋੜਿਆ ਜਾਂਦਾ ਹੈ। ਪੈਰਾਂ ਨੂੰ ਮੰਦੇ ਰਾਹਾਂ 'ਤੇ ਜਾਣੋਂ ਹਟਾਇਆ ਜਾਂਦਾ ਹੈ। ਰਸਨਾ ਨੂੰ ਝੂਠੇ, ਨਿੰਦਾ ਭਰੇ ਤੇ ਕੌੜੇ ਬੋਲ ਬੋਲਣ ਤੋਂ ਹਟਾਇਆ ਜਾਂਦਾ ਹੈ। ਸਰੀਰ ਨੂੰ ਅਰਥ (ਮਾਇਆ) ਦੇ ਭੋਗਾਂ ਤੋਂ ਰੋਕਿਆ ਜਾਂਦਾ ਹੈ। ਇਸ ਦੀ ਥਾਂ ਅੱਖਾਂ ਨੂੰ ਭਲੇ ਤੇ ਗੁਣੀ ਮਨੁੱਖ ਦੇ ਦਰਸ਼ਨ, ਕੰਨਾਂ ਰਾਹੀਂ ਸਤਿ-ਬਾਣੀ, ਕੀਰਤਨ ਸੁਣਨ ਤੇ ਰਸਨਾ ਨਾਲ ਮਿੱਠੇ ਤੇ ਸੱਚੇ ਬਚਨ ਬੋਲਣਾ ਹੈ। ਹੱਥਾਂ ਨੇ ਮਨੁੱਖਤਾ ਦੀ ਸੇਵਾ ਤੇ ਦਾਨ ਕਰਨਾ ਹੈ। ਪੈਰ ਨਾਲ ਸਤਿਸੰਗਤ ਵਿਚ ਜਾਇਆ ਜਾਂਦਾ ਹੈ। ਮਾੜੇ ਕੰਮਾਂ ਨੂੰ ਛੱਡ ਕੇ ਚੰਗੇ ਕੰਮਾਂ ਨਾਲ ਜੁੜਨ ਲਈ ਯਤਨ ਹੁੰਦਾ ਹੈ। ਤੀਸਰਾ—ਸਤੋ ਗੁਣ ਤਪ ਹੈ। ਇਸ ਨੂੰ ਸਾਤਕੀ ਤਪ ਵੀ ਕਿਹਾ ਜਾਂਦਾ ਹੈ। ਇਸ ਦਾ ਭਾਵ ਹੈ ਕਿ ਜੇ ਤੁਸੀਂ ਗੁਰਮਤਿ ਦੇ ਰਸਤੇ 'ਤੇ ਤੁਰੋਗੇ ਤਾਂ ਦੋ ਵਸਤੂਆਂ ਤੁਹਾਨੂੰ ਪ੍ਰਾਪਤ ਹੋਣਗੀਆਂ—ਨਾਮ ਤੇ ਸਿਫ਼ਤਿ-ਸਾਲਾਹ। ਅਕਾਲ ਪੁਰਖ ਦਾ ਨਾਮ ਜਪੋਗੇ, ਸਿਮਰੋਗੇ ਤੇ ਮਨ ਅਤੇ ਪ੍ਰਾਣਾਂ ਵਿਚ ਵਸਾਉਗੇ ਤਾਂ ਅੰਤ ਨਾਮੀ ਨੂੰ ਪਾ ਲਵੋਗੇ। ਸੱਚੇ ਪਰਵਦਗਾਰ ਦੀ ਸਿਫ਼ਤਿ-ਸਾਲਾਹ ਨਾਲ ਬਾਣੀ ਦਾ ਦਾਨ ਮਿਲੇਗਾ। ਉਸ ਨੂੰ ਪੜ੍ਹ ਕੇ ਵਿਚਾਰਨ ਨਾਲ ਮਨ ਦੀ ਮੈਲ ਕੱਟੀ ਜਾਵੇਗੀ। ਮਨ ਵਿਚ ਨਿਰਮਲਤਾ ਆਏਗੀ। ਇਸ ਨਾਲ ਤਿੰਨ ਗੁਣਾਂ ਤੋਂ ਉੱਚੇ ਉੱਠ ਜਾਵੋਗੇ ਤੇ ਸਦਾ ਸੁਖ ਪ੍ਰਾਪਤ ਕਰੋਗੇ। ਮਨੁੱਖਾ-ਜਨਮ ਦਾ ਲਾਹਾ ਲੈਣ ਲਈ ਆਪਣੇ ਮੂਲ ਨੂੰ ਪਛਾਨਣਾ ਹੈ। ਸਰੀਰ ਦਾ ਮੂਲ ਮਨ ਹੈ। ਮਨ ਦਾ ਮੂਲ ਆਤਮਾ ਹੈ। ਆਤਮਾ ਦਾ ਮੂਲ ਪਰਮਾਤਮਾ ਹੈ। ਪਰਮਾਤਮਾ ਰਸ ਰੂਪ, ਸਤਿ ਸਰੂਪ ਤੇ ਪਰਮ ਅਨੂਪ ਹੈ। ਸਰਬ-ਕਾਲੀ, ਸਰਬ-ਦੇਸੀ ਤੇ ਸਰਬ-ਸ਼ਕਤੀਮਾਨ ਹੈ।

ਜੀਵ ਨੇ ਉਸ ਮੂਲ ਵਿਚ ਮਿਲਣਾ ਹੈ। ਉਸ ਤੋਂ ਦੂਰੀ ਜਾਂ ਵਿੱਥ ਕਰ ਕੇ ਹੀ ਜੀਵ ਦੁੱਖਾਂ ਦਾ ਭਾਗੀ ਬਣਦਾ ਹੈ। ਇਸ ਰਾਹੇ ਤੁਰਨਾ ਹੈ ਤਾਂ ਨਾਮ-ਬਾਣੀ ਧਾਰਨ ਕਰੋ ਤੇ ਆਪਣੀਆਂ ਇੰਦਰੀਆਂ ਨੂੰ ਸਤਿ ਵੱਲ ਲਗਾਉ; ਭਗਤੀ ਕਰੋ, ਤੁਹਾਡੀ ਕਲਿਆਣ ਹੋਵੇਗੀ! ਤੁਹਾਨੂੰ ਸਰਬ ਸੁਖ ਤੇ ਸਦਾ ਸੁਖ ਪ੍ਰਾਪਤ ਹੋ ਜਾਵੇਗਾ।" ਪਾਤਸ਼ਾਹ ਦੇ ਨਿਰਮਲ ਉਪਦੇਸ਼ ਸੁਣ ਕੇ ਭਾਈ ਪ੍ਰਿਥੀ ਮੱਲ, ਭਾਈ ਸਹਿਗਲ ਅਤੇ ਭਾਈ ਰਾਮਾ ਡਿੱਡੀ ਗੁਰਾਂ ਦੇ ਚਰਨੀਂ ਪੈ ਗਏ ਤੇ ਬੇਨਤੀ ਕੀਤੀ, "ਪਾਤਸ਼ਾਹ! ਨਾਮ ਦੀ ਦਾਤ ਬਖ਼ਸ਼ੋ।" ਬਖ਼ਸ਼ਿਸ਼ਾਂ ਦੇ ਮਾਲਕ ਪਾਤਸ਼ਾਹਾਂ ਦੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਨੇ ਤਿੰਨਾਂ ਨੂੰ ਨਾਮ ਦੀ ਰਹਿਮਤ ਕਰ ਦਿੱਤੀ ਤੇ ਨਾਲ ਹੀ ਕਿਹਾ, "ਸਤਿਸੰਗਤ ਵਿਚ ਪੁੱਜ ਕੇ ਨਾਮ ਜਪਣਾ ਹੈ। ਗ੍ਰਿਹਸਤ ਵਿਚ ਰਹਿਣਾ, ਸ਼ਬਦ ਦਾ ਅਭਿਆਸ ਵੀ ਕਰਨਾ ਹੈ।" ਤਿੰਨਾਂ ਸਿੱਖਾਂ ਨੇ ਗੁਰੂ ਨਾਨਕ ਸਾਹਿਬ ਦੇ ਘਰ ਦੀ ਸਿੱਖਿਆ-ਦੀਖਿਆ ਲੈ ਕੇ ਆਪਣੇ ਪਰਿਵਾਰ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਹੋਰ ਬਹੁਤ ਸਾਰਿਆਂ ਨੂੰ ਗੁਰਮਤਿ ਗਾਡੀ ਰਾਹ 'ਤੇ ਪਾਇਆ। ਇਸ ਤਰ੍ਹਾਂ ਉਨ੍ਹਾਂ 'ਲੋਕ ਸੁਖੀਆ ਤੇ ਪਰਲੋਕ ਸੁਹੇਲਾ' ਕਰ ਲਿਆ। ਸ਼ਬਦ ਦੇ ਅਭਿਆਸ ਕਰਕੇ ਉਨ੍ਹਾਂ ਨੂੰ 'ਭਗਤਿ ਅਭਿਆਸੀ' ਕਿਹਾ ਜਾਂਦਾ ਸੀ। ਭਾਈ ਗੁਰਦਾਸ ਜੀ ਇਨ੍ਹਾਂ ਤਿੰਨ ਗੁਰਸਿੱਖਾਂ ਪ੍ਰਥਾਇ ਸਤਿਕਾਰ ਵਜੋਂ ਲਿਖਦੇ ਹਨ :

ਪਿਰਥੀ ਮਲੁ ਸਹਗਲੁ ਭਲਾ ਰਾਮਾ ਡਿਡੀ ਭਗਤਿ ਅਭਿਆਸੀ ॥

(ਵਾਰ 11:13)

ਕਥਾ ਤੇ ਕੀਰਤਨ

ਭਾਈ ਮਾਲੋ ਅਤੇ ਭਾਈ ਮਾਂਗਾ ਗੁਰੂ ਨਾਨਕ ਪਾਤਸ਼ਾਹ ਦੇ ਵਰੋਸਾਏ ਸਿੱਖ ਸਨ। ਦੋਵੇਂ ਕੀਰਤਨ ਤੇ ਕਥਾ ਬੜੇ ਪਿਆਰ ਨਾਲ ਕਰਦੇ ਹੁੰਦੇ ਸਨ। ਦੋਵੇਂ ਜਣੇ ਇਕ ਦਿਨ ਪਾਤਸ਼ਾਹ ਦੇ ਦਰਸ਼ਨਾਂ ਨੂੰ ਆਏ। ਭਾਈ ਮਾਲੋ ਤੇ ਭਾਈ ਮਾਂਗਾ ਦੋਵਾਂ ਰਲ ਕੇ ਨਿਰੰਕਾਰ ਸਰੂਪ ਪਾਤਸ਼ਾਹ ਅੱਗੇ ਅਰਜ਼ ਕੀਤੀ, "ਪਾਤਸ਼ਾਹ ਹਜ਼ੂਰ! ਅਸਾਂ ਨੂੰ ਕੋਈ ਉਪਦੇਸ਼ ਦੇਵੋ ਜਿਸ ਨਾਲ ਸਾਡੇ ਜੀਵਨ ਦਾ ਉਧਾਰ ਹੋ ਜਾਵੇ। ਸਾਡਾ ਜਨਮ-ਮਰਨ ਕੱਟਿਆ ਜਾਵੇ।" ਪਾਤਸ਼ਾਹ ਨੇ ਬਚਨ ਕੀਤਾ, "ਮਨ ਤੇ ਇੰਦਰੀਆਂ ਨੂੰ ਕਾਬੂ ਵਿਚ ਰੱਖਣਾ ਹੈ। ਇਸ ਲਈ ਪ੍ਰਭੂ ਦੀ ਭਗਤੀ ਕਰਨੀ ਹੈ। ਕਥਾ ਤੇ ਕੀਰਤਨ ਕਰਨਾ ਹੈ। ਜੀਵ ਤਾਮਸੀ ਤਪ ਕਰਕੇ ਕਰਮ ਕਰਦਾ ਹੈ ਜੋ ਨਿਰਾਰਥਕ ਹਨ, ਜਿਵੇਂ ਅਗਨੀ ਤਪ ਕਰਕੇ ਸਰੀਰ ਨੂੰ ਅੱਗ ਨਾਲ ਸਾੜਨਾ, ਠੰਡੇ ਜਲ ਦੇ ਤਪ ਨਾਲ ਸਰੀਰ ਨੂੰ ਸੀਤ ਨਾਲ ਠਾਰਨਾ, ਉਰਧ ਤਪ (ਉਪਰ ਬਾਹਾਂ ਕਰ ਕੇ ਸੁਕਾ ਦੇਣੀਆਂ), ਪੁੱਠਾ ਲਟਕਣਾ, ਇਕ ਪੈਰ ਉੱਤੇ ਖਲੋਣਾ, ਜੰਗਲਾਂ ਵਿਚ ਰਹਿਣਾ ਅਤੇ ਕੰਦਮੂਲ ਖਾ ਕੇ ਗੁਜ਼ਾਰਾ ਕਰਨਾ, ਤੀਰਥ ਭ੍ਰਮਣ ਕਰ ਕੇ ਚੰਦ੍ਰਾਇਣੀ (ਇਕ ਤਰ੍ਹਾਂ ਦਾ ਵਰਤ ਜਿਸ ਵਿਚ ਚੰਦ੍ਰਮਾ ਦੇ ਘਟਣ-ਵਧਣ ਅਨੁਸਾਰ ਇਕ ਗ੍ਰਾਹੀ ਮੋਰ ਦੇ ਅੰਡੇ ਜਿੰਨੀ ਤੋਂ ਸ਼ੁਰੂ ਕਰ ਕੇ ਘਟਾਈ-ਵਧਾਈ ਜਾਂਦੀ ਹੈ) ਤਪ ਆਦਿ ਤਾਮਸੀ ਤਪ ਹੈ ਅਤੇ ਕਠਨ ਹਨ:

ਅਗਨਿ ਤਾਪਨਾ ਜਲ ਮਹਿ ਰਹਿਨੋ।
ਬ੍ਰਤ ਕਰਨੋ ਸੀਤੋਸ਼ਨ ਸਹਿਨੋ।
ਊਰਧ ਬਾਹੁ /ਅਧੋ ਸਿਰ ਕਰਨਾ।
ਖਰੇ ਹੋਨਿ ਚਿਰ ਲੌ ਇਕ ਚਰਨਾ॥੫॥
ਕੰਦ ਮੂਲ ਚੁਨਿ ਖਾਵਨੇ, ਤੀਰਥ ਤੀਰ ਨਿਵਾਸ।
ਭੂਮਿ ਭਰਮ, ਚੰਦ੍ਰਾਇਣੀ, ਤਮ ਗੁਣ ਏ ਤਪ ਰਾਸ॥੬॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅਧਿ: 43, ਜਿਲਦ ਚੌਥੀ, ਪੰਨਾ 1125)

ਇਸ ਵਾਸਤੇ ਸੌਖੇ ਕਰਮ ਕਰਨ ਦੀ ਲੋੜ ਹੈ। ਸੌਖੇ ਕਰਮਾਂ ਵਿਚ ਇੰਦਰੀਆਂ ਤੇ ਮਨ ਨੂੰ ਇਕਾਗਰ ਕਰ ਕੇ ਕਥਾ ਤੇ ਕੀਰਤਨ ਵਿਚ ਧਿਆਨ ਲਾ ਕੇ ਗਾਉਣਾ ਤੇ ਸੁਣਨਾ ਹੈ। ਇਨ੍ਹਾਂ ਦਾ ਫਲ ਵੱਡਾ ਅਤੇ ਖੇਚਲ ਥੋੜ੍ਹੀ ਹੈ।" ਅੱਗੋਂ ਭਾਈ

ਮਾਂਗੋ ਨੇ ਪੁੱਛਿਆ, "ਪਾਤਸ਼ਾਹ! ਅਸੀਂ ਤਾਂ ਸੁਣਿਆ ਸੀ ਕਿ ਜੋ ਵੱਡੀ ਮਿਹਨਤ ਕਰੇਗਾ ਸੋ ਵੱਡਾ ਫਲ ਪਾਵੇਗਾ, ਪਰ ਆਪ ਦਾ ਬਚਨ ਹੈ ਕਿ ਕਥਾ ਤੇ ਕੀਰਤਨ ਸੁਗਮ ਕਰਮ ਹੈ ਅਤੇ ਫਲ ਵੱਡਾ ਹੈ। ਇਹ ਸਾਡੀ ਅਲਪ ਮੱਤ ਜੀਵਾਂ ਦੀ ਸਮਝ 'ਚ ਨਹੀਂ ਆਉਂਦੀ। ਇਸ ਦਾ ਗਿਆਨ ਤਾਂ ਦੇਵੋ।" ਪਾਤਸ਼ਾਹ ਨੇ ਬਚਨ ਕੀਤਾ, "ਹੇ ਭਾਈ! ਜੋ ਲੱਕੜਹਾਰੇ ਲੱਕੜੀਆਂ ਲਿਆਉਂਦੇ ਹਨ ਤੇ ਪਾਂਡੀ ਪੰਡਾਂ ਲਿਆਉਂਦੇ ਹਨ, ਇਹ ਮਜ਼ੂਰੀ ਤਾਂ ਵੱਡੀ ਹੈ ਪਰ ਨਫ਼ਾ ਥੋੜ੍ਹਾ ਹੁੰਦਾ ਹੈ। ਦੂਜੇ ਜੋ ਲੂਣ ਅਤੇ ਅੰਨ ਦੀ ਹੱਟੀ ਕਰਦੇ ਹਨ, ਉਨ੍ਹਾਂ ਦੀ ਮਿਹਨਤ ਤਾਂ ਘੱਟ ਹੈ ਪਰ ਨਫ਼ਾ ਵਧੇਰੇ ਹੁੰਦਾ ਹੈ। ਸਰਾਫ਼ ਤੇ ਬਜਾਜ (ਕੱਪੜੇ ਵਾਲੇ) ਉਨ੍ਹਾਂ ਤੋਂ ਵੀ ਘੱਟ ਮਿਹਨਤ ਕਰਦੇ ਹਨ, ਗਹਿਣਿਆਂ ਤੇ ਰੁਪਇਆਂ ਦਾ ਸੌਦਾ ਕਰਦੇ ਹਨ ਅਤੇ ਨਫ਼ਾ ਬਹੁਤ ਹੁੰਦਾ ਹੈ। ਜੌਹਰੀ ਮੋਤੀ ਤੇ ਹੀਰਿਆਂ ਦਾ ਵਪਾਰ ਕਰਦੇ ਹਨ ਤੇ ਬੈਠੇ-ਬੈਠੇ ਹੀ ਉਨ੍ਹਾਂ ਨੂੰ ਬਹੁਤ ਜ਼ਿਆਦਾ ਲਾਭ ਹੁੰਦਾ ਹੈ। ਇਸ ਤਰ੍ਹਾਂ ਹੋਰ ਜੋ ਤਪ ਹਨ, ਉਨ੍ਹਾਂ ਨਾਲ ਸਰੀਰ ਨੂੰ ਕਸ਼ਟ ਜ਼ਿਆਦਾ ਹੁੰਦਾ ਹੈ, ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਕਥਾ-ਕੀਰਤਨ ਤੇ ਪੜ੍ਹਨ-ਸੁਣਨ ਨਾਲ ਪਹਿਲੇ ਤਾਂ ਉਪਾਸਨਾ ਦ੍ਰਿੜ੍ਹ ਹੁੰਦੀ ਹੈ, ਪਿੱਛੋਂ ਇਸ ਵਿੱਚੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ। ਇਸ ਲਈ ਇਸ ਨੂੰ ਸਾਤਕੀ ਤਪ ਕਿਹਾ ਜਾਂਦਾ ਹੈ।" ਪਾਤਸ਼ਾਹ ਦੇ ਇਹ ਬਚਨ ਭਾਈ ਮਾਲੋ ਤੇ ਭਾਈ ਮਾਂਗਾ ਨੇ ਦ੍ਰਿੜ੍ਹ ਕਰ ਲਏ। ਪਿੱਛੋਂ ਭਾਈ ਮਾਲੋ ਪੋਥੀ ਤੋਂ ਗੁਰੂ ਕੀ ਬਾਣੀ ਦੀ ਕਥਾ ਕਰਦੇ ਅਤੇ ਭਾਈ ਮਾਂਗਾ ਸਨਮੁਖ ਬੈਠ ਕੇ ਸਭ ਇੰਦਰੀਆਂ ਤੇ ਮਨ ਨੂੰ ਸੰਕੋਚ ਕੇ ਸੁਣਦੇ ਸਨ। ਫਿਰ ਦੋਵੇਂ ਮਿਲ ਕੇ ਕੀਰਤਨ ਕਰਦੇ ਸਨ। ਉਨ੍ਹਾਂ ਦੀ ਰਸਨਾ ਤੋਂ ਸਿੱਖਾਂ ਨੂੰ ਰਸ ਆਉਂਦਾ ਸੀ। ਸਭ ਸੰਗਤ ਉਨ੍ਹਾਂ ਦੇ ਕੀਰਤਨ ਤੋਂ ਅਨੰਦ ਮਾਣਦੀ ਸੀ। ਭਾਈ ਗੁਰਦਾਸ ਜੀ ਦਾ ਐਸਾ ਹੀ ਕਥਨ ਹੈ ਭਾਈ ਮਾਲੋ ਅਤੇ ਭਾਈ ਮਾਂਗਾ ਜੀ ਬਾਰੇ :

ਮਾਲੋ ਮਾਂਗਾ ਸਿਖ ਦੁਇ ਗੁਰਬਾਣੀ ਰਸਿ ਰਸਿਕ ਬਿਲਾਸੀ॥

(ਵਾਰ 11:13)

ਉਨ੍ਹਾਂ ਦੇ ਕਥਾ-ਕੀਰਤਨ ਦਾ ਇੰਨਾ ਅਨੰਦ ਆਉਂਦਾ ਸੀ ਕਿ ਜੋ ਕੋਈ ਸੁਣਦਾ ਸੀ, ਸਭ ਦੇ ਪਾਪ ਧੋਤੇ ਜਾਂਦੇ ਸਨ। ਦੋਵੇਂ ਧਰਮ ਦੀ ਕਿਰਤ ਕਰ ਕੇ, ਵੰਡ ਕੇ ਛਕਦੇ ਅਤੇ ਆਏ-ਗਏ ਸਿੱਖ ਦੀ ਟਹਿਲ-ਸੇਵਾ ਕਰਦੇ ਸਨ। ਇਸ ਤਰ੍ਹਾਂ ਦੋਹਾਂ ਦੀ ਸੇਵਾ ਨਾਲ ਸਾਰੇ ਹੀ ਇਲਾਕੇ ਦਾ ਕਲਿਆਣ ਹੋਇਆ। ਕਵੀ ਭਾਈ ਸੰਤੋਖ ਸਿੰਘ ਜੀ ਭਾਈ ਮਾਲੋ ਅਤੇ ਭਾਈ ਮਾਂਗਾ ਜੀ ਬਾਰੇ ਲਿਖਦੇ ਹਨ :

ਜੋ ਜੋ ਸਿਖ ਤਿਨ ਤੇ ਸੁਨਤਿ ਤਜਾਗਹਿ ਬ੍ਰਿੰਦ ਬਿਕਾਰ।
ਧਰਮ ਕ੍ਰਿੱਤ ਕਰਿ ਵੰਡਿ ਕੈ ਅਚਵਹਿ ਬਹੁਰ ਅਹਾਰ।

ਸਿਖ ਸੰਤ ਜਾਇ ਸੁ ਤਿਨਕੇ ਡੇਰੇ।
ਸੇਵਾ ਕਰਿਹੀਂ ਭਾਉ ਘਨੇਰੇ।
ਤਿਨਕੇ ਸਦਨ ਦੇਸ਼ ਜਿਸ ਮਾਂਹੀ।
ਭਾ ਉਧਾਰ ਬਹੁ ਨਰਨ ਤਹਾਂ ਹੀ॥੨੧॥
ਜਬਿ ਜਬਿ ਆਵਹਿਂ ਦਰਸ਼ਨ ਹੇਤਾ।
ਸ਼ਬਦ ਪਢਤਿ ਨਰ ਬ੍ਰਿੰਦ ਸਮੇਤਾ।
ਭਵਬੰਧਨ ਤੇ ਹੋਇ ਨਿਹਾਰੇ।
ਸੰਗੀ ਅਪਰ ਅਨੇਕ ਉਧਾਰੇ॥੨੨॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅਧਿ: 43, ਜਿਲਦ ਚੌਥੀ, ਪੰਨਾ 1126)

ਸਨਮੁਖ ਕੌਣ ਹੈ ?

ਭਾਈ ਕਾਲੂ ਜੀ, ਗੁਰੂ ਨਾਨਕ ਪਾਤਸ਼ਾਹ ਦੇ ਸਨਮੁਖ ਸਿੱਖ ਹੋਏ ਹਨ। ਜਦੋਂ ਪਾਤਸ਼ਾਹ ਦੀ ਸ਼ਰਨ ਕਰਤਾਰਪੁਰ ਆਏ ਤਾਂ ਮਨ ਵਿਚ ਬਹੁਤ ਸਾਰੇ ਪ੍ਰਸ਼ਨ ਸਨ। ਸਤਿਗੁਰਾਂ ਦੇ ਦਰਸ਼ਨ ਕੀਤਿਆਂ ਹਿਰਦਾ ਸ਼ਾਂਤ ਹੋ ਗਿਆ। ਪ੍ਰਸ਼ਨ ਮੁੱਕ ਗਏ। ਦਰਬਾਰ ਦੀ ਸੇਵਾ ਵਿਚ ਜੁੱਟ ਗਏ। ਇਕ ਦਿਨ ਸਮਾਂ ਪਾ ਕੇ ਪਾਤਸ਼ਾਹ ਨੂੰ ਪੁੱਛਿਆ, "ਗ਼ਰੀਬ ਨਿਵਾਜ਼! ਸਨਮੁਖ ਕਿਸ ਨੂੰ ਆਖਦੇ ਹਨ ਅਤੇ ਬੇਮੁਖ ਕੌਣ ਹੁੰਦਾ ਹੈ ?" ਨਰਾਇਣ ਰੂਪ ਪਾਤਸ਼ਾਹ ਨੇ ਬਚਨ ਕੀਤਾ, "ਹੇ ਭਾਈ ਕਾਲੂ! ਜੋ ਪਾਪਾਂ ਨੂੰ ਪਿੱਠ ਦਿੰਦੇ ਹਨ ਅਤੇ ਪੁੰਨਾਂ ਨੂੰ ਕਮਾਉਂਦੇ ਹਨ, ਸੋ ਸਨਮੁਖ ਹਨ। ਦੂਜਾ ਜੋ ਗੁਰੂ ਦੇ ਦਰਸ਼ਨ ਨੂੰ ਸਨਮੁਖ ਬੈਠ ਕੇ ਸੁਣੇ ਅਤੇ ਆਪਣੇ ਮਨ ਦੀ ਬਿਰਤੀ ਦਾ ਸਾਖੀ ਹੋਵੇ। ਹੇ ਭਾਈ! ਚਾਰ ਸਾਖੀਆਂ ਸਨਮੁਖਾਂ ਦੀਆਂ ਹਨ ਜਿਸ ਕਰਕੇ ਗੁਰੂ ਨੂੰ ਸਿੱਖ ਸਨਮੁਖ ਹੁੰਦੇ ਹਨ।" "ਪਾਤਸ਼ਾਹ ਜੀ! ਉਹ ਕਿਹੜੀਆਂ ਸਾਖੀਆਂ ਹਨ ?" ਬੇਨਤੀ ਕਰਦਿਆਂ ਭਾਈ ਕਾਲੂ ਨੇ ਕਿਹਾ। ਪਾਤਸ਼ਾਹ ਨੇ ਫ਼ੁਰਮਾਇਆ, "ਇਕ ਮੈਤ੍ਰੀ ਹੈ, ਦੂਜੀ ਕਰੁਣਾ ਹੈ, ਤੀਜੀ ਮੁਦਤਾ ਹੈ ਅਤੇ ਚੌਥੀ ਉਪੇਖਿਆ ਹੈ।" "ਜੀ ਪਾਤਸ਼ਾਹ! ਇਹ ਮੈਤ੍ਰੀ, ਉਪੇਖਿਆ ਕੀ ਹੈ ? ਅਸਾਂ ਨੂੰ ਨਹੀਂ ਪਤਾ, ਕਿਰਪਾ ਕਰੋ ਅਤੇ ਅਰਥ ਦੱਸ ਕੇ ਕ੍ਰਿਤਾਰਥ ਕਰੋ।" ਦੀਨ-ਦਇਆਲ ਪਾਤਸ਼ਾਹ ਨੇ ਕਿਹਾ ਕਿ "ਜੇ ਇਹ ਜੀਉ ਕਹੇ ਕਿ ਸਾਰੇ ਸੰਸਾਰ ਦੇ ਸੁਖ ਮੇਰੇ ਕੋਲ ਹੀ ਹੋਣ, ਪਰ ਅਜਿਹਾ ਤਾਂ ਨਹੀਂ ਹੋਵੇਗਾ। ਉਸ ਨੂੰ ਉਹੀ ਕੁਝ ਮਿਲੇਗਾ ਜੋ ਉਸ ਦੇ ਲੇਖੇ ਵਿਚ ਹੋਵੇਗਾ, ਪਰ ਜੇ ਸਭ ਸਿੱਖਾਂ ਨੂੰ ਆਪਣਾ ਮਿੱਤਰ ਕਰਕੇ ਜਾਣੇ। ਮਿੱਤਰ ਦੇ ਸੁਖ ਵੀ ਆਪਣੇ ਹੀ ਹੁੰਦੇ ਹਨ ਅਤੇ ਆਪਣੇ ਕੋਲ ਜੋ ਕੁਝ ਥੋੜ੍ਹਾ-ਬਹੁਤ ਧਨ-ਦੌਲਤ ਹੋਵੇ, ਵਿੱਦਿਆ ਦਾ ਕੋਈ ਗੁਣ ਹੋਵੇ ਤਾਂ ਵੀ ਮਿੱਤਰ ਸਮਝ ਕੇ ਵੰਡ ਕੇ ਛਕੇ। ਜੋ ਬੁੱਧ ਜਾਂ ਗਿਆਨ ਹੋਵੇ, ਉਸ ਤੋਂ ਮਿੱਤਰਾਂ ਨੂੰ ਲਾਭ ਹੋਵੇ, ਸੁਖ ਦੇਵੇ, ਇਹ ਮੈਤ੍ਰੀ ਹੈ":

ਪਿਖੈ ਸੁਖੀ ਕਿਹ ਨਿਜ ਸੁਖ ਜਾਨੈ।
ਪਰ ਸੁਖ ਦੇਖਿ ਨ ਇਰਖਾ ਠਾਨਹਿ।
ਬਿੱਦਯਾ ਕਿਧੋਂ ਦਰਬ ਨਿਜ ਪਾਸਾ।
ਤਿਹ ਸੋਂ ਪਰ ਕੋ ਦੇ ਸੁਖ ਰਾਸਾ॥੨੯॥

ਕਰਤਿ ਭਲਾਈ ਮੀਤ ਸੋਂ ਤਿਉਂ ਕੀਜੈ ਸਭਿ ਸੰਗ।
ਮੈਤ੍ਰੀ ਕੇ ਲੱਛਨ ਇਹੈ ਕਰੈ ਨ ਕਿਹ ਮਨ ਭੰਗ॥੨੯॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅਧਿ: 43, ਜਿਲਦ ਚੌਥੀ, ਪੰਨਾ 1127)

ਜੋ ਧਨ-ਦੌਲਤ ਹੁੰਦਿਆਂ ਨੀਵਾਂ ਹੋਵੇ, ਬੁੱਧ ਕਰਕੇ ਨੀਵਾਂ ਹੋਵੇ, ਵਿੱਦਿਆ ਕਰਕੇ ਨੀਵਾਂ ਹੋਵੇ ਅਤੇ ਬਲ ਕਰਕੇ ਨੀਵਾਂ ਹੋਵੇ, ਦੂਜੇ ਨੂੰ ਭਰਾ ਦਾ ਪੁੱਤ ਸਮਝ ਕੇ ਉਸ ਦੀ ਸਹਾਇਤਾ ਕਰੇ ਅਤੇ ਇਸ ਦਾ ਹੰਕਾਰ ਕਦੀ ਮਨ 'ਚ ਨਾ ਲਿਆਵੇ :

ਨਿਜ ਤੇ ਬਿੱਦਜਾ ਕੈ ਧਨ ਮਾਂਹੀ।
ਕੈ ਬਲ ਬਿਖੈ ਕਿ ਮਤਿ ਲਘੁ ਆਹੀ।
ਤਿਨ ਕੋ ਅਨੁਜ ਆਤਮ ਜਨਜਾਈ।
ਕਰਿ ਸਹਾਇਤਾ ਦੇਇ ਬਧਾਈ।
ਲਘੁ ਕੋ ਦੇਖਿ ਗਰਬ ਨਹਿਂ ਕਰਿਹੀਂ।
ਇਸ ਕੋ ਕਰੁਨਾ ਸੰਤ ਉਚਰਿਹੀਂ।

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅਧਿ: 43, ਜਿਲਦ ਚੌਥੀ, ਪੰਨਾ 1127)

ਤੀਸਰੇ, ਜੋ ਆਪਣੇ ਤੋਂ ਬੁੱਧੀ, ਗੁਣਾਂ ਅਤੇ ਗਿਆਨ ਕਰਕੇ ਵੱਡਾ ਹੋਵੇ ਉਸ ਨੂੰ ਵੇਖ ਕੇ, ਸੁਣ ਕੇ ਸਿੱਖ ਪ੍ਰਸੰਨ ਹੋਵੇ। ਮੁੱਖ ਤੋਂ ਇਹ ਬੋਲੇ, ਧੰਨ ਵਾਹਿਗੁਰੂ! ਜੁ ਐਸੇ ਵੀ ਸਿੱਖ ਹਨ। ਜਿਵੇਂ ਆਪਣੇ ਪਿਤਾ ਜਾਂ ਗੁਰੂ ਦਾ ਜਸ-ਸਨਮਾਨ ਸੁਣ ਕੇ ਕੋਈ ਪ੍ਰਸੰਨ ਹੁੰਦਾ ਹੈ, ਉਸੇ ਤਰ੍ਹਾਂ ਦੂਸਰੇ ਦਾ ਜਸ ਸੁਣ ਕੇ ਖ਼ੁਸ਼ ਹੋਵੇ, ਅਨੰਦ ਮਾਣੇ, ਨਿੰਦਾ ਕਿਸੇ ਦੀ ਨਾ ਕਰੇ। ਇਸ ਨੂੰ ਮੁਦਤਾ ਆਖਦੇ ਹਨ।

ਚੌਥੇ, ਉਪੇਖਿਆ ਉਹ ਹੈ ਜੋ ਆਪਣੀ ਬੁੱਧੀ ਅਤੇ ਸਤਿਗੁਰਾਂ ਦੇ ਬਚਨਾਂ ਦੇ ਅਨੁਸਾਰ ਸਭਨਾਂ ਨੂੰ ਉਪਦੇਸ਼ ਕਰੇ। ਪਰ ਜੋ ਸਤਿ ਕਰਕੇ ਮੰਨੇ, ਉਸ ਨੂੰ ਫਿਰ ਵੀ ਉਪਦੇਸ਼ ਦਿੰਦਾ ਰਹੇ। ਜੋ ਸਤਿ ਕਰਕੇ ਨਾ ਮੰਨੇ, ਉਥੇ ਹੱਠ ਨਾ ਕਰੇ। ਇਹ ਸਮਝ ਇਸ ਦੀ ਪਰਾਲਬਧ (ਕਰਮਾਂ 'ਚ) ਨਹੀਂ, ਚੁੱਪ ਕਰ ਜਾਵੇ। ਇਸ ਦਾ ਨਾਮ ਉਪੇਖਿਆ ਹੈ।

ਇਸ ਤਰ੍ਹਾਂ ਭਾਈ ਕਾਲੂ ਗੁਰੂ ਪਾਤਸ਼ਾਹ ਜੀ ਦੇ ਬਚਨ ਸੁਣ ਕੇ ਨਿਹਾਲ ਹੋਇਆ। ਭਾਈ ਕਾਲੂ ਨੇ ਸੱਚੇ ਪਾਤਸ਼ਾਹ ਦੇ ਬਚਨ ਸੁਣੇ ਅਤੇ ਉਨ੍ਹਾਂ ਨੂੰ ਜੀਵਨ ਵਿਚ ਢਾਲਿਆ। ਇਸ ਨਾਲ ਜਿਥੇ ਉਹ ਆਪ ਤਰ ਗਏ, ਉਥੇ ਦੂਸਰਿਆਂ ਨੂੰ ਤਾਰਨ ਦੇ ਸਮਰੱਥ ਵੀ ਬਣੇ। ਭਾਈ ਸੰਤੋਖ ਸਿੰਘ ਜੀ ਅਜਿਹੇ ਸਿੱਖਾਂ ਤੋਂ ਬਲਿਹਾਰ ਜਾਂਦੇ ਹੋਏ ਲਿਖਦੇ ਹਨ :

ਇਸ ਬਿਧਿ ਸ਼੍ਰੀ ਗੁਰ ਬਚ ਸੋ ਸੁਨਿ ਕੈ।
ਬਰਤਜੋ ਤਿਸ ਪ੍ਰਕਾਰ ਮਨ ਗੁਨਿ ਕੈ।

ਇਉਂ ਕਾਲੂ ਕੋ ਭਾ ਨਿਸਤਾਰੇ।
ਮਿਲੇ ਜੁ ਨਰ ਤਿਹ ਸੌਪਿ ਉਧਾਰੇ॥੩੮॥
ਭਾਉ ਧਾਰਿ ਜਿਹ ਨਰ ਗੁਰ ਦਰਸੇ।
ਬਚਨ ਸੁਣੇ, ਪਦ ਪੰਕਜ ਪਰਸੇ।
ਸੇ ਉਧਰੇ, ਸੰਗ ਬ੍ਰਿੰਦ ਉਧਾਰੇ।
ਤਿਨ ਪਰ ਕਵਿ ਸਦੀਵ ਬਲਿਹਾਰੇ॥੩੯॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅਧਿ: 43, ਜਿਲਦ ਚੌਥੀ, ਪੰਨਾ 1128)

ਭਾਈ ਗੁਰਦਾਸ ਜੀ ਨੇ ਭਾਈ ਕਾਲੂ ਨੂੰ ਸਨਮੁਖ ਹੋ ਕੇ ਚੱਲਣ ਵਾਲਾ ਸਿੱਖ ਦੱਸਿਆ ਹੈ, ਜਿਨ੍ਹਾਂ ਨੇ ਸਭ ਉਸਤਤਿ ਪ੍ਰਾਪਤ ਕੀਤੀ :

ਸਨਮੁਖਿ ਕਾਲੂ ਆਸ ਧਾਰ ਗੁਰਬਾਣੀ ਦਰਗਹ ਸਾਬਾਸੀ॥

(ਵਾਰ 11:13)

ਮਨਮੁਖ ਕੌਣ ਹੈ ?

ਭਾਈ ਭਗਤਾ ਜੀ ਅਤੇ ਭਾਈ ਜਾਪੂ ਜੀ ਕਰਤਾਰਪੁਰ ਆਏ ਤਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਦਰਸ਼ਨ ਪਾ ਕੇ ਪ੍ਰਸੰਨ ਹੋਏ। ਗੁਰ-ਦਰਬਾਰ ਵਿਚ ਸੰਗਤ ਬੈਠੀ ਹੋਈ ਸੀ। ਮਧੁਰ ਕੀਰਤਨ ਹੋ ਰਿਹਾ ਸੀ। ਸਰੋਤੇ ਸੁਣ ਕੇ ਅਨੰਦ-ਚਿਤ ਹੋ ਰਹੇ ਸਨ। ਕੀਰਤਨ ਪਿੱਛੋਂ ਦੋਹਾਂ ਖੜੇ ਹੋ ਕੇ ਅਰਜ਼ ਕੀਤੀ, "ਹੇ ਮਿਹਰਾਂ ਦੇ ਸਾਈਆਂ! ਜੋ ਵਿੱਦਿਆ ਜਾਣਦੇ ਗਿਆਨੀ ਹਨ, ਉਹ ਪੜ੍ਹ ਕੇ ਉਦਰ ਜਾਣਗੇ। ਅਸੀਂ ਨਾ ਤਾਂ ਗਿਆਨੀ ਹਾਂ, ਨਾ ਸਾਡੇ ਕੋਲ ਵਿੱਦਿਆ ਹੈ ਅਤੇ ਅਸੀਂ ਪੜ੍ਹ ਸਮਝ ਵੀ ਕੁਝ ਨਹੀਂ ਸਕਦੇ, ਫਿਰ ਸਾਡਾ ਅਗਿਆਨੀਆਂ ਦਾ ਉੱਧਾਰ ਕਿਵੇਂ ਹੋਵੇਗਾ ?" ਸਤਿਗੁਰਾਂ ਭਾਈ ਭਗਤਾ ਜੀ ਤੇ ਭਾਈ ਜਾਪੂ ਜੀ ਦੀ ਸ਼ੰਕਾ ਸੁਣੀ ਤੇ ਬਚਨ ਕੀਤਾ, "ਹੇ ਭਾਈ! ਮਨਮੁਖਾਂ ਦੇ ਕਰਮ ਦਾ ਤਿਆਗ ਕਰੋ ਅਤੇ ਗੁਰਸਿੱਖਾਂ ਦੀ ਟਹਿਲ ਕਰਿਆ ਕਰੋ, ਉੱਧਾਰ ਹੋ ਜਾਵੇਗਾ।"

ਸੁਨਿ ਕੈ ਬੋਲੇ ਸ੍ਰੀ ਗੁਰ ਤਬਿਹੀ।
ਮਨਮੁਖ ਕਰਮ ਤਜਹੁ ਜੇ ਸਭਿਹੀ।
ਤਬਿ ਹੋਵਹਿ ਕਲਜਾਨ ਤੁਮਾਰਾ।
ਬਹੁਰ ਨਾ ਪਾਵਹੁਗੇ ਸੰਸਾਰਾ।

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅਧਿ: 43, ਜਿਲਦ ਚੌਥੀ, ਪੰਨਾ 1128)

"ਪਾਤਸ਼ਾਹ ਜੀ! ਇਹ ਮਨੁਮਖਾਂ ਦੇ ਕਰਮ ਕੀ ਹਨ, ਕਿਰਪਾ ਕਰੋ ਅਤੇ ਸਾਨੂੰ ਮੂੜ੍ਹ-ਬੁੱਧੀ ਵਾਲਿਆਂ ਨੂੰ ਸਮਝਾਓ ?" ਮਿਹਰਾਂ ਦੇ ਦਾਤੇ, ਦਾਤਾਰ ਸਤਿਗੁਰ ਜੀ ਬੋਲੇ, "ਮਨਮੁਖਾਂ ਦੀਆਂ ਚਾਰ ਸਾਖੀਆਂ ਹਨ : ਪਹਿਲੀ—ਈਰਖਾ, ਦੂਜੀ—ਅਕ੍ਰਨਾ (ਆਕੜ), ਤੀਸਰੀ—ਨਿੰਦਾ, ਚੌਥੀ—ਹੱਠ।"

ਮਨਮੁਖ ਦੇ ਕਰਮਾਂ ਵਿਚ ਪਹਿਲੀ ਈਰਖਾ ਹੈ। ਹਰ ਜੀਵ ਨਾਲ ਬਖ਼ੀਲੀ ਕਰਨੀ ਕਿ ਜਗਤ ਦੀਆਂ ਸਭ ਵਸਤੂਆਂ ਅਤੇ ਸਭੇ ਗੁਣ ਮੇਰੇ ਕੋਲ ਹੀ ਹੋਣ, ਹੋਰ ਕਿਸੇ ਕੋਲ ਨਾ ਹੋਣ। ਦੂਸਰੇ ਦੀ ਧਨ-ਦੌਲਤ ਵੇਖ ਕੇ ਅੰਦਰੋਂ ਸੜਨਾ, ਸਭ ਨੂੰ ਆਪਣਾ ਵੈਰੀ ਸਮਝਣਾ, ਇਹ ਈਰਖਾ ਦੀ ਨਿਸ਼ਾਨੀ ਹੈ। ਦੂਸਰੀ ਅਕ੍ਰਨਾ ਭਾਵ ਆਕੜ ਰੱਖਣੀ। ਹਉਮੈ ਵਿਚ ਸਦਾ ਰਹਿਣਾ, ਮੈਂ-ਮੈਂ ਕਰਦੇ ਫਿਰਨਾ, ਦੂਜੇ ਨੂੰ ਆਪਣੇ ਤੋਂ ਛੋਟਾ ਸਮਝਣਾ, ਕੋਈ ਗਿਆਨ ਦੀ ਗੱਲ ਨਾ

ਦੱਸਣੀ, ਕੋਈ ਵਸਤੂ ਮੰਗੇ ਜਾਂ ਕੋਈ ਪੁੱਛੇ ਤਾਂ ਦੇਣ ਜਾਂ ਦੱਸਣ ਦੀ ਥਾਂ ਉਸ ਉੱਤੇ ਹੱਸਣਾ ਅਤੇ ਹੰਕਾਰੇ ਫਿਰਨਾ ਕਿ ਮੇਰੇ ਵਰਗਾ ਕੋਈ ਨਹੀਂ ਹੈ :

ਜੇ ਨਿਜ ਤੇ ਘਟ ਦੇਖਹਿਂ ਤੇਈ।
ਤਿਹਕੋ ਮਤਿ ਨਹਿਂ ਕੈਸੇ ਦੇਈ।
ਹਾਸੀ ਕਰੈਂ ਧਰੈਂ ਹੰਕਾਰਾ।
ਇਹੁ ਨਹਿ ਸਮ ਮਮ ਬੁਧਿ ਉਦਾਰਾ॥੪੮॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅਧਿ: 43, ਜਿਲਦ ਚੌਥੀ, ਪੰਨਾ 1129)

ਤੀਸਰੀ ਹੈ ਨਿੰਦਾ ਭਾਵ ਜੇ ਕੋਈ ਆਪਣੇ ਤੋਂ ਚੰਗਾ ਹੋਵੇ ਅਤੇ ਉਸ ਦੀ ਕੋਈ ਉਸਤਤੀ ਕਰੇ ਤਾਂ ਸਹਾਰ ਨਾ ਸਕਣੀ। ਇਸ ਦੇ ਉਲਟ ਉਸ ਦੀ ਨਿੰਦਾ ਕਰਨੀ ਕਿ ਉਹ ਵੀ ਮੇਰਾ ਹੀ ਡਿੱਠਾ ਹੋਇਆ ਹੈ। ਜੇ ਆਪਣੇ ਸਮਾਨ ਹੋਵੇ ਤਾਂ ਗਰਬ ਕਰਨਾ, ਈਰਖਾ ਕਰਨੀ ਅਤੇ ਕਹਿਣਾ ਕਿ ਮੇਰੇ ਵਿਚ ਵੱਡੇ ਗੁਣ ਹਨ, ਮੈਂ ਵੱਡਾ ਹਾਂ, ਉਹ ਕੀ ਹੈ ?

ਚੌਥੀ ਹੈ ਹੱਠ ਬਿਰਤੀ, ਜੇ ਕੋਈ ਅੱਗੋਂ ਉਪਦੇਸ਼ ਨਾ ਮੰਨੇ, ਗੱਲ ਨਾ ਸੁਣੇ ਤਾਂ ਉਸ ਨੂੰ ਜ਼ੋਰ ਨਾਲ ਹੱਠ ਕਰਕੇ ਕਹਿਣਾ, ਉਲਟਾ ਕ੍ਰੋਧ ਕਰੀ ਜਾਣਾ, ਗੁੱਸੇ ਵਿਚ ਸੜੀ ਜਾਣਾ, ਇਹ ਮਨਮੁਖ ਹੱਠ ਕਰਮੀ ਬਿਰਤੀ ਹੈ।

ਇਸ ਤਰ੍ਹਾਂ ਇਹ ਚਾਰ ਸਾਖੀਆਂ ਮਨਮੁਖਾਂ ਦੀਆਂ ਹਨ। ਇਨ੍ਹਾਂ ਦਾ ਤਿਆਗ ਕਰ ਕੇ ਗੁਰਸਿੱਖਾਂ ਨੂੰ ਮਨ ਨੀਵਾਂ ਕਰ ਕੇ, ਗੁਰਦੇਵ ਦੇ ਪਿਆਰੇ ਸਮਝ ਕੇ, ਧਰਮ ਦੀ ਕਿਰਤ ਕਰ ਕੇ ਵੰਡ ਕੇ ਖਾਣਾ ਚਾਹੀਦਾ ਹੈ :

ਸਿੱਖਨ ਕੋ ਗੁਰਦੇਵ ਸਮ ਜਾਨਹਿ ਮਨ ਕਰਿ ਨੀਵ।
ਧਰਮ ਕ੍ਰਿੱਤ ਕਰਿ ਜਗਤ ਮਹਿਂ ਖਾਵਹਿ ਵੰਡ ਸਦੀਵ॥੫੩॥
ਅਸ ਉਪਦੇਸ਼ ਗੁਰੂ ਕੋ ਸੁਨਿ ਕੈ।
ਮਨਯੋ, ਮਨ ਕੀਨੋ ਸੁਭ ਗੁਨਿ ਕੈ।
ਬਰਤਨ ਲਗੇ ਜਗਤ ਮਹਿਂ ਐਸੇ।
ਕੈਵਲ ਹੋਵਹਿ ਪ੍ਰਾਪਤਿ ਜੈਸੇ॥੫੪॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅਧਿ: 43, ਜਿਲਦ ਚੌਥੀ, ਪੰਨਾ 1121)

ਇਸ ਤਰ੍ਹਾਂ ਭਾਈ ਭਗਤਾ ਜੀ ਤੇ ਭਾਈ ਜਾਪੂ ਜੀ ਨੇ ਮਨਮੁਖੀ ਕਰਮ ਤਿਆਗ ਦਿੱਤੇ। ਉਨ੍ਹਾਂ ਦੀ ਭਗਤੀ ਤੇ ਸੇਵਾ ਦੀ ਕਮਾਈ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ :

ਭਗਤੁ ਜੋ ਭਗਤਾ ਓਹਰੀ ਜਾਪੂਵੰਸੀ ਸੇਵ ਕਮਾਵੈ॥

(ਵਾਰ 11:14)

ਸਿਮਰਹੁ ਵਾਹਿਗੁਰੂ ਲਿਵ ਲਾਈ

ਉਪਲ ਗੋਤ ਦੇ ਭਾਈ ਸੀਹਾਂ ਅਤੇ ਭਾਈ ਗੱਜਣ ਸਤਿਗੁਰਾਂ ਉੱਤੇ ਭਰੋਸਾ ਰੱਖਣ ਵਾਲੇ ਗੁਰਸਿੱਖ ਸਨ। ਦੋਵੇਂ ਚਾਚੇ-ਤਾਏ ਦੇ ਪੁੱਤ ਭਰਾ ਸਨ। ਇਤਿਹਾਸ ਦੱਸਦਾ ਹੈ ਕਿ ਦੋਵੇਂ ਭਰਾ ਸੱਚੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਨਾਲ ਦੂਜੀ ਉਦਾਸੀ ਸਮੇਂ ਨਾਲ ਗਏ ਸਨ। ਪਹਿਲੀ ਵਾਰ ਦੋਵੇਂ ਭਾਈ ਜਦੋਂ ਗੁਰੂ-ਦਰਬਾਰ ਦਰਸ਼ਨਾਂ ਲਈ ਆਏ ਤਾਂ ਪਾਤਸ਼ਾਹ ਅੱਗੇ ਦੋ-ਹੱਥ ਜੋੜ ਅਰਜ਼ੋਈ ਕੀਤੀ, ਮਿਹਰਾਂ ਦੇ ਵਾਲੀ ਪਾਤਸ਼ਾਹ! ਕੋਈ ਅਜਿਹਾ ਉਪਦੇਸ਼ ਸਾਨੂੰ ਵੀ ਬਖ਼ਸ਼ਿਸ਼ ਕਰੋ ਕਿ ਸਾਡਾ ਵੀ ਜਨਮ-ਮਰਨ ਕੱਟਿਆ ਜਾਵੇ ਅਤੇ ਧਰਮ, ਅਰਥ, ਕਾਮ ਤੇ ਮੋਕਸ਼ ਚਾਰ ਪਦਾਰਥ ਪ੍ਰਾਪਤ ਹੋਣ, ਇਹ ਕਿਰਪਾ ਕਰ ਦੇਵੋ :

ਕਰ ਜੋਰੇ ਠਾਂਢੇ ਭਏ ਅਸ ਕੀਨੀ ਅਰਦਾਸ।
ਚਤੁਰ ਪਦਾਰਥ ਦੇਹੁ ਪ੍ਰਭੁ ਜਨਮ ਮਰਨ ਕਟਿ ਫਾਂਸ॥੫੬॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅਧਿ: 43, ਜਿਲਦ ਚੌਥੀ, ਪੰਨਾ 1129)

ਕਰਤਾਰ ਰੂਪ ਪਾਤਸ਼ਾਹ ਜੀ ਨੇ ਦੋਵਾਂ ਨੂੰ ਸੰਬੋਧਿਤ ਹੁੰਦਿਆਂ ਕਿਹਾ :

ਸਿਮਰਹੁ ਵਾਹਿਗੁਰੂ ਲਿਵ ਲਾਈ।
ਦੇਇ ਪਦਾਰਥ ਸੋ ਤੁਮ ਤਾਈਂ॥੫੮॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅਧਿ: 43, ਜਿਲਦ ਚੌਥੀ, ਪੰਨਾ 1130)

"ਹੇ ਭਾਈ! ਵਾਹਿਗੁਰੂ ਦਾ ਸਿਮਰਨ ਲਿਵ ਲਾ ਕੇ ਕਰੋ, ਸਾਰੇ ਪਦਾਰਥ ਮਿਲ ਜਾਣਗੇ। ਪਾਤਸ਼ਾਹ 'ਵਾਹਿਗੁਰੂ' ਦੇ ਅਰਥ ਕੀ ਹਨ, ਸਾਡੀ ਮੂੜ੍ਹ-ਮਤ ਦੇ ਸਮਝ ਪਾਵੋ। ਪਾਤਸ਼ਾਹ ਨੇ ਕਿਰਪਾ ਕਰਦਿਆਂ ਕਿਹਾ ਕਿ 'ਵਾਹਿ' ਨਾਮ ਅਸਚਰਜ ਦਾ ਹੈ। ਜਿਸ ਦੀ ਸਤਿਆ ਕਰਕੇ ਸਭ ਪਦਾਰਥ ਜਾਣੇ ਜਾਂਦੇ ਹਨ, ਉਸ ਦੀ ਸਤਿਆ ਜਾਣੀ ਨਹੀਂ ਜਾ ਸਕਦੀ, ਕੇਵਲ ਅਨੁਭਵ ਦੁਆਰਾ ਲਖੀ ਜਾਂਦੀ ਹੈ। 'ਗੁ' (ਗੋਇ) ਦਾ ਭਾਵ ਅਗਿਆਨ ਰੂਪੀ ਹਨੇਰਾ ਹੈ ਜੋ ਮਨੁੱਖ ਦੇ ਜੀਵਨ ਵਿਚ ਅੰਧਕਾਰ ਪੈਦਾ ਕਰਦਾ ਹੈ। 'ਰੂ' ਪ੍ਰਕਾਸ਼ ਜਾਂ ਚਾਨਣ ਦਾ ਸੰਬੋਧਨ ਹੈ। ਜੋ ਜੜ੍ਹ ਅਨਿਤ ਦੇਹ ਨੂੰ ਪ੍ਰਕਾਸ਼ ਦੇ ਰਿਹਾ ਹੈ, ਗਿਆਨ ਬਖ਼ਸ਼ ਰਿਹਾ ਹੈ, ਉਸ ਦਾ ਨਾਮ ਵਾਹਿਗੁਰੂ ਹੈ। ਉਸ 'ਵਾਹਿਗੁਰੂ' ਦੇ ਜਪਣ ਨਾਲ ਹੀ ਧਰਮ, ਅਰਥ, ਕਾਮ ਤੇ ਮੋਕਸ਼ ਆਦਿ ਚਾਰ ਪਦਾਰਥ ਪ੍ਰਾਪਤ ਹੁੰਦੇ ਹਨ।" ਪਾਤਸ਼ਾਹ

ਨੇ ਹੋਰ ਫ਼ੁਰਮਾਇਆ ਕਿ "ਜੇ ਸਤਿਸੰਗਤ ਵਿਚ ਤੁਰ ਕੇ ਜਾਈਏ ਤਾਂ ਇਕ ਇਕ ਕਦਮ ਵਿਚ ਸੌ-ਸੌ ਗਜ਼ ਦਾ ਫਲ ਪ੍ਰਾਪਤ ਹੁੰਦਾ ਹੈ। ਜਿਸ ਮਾਇਆ ਲਈ ਲੋਕ ਬੜੇ-ਬੜੇ ਯਤਨ ਕਰਦੇ ਹਨ, ਕਈ-ਕਈ ਪਾਪੜ ਵੇਲਦੇ ਹਨ, ਉਹੀ ਮਾਇਆ ਭਗਤ-ਜਨਾਂ ਦੇ ਚਰਨਾਂ ਦੀ ਦਾਸੀ ਬਣ ਕੇ ਰਹਿੰਦੀ ਹੈ। ਭਗਤ-ਜਨ ਜੋ ਵੀ ਦਿਲ ਵਿਚ ਕਾਮਨਾ ਧਾਰਦੇ ਹਨ, ਉਹੀ ਕਾਮਨਾ ਨਰਾਇਣ ਪੂਰੀ ਕਰ ਦਿੰਦਾ ਹੈ। ਜਦੋਂ 'ਵਾਹਿਗੁਰੂ' ਦੇ ਨਾਮ ਦਾ ਅਰਥ ਸਮਝ ਆ ਜਾਂਦਾ ਹੈ ਤਾਂ ਗਿਆਨ ਪ੍ਰਾਪਤ ਹੁੰਦਾ ਹੈ। ਫਿਰ ਮੁਕਤੀ ਮਿਲ ਜਾਂਦੀ ਹੈ। ਚਾਰੇ ਪਦਾਰਥ ਵਾਹਿਗੁਰੂ ਦੇ ਅਧੀਨ ਹਨ।" ਪਾਤਸ਼ਾਹ ਦੁਆਰਾ ਬਖ਼ਸ਼ੀ ਸਿੱਖਿਆ ਅਨੁਸਾਰ ਦੋਵੇਂ ਪਿਛਲ ਰਾਤੀਂ ਉੱਠ ਕੇ ਇਸ਼ਨਾਨ ਕਰ ਕੇ ਬਾਣੀ ਪੜ੍ਹਦੇ, ਦਿਨ ਸਮੇਂ ਕਿਰਤ ਕਰਦੇ, ਹਰ ਸਾਹ ਨਾਲ ਵਾਹਿਗੁਰੂ ਨਾਮ ਜਪਦੇ, ਆਏ-ਗਏ ਗੁਰਸਿੱਖ ਅਤੇ ਲੋੜਵੰਦ ਦੀ ਟਹਿਲ-ਸੇਵਾ ਕਰਦੇ :

ਸ੍ਰੀ ਗੁਰ ਕੋ ਉਪਦੇਸ਼ ਸੁਨਿ ਕਰਨ ਲਗੇ ਸੋ ਕਾਰ।
ਪਿਛਲੀ ਨਿਸ ਇਸ਼ਨਾਨ ਕਰਿ ਪਢਹਿਂ ਸ਼ਬਦ ਹਿਤ ਧਾਰਿ ॥੬੯॥
ਅੰਤਰ ਸ੍ਵਾਸ ਜਿ 'ਵਾਹਿ' ਮਿਲਾਵੈਂ।
ਨਿਕਸਹਿ ਵਹਿਰ ਤ 'ਗੁਰੂ' ਅਲਾਵੈਂ ॥੭੦॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅਧਿ: 43, ਜਿਲਦ ਚੌਥੀ, ਪੰਨਾ 1131)

ਵਿਸਾਖੀ, ਦੀਵਾਲੀ ਆਦਿ ਹਰ ਸ਼ੁਭ-ਦਿਹਾੜੇ 'ਤੇ ਕੜਾਹ ਪ੍ਰਸ਼ਾਦ ਕਰਵਾਉਂਦੇ। ਸਮਾਂ ਬੀਤਦਾ ਗਿਆ। ਅੰਤ ਦੋਵੇਂ ਮੁਕਤ ਪਦਾਰਥਾਂ ਨੂੰ ਪ੍ਰਾਪਤ ਹੋ ਗਏ। ਭਾਈ ਗੁਰਦਾਸ ਜੀ ਨੇ ਭਾਈ ਸੀਹਾਂ ਅਤੇ ਭਾਈ ਗੱਜਣ ਦੀ ਵਡਿਆਈ ਕਰਦਿਆਂ ਲਿਖਿਆ ਹੈ :

ਸੀਹਾਂ ਉਪਲੁ ਜਾਣੀਐ ਗਜਣੁ ਉਪਲੁ ਸਤਿਗੁਰ ਭਾਵੈ ॥

(ਵਾਰ 11:14)

ਬੂੜਾ ਬੁਢਾ ਇਕ ਮਨਿ ਧਿਆਵੈ

ਜਗਤ ਉਧਾਰਕ ਸਤਿਗੁਰੂ ਨਾਨਕ ਸਾਹਿਬ ਜੀ ਦੀਨ ਦੁਖੀਆਂ ਦੀ ਫ਼ਰਿਆਦ ਸੁਣ ਕੇ ਸਤਿਨਾਮੁ ਦਾ ਜਾਪ ਜਪਾਉਂਦੇ ਹੋਏ ਲੋਕ-ਕਲਿਆਣ ਕਰ ਰਹੇ ਸਨ। ਇਕ ਦਿਨ ਜੰਗਲ ਵਿਚ ਬਾਲਕ ਬੂੜਾ ਗਊ ਚਰਾਉਂਦਾ ਪਿਆ ਸੀ। ਪਾਤਸ਼ਾਹ ਜੀ ਵੀ ਇਸ ਜੰਗਲ ਵੱਲ ਆਏ। ਬਾਲਕ ਬੂੜੇ ਨੇ ਰੱਬੀ ਨੂਰ ਦੇ ਦੀਦਾਰ ਕੀਤੇ ਤੇ ਦੁੱਧ ਦਾ ਕਟੋਰਾ ਅੱਗੇ ਰੱਖਿਆ। ਫਿਰ ਅਰਦਾਸ ਕੀਤੀ, "ਗ਼ਰੀਬ ਨਿਵਾਜ਼! ਤੇਰਾ ਦਰਸ਼ਨ ਕੀਤਾ ਹੈ, ਕਿਵੇਂ ਮੇਰਾ ਜਨਮ-ਮਰਨ ਕੱਟੇਗਾ?" ਸਾਹਿਬਾਂ ਬਾਲਕ ਬੂੜੇ ਵੱਲ ਨੀਝ ਨਾਲ ਤੱਕਿਆ ਤੇ ਬਚਨ ਹੋਇਆ, "ਤੂੰ ਤਾਂ ਅਜੇ ਬਾਲਕ ਹੈਂ। ਤੈਨੂੰ ਇਹ ਬੁੱਧੀ ਕਿਥੋਂ ਪ੍ਰਾਪਤ ਹੋਈ ਹੈ?" ਬਾਲਕ ਬੂੜੇ ਨੇ ਅੱਗੋਂ ਆਖਿਆ, "ਜੀ, ਸਾਡੇ ਪਿੰਡ ਮੁਗ਼ਲ ਆਣ ਉਤਰੇ ਸਨ। ਉਨ੍ਹਾਂ ਨੇ ਕੱਚੀਆਂ ਤੇ ਪੱਕੀਆਂ ਸਭ ਫ਼ਸਲਾਂ ਵੱਢ ਲਈਆਂ। ਕਿਸੇ ਨੇ ਅੱਗੋਂ ਹੱਥ ਨਹੀਂ ਫੜਿਆ ਤਾਂ ਜਮ ਦਾ ਹੱਥ ਕਿਸ ਫੜਨਾ ਹੈ?" ਰੱਬੀ ਨੂਰ ਸਤਿਗੁਰੂ ਨਾਨਕ ਦੇਵ ਜੀ ਨੇ ਮੁਸਕਰਾਉਂਦੇ ਹੋਏ ਬਚਨ ਕੀਤਾ, "ਤੂੰ ਤਾਂ ਬਾਲਕ ਨਹੀਂ, ਤੇਰੀ ਤਾਂ ਬੁੱਢਿਆਂ ਵਰਗੀ ਅਕਲ ਹੈ, ਤੂੰ ਤਾਂ ਬੁੱਢਾ ਹੈਂ।" ਫਿਰ ਕਿਹਾ, "ਤੂੰ ਇਕ ਮਨ ਹੋ ਕੇ ਵਾਹਿਗੁਰੂ ਦਾ ਨਾਮ ਧਿਆਵੇਂਗਾ ਤਾਂ ਤੇਰਾ ਕਲਿਆਣ ਹੋਵੇਗਾ।" ਬਾਲਕ ਬੂੜਾ ਹੁਣ ਬਾਬਾ ਬੁੱਢਾ ਜੀ ਬਣ ਗਏ। ਸਤਿਗੁਰ ਨਾਨਕ ਜੀ ਨੇ ਬਾਬਾ ਬੁੱਢਾ ਜੀ ਨੂੰ ਇਹ ਵਰ ਵੀ ਦਿੱਤਾ, "ਕਦੇ ਤੇਰੇ ਤੋਂ ਉਹਲੇ ਨ ਹੋਸਾਂ। ਜਿਥੇ ਮੈਂ ਹੋਵਾਂਗਾ, ਤੂੰ ਮੈਨੂੰ ਪਛਾਣ ਲਵੇਂਗਾ। ਤੇਰੇ ਵੰਸ਼ ਵਿਚ ਭੀ ਮੇਰੀ ਭਗਤਿ ਪ੍ਰਾਪਤ ਹੋਵੇਗੀ।"

ਇਸ ਤਰ੍ਹਾਂ ਬਾਬਾ ਬੁੱਢਾ ਜੀ ਨੇ ਗੁਰੂ-ਉਪਦੇਸ਼ ਦੀ ਬਖ਼ਸ਼ਿਸ਼ ਪ੍ਰਾਪਤ ਕਰ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੱਕ ਗੁਰੂ-ਘਰ ਦੀ ਟਹਿਲ-ਸੇਵਾ ਕੀਤੀ। ਦੂਜੇ, ਤੀਜੇ, ਚੌਥੇ, ਪੰਜਵੇਂ ਅਤੇ ਛੇਵੇਂ ਗੁਰੂ ਸਾਹਿਬਾਨ ਨੂੰ ਗੁਰਗੱਦੀ ਨਸ਼ੀਨੀ ਆਪਣੇ ਹੱਥੀਂ ਕਰਵਾਈ। ਬਾਬਾ ਬੁੱਢਾ ਜੀ ਦੇ ਅੰਤਿਮ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਰਮਦਾਸ ਪਹੁੰਚੇ। ਛੇਵੇਂ ਪਾਤਸ਼ਾਹ ਨੇ ਬਾਬਾ ਬੁੱਢਾ ਜੀ ਨੂੰ ਕਿਹਾ, "ਬਾਬਾ ਜੀ, ਤੁਸੀਂ ਨਿਮਰਤਾ ਸਦਕਾ ਪਰਮ-ਪਦ ਤੇ ਸਦਾ-ਅਨੰਦ ਪ੍ਰਾਪਤ ਕਰ ਲਿਆ ਹੈ, ਜਿਸ ਤੋਂ ਬਹੁਤ ਜਗਤ ਵਾਂਝਾ ਹੈ। ਤੁਹਾਡੇ ਹਿਰਦੇ ਵਿਚ ਗੁਰ-ਸ਼ਬਦ ਹੈ।

ਤੁਸੀਂ ਕਿਰਪਾ ਕਰਕੇ ਸ੍ਰੀ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਅੰਗਦ ਸਾਹਿਬ ਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਵਡਿਆਈ ਬਾਰੇ ਦੱਸੋ ਤਾਂ ਕਿ ਸਭ ਨੂੰ ਉਨ੍ਹਾਂ ਦੀ ਅਜ਼ਮਤ ਦ੍ਰਿੜ੍ਹ ਹੋਵੇ।" ਬਾਬਾ ਬੁੱਢਾ ਜੀ ਨੇ ਪਾਤਸ਼ਾਹ ਜੀ ਨੂੰ ਕਿਹਾ, "ਆਪ ਅੰਤਰਜਾਮੀ ਹੋ, ਸਭ ਕੁਝ ਜਾਣਦੇ ਹੋ, ਮੈਂ ਸੇਵਕ ਕੀ ਗੁਣ ਦੱਸ ਸਕਦਾ ਹਾਂ।" ਪਾਤਸ਼ਾਹ ਨੇ ਕਿਹਾ, "ਭਾਈ ਬੁੱਢਾ ਜੀ! ਅਸੀਂ ਤਾਂ ਜਾਣਦੇ ਹਾਂ, ਪਰ ਤੁਸੀਂ ਪਹਿਲੇ ਸਤਿਗੁਰਾਂ ਦੇ ਸਨਮੁਖ ਰਹੇ ਹੋ, ਇਸ ਲਈ ਤੁਹਾਡੇ ਮੁਖ ਤੋਂ ਸੁਣਨਾ ਚਾਹੁੰਦੇ ਹਾਂ।" ਤਾਂ ਬਾਬਾ ਬੁੱਢਾ ਜੀ ਨੇ ਧੰਨ ਗੁਰੂ ਨਾਨਕ ਸਾਹਿਬ ਜੀ ਬਾਰੇ ਕਿਹਾ :

ਗੁਰੂ ਬਾਬਾ ਨਾਨਕ ਪ੍ਰਭ ਅਵਤਾਰ।
ਸੁਤਹ-ਪ੍ਰਕਾਸੀ ਕਰਨੀ ਸਾਰ।
ਜਨਮਤ ਹੀ ਉਪਦੇਸ ਚਲਾਇਆ।
ਬਹੁ ਸਾਧਨ ਕੋ ਰਾਹੁ ਬਤਾਇਆ। *(ਮਹਿਮਾ ਪ੍ਰਕਾਸ਼, 6-19-8)*

ਕਿ ਸਤਿਗੁਰੂ ਨਾਨਕ ਜੀ ਨਿਰਾ ਨੂਰ ਸਨ ਤੇ ਪ੍ਰਭੂ ਦੇ ਰੂਪ ਸਨ। ਫਿਰ ਸ੍ਰੀ ਗੁਰੂ ਅੰਗਦ ਸਾਹਿਬ ਜੀ ਬਾਰੇ ਕਿਹਾ ਕਿ ਨਿਰੇ ਸਾਧੂ, ਸਦਾ ਸ਼ਾਂਤ, ਦਯਾ ਤੇ ਪਿਆਰ ਦੀ ਮੂਰਤਿ ਸਨ :

ਪ੍ਰਮ ਅਉਧੂਤ ਦਿਖਾਵਤ ਭਾਉ।
ਨਿਰਬਿਕਲਪ ਨਿਰਲੰਭ ਸੁਭਾਉ। *(ਮਹਿਮਾ ਪ੍ਰਕਾਸ਼, 6-19-13)*

ਸ੍ਰੀ ਗੁਰੂ ਅਮਰਦਾਸ ਜੀ ਬਾਰੇ ਬਾਬਾ ਬੁੱਢਾ ਜੀ ਨੇ ਦੱਸਿਆ ਕਿ ਪਾਤਸ਼ਾਹ ਜੀ ਨੇ ਦੋਹਾਂ ਹੱਥਾਂ ਨਾਲ ਨਾਮ-ਧਨ, ਜੋ ਵੀ ਸ਼ਰਣ ਆਇਆ, ਉਸ ਨੂੰ ਲੁਟਾਇਆ। ਸਤਿਗੁਰ ਜੀ ਦਾ ਇਕ ਹੱਥ ਸੇਵਾ ਵਿਚ ਜੁਟਿਆ ਰਹਿੰਦਾ ਤੇ ਦੂਜਾ ਹਰ ਇਕ ਉੱਤੇ ਅਸੀਸ ਵਜੋਂ ਕਿਰਪਾ ਕਰਕੇ ਉਠਿਆ ਰਹਿੰਦਾ :

ਪੁਨਿ ਤਿਹ ਹਰਿ-ਧਨੁ ਦੁਹ ਹਾਥ ਲੁਟਾਇਆ।
ਜੋ ਆਇਆ ਤਿਨ ਹੀ ਵਰਸਾਇਆ ॥੧੫॥...
ਏਕ ਹਾਥ ਸਤਿਗੁਰ ਕਾ ਭਗਤ ਗੁਰ ਸੇਵਾ।
ਦੂਜਾ ਹਾਥ ਕ੍ਰਿਪਾ ਗੁਰ ਦੇਵਾ।...॥੧੮॥ *(ਮਹਿਮਾ ਪ੍ਰਕਾਸ਼, 6-19-18)*

ਕਿੰਨੀ ਮਹਿਮਾ ਤੇ ਸਤਿਕਾਰ ਸੀ ਬਾਬਾ ਬੁੱਢਾ ਜੀ ਦਾ। ਬਾਬਾ ਬੁੱਢਾ ਜੀ ਬੋਲ ਰਹੇ ਸਨ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸਰੋਤੇ ਸਨ। ਸਾਹਿਬਾਂ ਨੇ ਖ਼ੁਸ਼ ਹੋ ਕੇ 'ਭਾਈ ਬੁੱਢਾ ਪਰਮ ਸੁਜਾਨ' ਦਾ ਬਚਨ ਕੀਤਾ। ਭਾਈ ਗੁਰਦਾਸ ਜੀ ਨੇ ਬਾਬਾ ਬੁੱਢਾ ਜੀ ਪ੍ਰਥਾਇ ਲਿਖਿਆ ਹੈ :

ਬੂੜਾ ਬੁਢਾ ਇਕ ਮਨਿ ਧਿਆਵੈ ॥ *(ਵਾਰ 11:14)*

ਸੋ ਕਰੇ ਜਿ ਤਿਸੈ ਰਜਾਇ

ਨੌਰੰਗਾਬਾਦ, ਸ੍ਰੀ ਖਡੂਰ ਸਾਹਿਬ ਦੇ ਨੇੜੇ ਇਕ ਨਗਰ ਹੈ। ਇਸ ਨਗਰ 'ਚ ਭਾਈ ਜੀਵਾ ਰਹਿੰਦਾ ਸੀ। ਉਹ ਧਰਮ ਦੀ ਕਿਰਤ ਕਰਨ ਵਾਲਾ ਸੰਤੋਖੀ ਸੁਭਾਅ ਦਾ ਮਾਲਕ ਤੇ ਸ਼ਰਧਾਵਾਨ ਸਿੱਖ ਸੀ। ਗੁਰੂ ਕੇ ਲੰਗਰਾਂ ਲਈ ਖਿਚੜੀ ਬਣਾ ਕੇ ਲਿਆਉਣੀ ਉਸ ਦੀ ਨਿੱਤ ਦੀ ਕਾਰ ਸੀ। ਭਾਣਾ ਰੱਬ ਦਾ, ਇਕ ਦਿਨ ਏਨੀ ਹਨੇਰੀ ਚੱਲੀ ਤੇ ਬਾਰਸ਼ ਹੋਈ ਕਿ ਚੁੱਲ੍ਹਾ ਹੀ ਨਾ ਬਲੇ। ਵਿਆਕੁਲ ਹੋਇਆ ਭਾਈ ਜੀਵਾ ਬੇਨਤੀਆਂ ਕਰਨ ਲੱਗਾ। ਅਖ਼ੀਰ ਸ੍ਰੀ ਗੁਰੂ ਅੰਗਦ ਸਾਹਿਬ ਪਾਤਸ਼ਾਹ ਜੀ ਦੇ ਦਰਬਾਰ ਪੁੱਜਾ ਤੇ ਅਰਜ਼ੋਈ ਕੀਤੀ ਕਿ ਸੱਚੇ ਪਾਤਸ਼ਾਹ ! ਮੀਂਹ ਹਨੇਰੀ ਥੰਮ੍ਹੋ, ਮੈਂ ਖਿਚੜੀ ਬਣਾ ਲਵਾਂ। ਹਜ਼ੂਰ ਨੇ ਮੁਸਕਰਾਉਂਦੇ ਹੋਏ ਕਿਹਾ, "ਜੀਵਿਆ, ਵਗ ਲੈਣ ਦੇ, ਵੱਸ ਲੈਣ ਦੇ। ਇਹ ਰੱਬੀ ਰਜ਼ਾ ਹੈ। ਉਸ ਦੀ ਰਜ਼ਾ ਵਿਚ ਰਹਿਣਾ ਹੀ ਸਿੱਖ ਦਾ ਧਰਮ ਹੈ। ਸਭ ਕਰਮ ਰਜ਼ਾ ਵਿਚ ਹੀ ਹੋ ਰਹੇ ਹਨ। ਸਮੁੰਦਰ ਵਿਚ ਅਨੇਕਾਂ ਜਹਾਜ਼ ਚੱਲ ਰਹੇ ਹਨ। ਹਜ਼ਾਰਾਂ ਮਨੁੱਖਾਂ ਨਾਲ ਲੱਦੇ ਹੋਏ ਜਾ ਰਹੇ ਹਨ, ਜੋ ਬਹੁਤ ਸਾਰੇ ਉਪਜੀਵਕਾ ਲਈ ਵਪਾਰ ਕਰਦੇ ਹਨ। ਉਨ੍ਹਾਂ ਨੂੰ ਚਲਾਉਣ ਲਈ ਪ੍ਰਭੂ ਨੇ ਹਵਾ ਚਲਾਈ ਹੈ। ਈਸ਼ਵਰ ਏਸੇ ਬਹਾਨੇ ਉਨ੍ਹਾਂ ਨੂੰ ਰੋਜ਼ੀ ਰੋਟੀ ਦਿੰਦਾ ਹੈ। ਉਹ ਸਰਬ ਗਿਆਤਾ ਪ੍ਰਭੂ ਸਭ ਲਈ ਰਿਜ਼ਕ ਪਰਦਾਤਾ ਹੈ। ਜੇ ਬਚਨ ਕਰਕੇ ਹਨੇਰੀ ਬੰਦ ਕਰ ਦਿੱਤੀ ਤਾਂ ਸਾਰੇ ਕਾਰਜ ਵਿਗੜ ਜਾਣਗੇ। ਲੱਖਾਂ ਹੀ ਜੀਵ ਜੰਤੂ ਭੁੱਖੇ ਰਹਿ ਜਾਣਗੇ। ਲੱਖਾਂ ਜੀਵਾਂ ਦਾ ਦੁੱਖ ਆਪਣੇ ਸਿਰ ਲੈ ਲਈਏ, ਇਸ ਤਰ੍ਹਾਂ ਦੀ ਸੋਚਣੀ ਮਨਮੁਖਾਂ ਵਾਲੀ ਹੈ। ਗੁਰਮੁਖ ਸਦਾ ਹਰ ਕਿਸੇ ਲਈ ਸੁੱਖ ਲੋਚਦੇ ਹਨ ਤੇ ਖ਼ੁਦ ਸੰਕਟ ਸਹਿ ਲੈਂਦੇ ਹਨ ਤੇ ਦੂਜੇ ਨੂੰ ਦੁਖੀ ਨਹੀਂ ਹੋਣ ਦਿੰਦੇ। ਜਿਵੇਂ ਇਸਤਰੀ ਨੂੰ ਉਸ ਦੇ ਪਤੀ ਦੀ ਆਗਿਆ ਪ੍ਰਵਾਨ ਹੈ ਤਾਂ ਘਰ ਸੁਖ ਹੈ। ਜਿਸ ਘਰ ਵਿਚ ਪਿਤਾ ਤੇ ਪੁੱਤਰ ਦਾ ਸੁਭਾਅ ਨਾ ਰਲੇ ਤਾਂ ਉਥੇ ਜੀਵਨ ਵਿਚ ਰਸ ਨਹੀਂ ਰਹਿੰਦਾ। ਪੁੱਤਰ ਆਪਣੇ ਪਿਤਾ ਨਾਲ ਸੁਭਾਅ ਰਲਾਉਣ ਦੀ ਥਾਂ ਹੋਰ ਪਾਸੇ ਦੀਆਂ ਗੱਲਾਂ ਕਰੇ ਤਾਂ ਇਸ ਅਜੋੜੇ ਸੁਭਾਅ ਕਰਕੇ ਜੀਵਨ ਸੁਖੀ ਹੋਣ ਦੀ ਥਾਂ ਦੁਖੀ ਹੋ ਜਾਂਦਾ ਹੈ। ਪੁੱਤਰ, ਪਿਤਾ ਦੀ ਰਜ਼ਾ ਵਿਚ ਰਹੇ, ਇਹੀ ਅਸਲ ਮਾਰਗ ਹੈ। ਇਸ ਲਈ ਭਾਈ ਜੀਵਿਆ ! ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹੁ, ਸਭ ਸੇਵਾ ਦੇ ਫਲ ਤੈਨੂੰ ਪ੍ਰਾਪਤ ਹੋਣਗੇ।" ਭਾਈ ਸੰਤੋਖ ਸਿੰਘ ਨੇ ਇਸ ਪ੍ਰਥਾਇ ਵਰਣਨ ਕੀਤਾ ਹੈ :

ਸਤਿਗੁਰੁ ਅਰ ਪ੍ਰਭੁ ਜਥਾ ਰਜਾਇ।
ਤਿਸ ਪਰ ਰਾਜੀ ਰਹਿਨ ਸਦਾਇ॥੧੫॥
ਮੁੱਖਜ ਧਰਮ ਸਿੱਖੀ ਕੋ ਏਹੀ।
ਜੋ ਧਾਰਹਿ ਸਿਖ ਗੁਰੂ ਸਨੇਹੀ।
ਜਿਮ ਪਤਿੱਬ੍ਰਤਾ ਇਸਤ੍ਰੀ ਲੱਛਨ।
ਪਤਿ ਆਗਜਾ ਮਹਿੰ ਸੁਖੀ ਬਿਚੱਛਨ॥੧੬॥
ਪ੍ਰਭੁ ਆਗਜਾ ਮਹਿੰ ਤਥਾ ਸਦੀਵਾ।
ਰਹੁ ਰਾਜ਼ੀ ਬਨਿ ਗੁਰਮੁਖ ਜੀਵਾ।
ਜਪ ਤਪ ਬਰਤ ਦਾਨ ਫਲ ਸਾਰੇ।
ਇਸ ਤੇ ਪ੍ਰਾਪਤਿ ਹੋਇੰ ਸੁਖਾਰੇ।

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 11, ਪੰਨਾ 1353)

ਹੇ ਭਾਈ ਜੀਵਾ! ਪ੍ਰੇਮ ਨਾਲ ਸਤਿਨਾਮ ਦਾ ਜਾਪ ਕਰਿਆ ਕਰ। ਇਸ ਸਰੀਰ ਦਾ ਹੰਕਾਰ ਤਿਆਗ ਦੇ ਤਾਂ ਹੀ ਬ੍ਰਹਮ-ਗਿਆਨ ਪ੍ਰਾਪਤ ਹੋਵੇਗਾ। ਜਨਮ ਮਰਨ ਦਾ ਚੱਕਰ ਕੱਟਿਆ ਜਾਵੇਗਾ। ਭਾਈ ਜੀਵੇ ਨੇ ਸਤਿਗੁਰ ਜੀ ਦਾ ਉਪਦੇਸ਼ ਸੁਣ ਕੇ ਨਮਸਕਾਰ ਕੀਤੀ ਤੇ ਸਤਿਗੁਰ ਜੀ ਦੀ ਸਿੱਖਿਆ ਨੂੰ ਮਨ ਵਿਚ ਗ੍ਰਹਿਣ ਕਰ ਲਿਆ ਤੇ ਗਿਆਨ ਨੂੰ ਪ੍ਰਾਪਤ ਹੋ ਗਿਆ। ਉਹ ਬਹੁਤ ਚਿਰ ਸਤਿਗੁਰ ਜੀ ਦੀ ਸੇਵਾ ਕਰਦਾ ਰਿਹਾ ਅਤੇ ਅੰਤ ਨਿਰੰਕਾਰ ਵਿਚ ਜਾ ਸਮਾਇਆ। ਭਾਈ ਗੁਰਦਾਸ ਜੀ ਨੇ ਭਾਈ ਜੀਵਾ ਜੀ ਨੂੰ ਗੁਰੂ ਦੀ ਸੇਵਾ ਵਿਚ ਸਮਾਇਆ ਹੋਇਆ ਸਿੱਖ ਲਿਖਿਆ ਹੈ:

ਫਿਰਣਾ ਖਹਿਰਾ ਜੋਧੁ ਸਿਖੁ ਜੀਵਾਈ ਗੁਰੁ ਸੇਵ ਸਮਾਵੈ॥

(ਵਾਰ 11:14)

ਇਕ ਚਿਤ ਜਪੁ ਜੀ ਪਠਹੁ ਹਮੇਸ਼

ਸ੍ਰੀ ਗੁਰੂ ਅੰਗਦ ਸਾਹਿਬ ਜੀ ਦਾ ਦਰਬਾਰ ਲੱਗਾ ਹੋਇਆ ਸੀ। ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਸੰਸਾਰੀ ਜੀਵਾਂ ਦਾ ਉੱਧਾਰ ਕਰਦੇ ਸਨ। ਇਕ ਦਿਨ ਫ਼ਤਿਹਾਬਾਦ ਦਾ ਰਹਿਣ ਵਾਲਾ ਭਾਈ ਗੁੱਜਰ, ਜੋ ਜਾਤ ਦਾ ਲੁਹਾਰ ਸੀ, ਸਤਿਗੁਰਾਂ ਦੇ ਦਰਸ਼ਨਾਂ ਲਈ ਆਇਆ। ਨਮਸਕਾਰ ਕਰ ਕੇ ਪਾਸ ਬੈਠ ਗਿਆ। ਪਾਤਸ਼ਾਹ ਦੇ ਦਰਸ਼ਨ ਕਰ ਕੇ ਅਰਜ਼ ਕੀਤੀ : "ਹੇ ਸਤਿਗੁਰ ਜੀਓ ! ਅਸੀਂ ਪੇਟ ਦੀ ਖ਼ਾਤਰ ਸਾਰਾ ਦਿਨ ਕੰਮ ਕਰਦੇ ਰਹਿੰਦੇ ਹਾਂ, ਗ੍ਰਿਹਸਤੀ ਜੀਵਨ ਵਿਚ ਫਸੇ ਹੋਇਆਂ ਨੂੰ ਵਿਹਲ ਨਹੀਂ ਮਿਲਦਾ, ਨਾ ਆਪ ਕੋਲ ਰਹੀਏ, ਨਾ ਹੀ ਸੇਵਾ ਕਰ ਸਕੀਏ, ਫਿਰ ਸਾਡਾ ਉੱਧਾਰ ਕਿਵੇਂ ਹੋਵੇਗਾ ਤੇ ਜਨਮ-ਮਰਨ ਦੇ ਬੰਧਨ ਕਿਵੇਂ ਖ਼ਤਮ ਹੋਣਗੇ ?" ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

ਗੁੱਜਰ ਨਾਮ ਸੁ ਜਾਤਿ ਲੁਹਾਰ।
ਚਲਿ ਆਯਹੁ ਗੁਰੁ ਕੇ ਦਰਬਾਰ ॥੨੦॥
ਬੰਦਨ ਕਰਿ ਬੈਠਯੋ ਗੁਰ ਪਾਸਿ।
ਦਰਸ਼ਨ ਦੇਖਿ ਕਰੀ ਅਰਦਾਸ।
'ਸੁਨਹੁ ਗੁਰੂ ਜੀ ਹੇਤ ਅਹਾਰ।
ਦਿਨ ਸਗਰੇ ਹਮ ਠਾਨਹਿਂ ਕਾਰ ॥੨੧॥
ਫਸੇ ਗ੍ਰਿਹਸਤਿ ਪਾਇ ਨ ਅਵਿਕਾਸ਼।
ਸੇਵਾ ਕਰਹਿਂ ਰਹਹਿਂ ਤੁਮ ਪਾਸ।
ਹਮਰੋ ਭੀ ਕਿਮ ਹੁਇ ਕੱਲ੍ਯਾਨ।
ਜਨਮ ਮਰਨ ਦਾ ਬੰਧਨਿ ਹਾਨਿ' ॥੨੨॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 11, ਪੰਨਾ 1354)

ਕਲਿਆਣਕਾਰੀ ਸਤਿਗੁਰੂ ਅੰਗਦ ਸਾਹਿਬ ਜੀ ਨੇ ਭਾਈ ਗੁੱਜਰ ਨੂੰ ਉਪਦੇਸ਼ ਦਿੰਦਿਆਂ ਬਚਨ ਕੀਤਾ, "ਹੇ ਭਾਈ! ਇਕ ਮਨ ਹੋ ਕੇ ਜਪੁ ਜੀ ਸਾਹਿਬ ਦਾ ਪਾਠ ਕਰਨਾ ਹੈ। ਜਿੰਨੀ ਵਾਰੀ ਰੋਜ਼ਾਨਾ ਪੜ੍ਹਿਆ ਜਾਵੇ, ਪੜ੍ਹਦੇ ਹੀ ਰਹੋ, ਫਿਰ ਫਲ ਪ੍ਰਾਪਤ ਹੋਵੇਗਾ। ਜਪੁ ਜੀ ਸਾਹਿਬ ਦੀ ਬਾਣੀ ਦੇ ਅਰਥਾਂ ਦੀ ਵਿਚਾਰ ਕਰਨੀ ਹੈ ਤੇ ਰੋਜ਼ ਸਵਾਸ-ਸਵਾਸ ਵਿਚ ਇਸ ਬਾਣੀ ਨੂੰ ਵਸਾਉਣਾ ਹੈ। ਜੇ ਕੋਈ ਗ਼ਰੀਬ ਸਿੱਖ ਵੇਖੋ ਤਾਂ ਉਸ ਦਾ ਕੰਮ ਕਰ ਦੇਣਾ ਹੈ, ਮਜ਼ਦੂਰੀ ਨਹੀਂ ਲੈਣੀ। ਜੋ ਵੀ ਕਾਰਜ ਕਰਨੇ ਹਨ, ਸਭ ਗੁਰੂ ਦੀ ਪ੍ਰੀਤ ਵਿਚ ਤੇ ਗੁਰੂ

ਨਮਿਤ ਕਰਨੇ ਹਨ। ਗ਼ਰੀਬਾਂ ਉੱਤੇ ਦਇਆ ਕਰਨੀ ਹੈ ਤੇ ਆਪਣੀ ਕਮਾਈ ਵਿੱਚੋਂ ਦਸਵੰਧ ਵੀ ਕੱਢਣਾ ਹੈ। ਜੋ ਗੁਰੂ ਦੇ ਸਿੱਖ ਘਰ ਆਉਣ, ਪ੍ਰੇਮ ਨਾਲ ਉਨ੍ਹਾਂ ਦੀ ਸੇਵਾ ਕਰਨੀ ਹੈ:

ਸੁਨਿ ਸਤਿਗੁਰ ਕੀਨਸਿ ਉਪਦੇਸ਼।
ਇਕ ਚਿਤ ਜਪੁ ਜੀ ਪਠਹੁ ਹਮੇਸ਼।
ਜੇਤਿਕ ਵਾਰ ਪਠਜੋ ਨਿਤ ਜਾਇ।
ਪਠਤਿ ਰਹਹੁ ਦੀਰਘ ਫਲ ਪਾਇ॥੨੩॥
ਪਿਖਹੁ ਗ਼ਰੀਬ ਕਾਜ ਕਰਿ ਦੀਜੈ।
ਨਹਿ ਤਿਸ ਨਿਕਟ ਮਜ਼ੂਰੀ ਲੀਜੈ।
ਜਪੁ ਜੀ ਅਰਥ ਬਿਚਾਰਨ ਕਰੋ।
ਸ੍ਵਾਸੁ ਸ੍ਵਾਸੁ ਅੰਤਰ ਨਿਤਿ ਧਰੋ॥੨੪॥
ਗੁਰੂ ਨਮਿੱਤ ਕਰਹੁ ਜੁਤਿ ਪ੍ਰੀਤਿ।
ਦਯਾ ਕਰਹੁ ਦੀਨਨਿ ਪਰ ਨੀਤਿ।
ਜੋ ਅਪਨੀ ਕਛੁ ਕਰਹੁ ਕਮਾਈ।
ਗੁਰ ਹਿਤ ਦਿਹੁ ਦਸਵੰਧ ਬਨਾਈ॥੨੫॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 11, ਪੰਨਾ 1354)

ਭਾਈ ਗੁੱਜਰ ਜੀ ਨੇ ਸਤਿਗੁਰ ਜੀ ਦੇ ਉਪਦੇਸ਼ ਨੂੰ ਹਿਰਦੇ ਵਿਚ ਵਸਾ ਲਿਆ ਤੇ ਉਪਦੇਸ਼ ਅਨੁਸਾਰ ਕਾਰ ਕਰਨ ਲੱਗ ਪਏ। ਉਸ ਦੇ ਪਿੰਡ ਵਿਚ ਇਕ ਗ੍ਰਿਹਸਤੀ ਭਗਤ ਸਨ। ਉਨ੍ਹਾਂ ਨੂੰ ਰਾਜੇ ਨੇ ਝੂਠੀ ਤੁਹਮਤ ਲਾ ਕੇ ਫੜ ਕੇ ਪੈਰਾਂ ਵਿਚ ਬੇੜੀਆਂ ਪਾ ਦਿੱਤੀਆਂ ਤੇ ਜੇਲ੍ਹ ਸੁੱਟ ਦਿੱਤਾ। ਕੁਝ ਦਿਨਾਂ ਬਾਅਦ ਨਿਰੰਕਾਰ ਉਨ੍ਹਾਂ ਦਾ ਸਹਾਈ ਹੋਇਆ ਤੇ ਉਹ ਕਿਸੇ ਢੰਗ ਨਾਲ ਬਾਹਰ ਨਿਕਲੇ ਤੇ ਅੱਧੀ ਰਾਤ ਨੂੰ ਭਾਈ ਗੁੱਜਰ ਦੇ ਘਰ ਪਹੁੰਚੇ ਤੇ ਆ ਕੇ ਕਿਹਾ, "ਰੱਬ ਦੇ ਵਾਸਤੇ ਸਾਡੇ ਬੰਨ੍ਹੇ ਹੋਏ ਸੰਗਲ ਕੱਟ ਦੇਵੋ। ਤੈਨੂੰ ਜਮ ਦੀ ਬਿਪਤਾ ਨਹੀਂ ਪਵੇਗੀ।" ਪਹਿਲਾਂ ਤਾਂ ਭਾਈ ਗੁੱਜਰ ਨੇ ਰਾਜੇ ਦੇ ਡਰ ਕਰਕੇ ਸੰਕੋਚ ਕੀਤਾ। ਫਿਰ ਉਸ ਨੂੰ ਸਤਿਗੁਰ ਜੀ ਦਾ ਉਪਦੇਸ਼ ਯਾਦ ਆਇਆ ਕਿ ਪ੍ਰਭੂ ਦੇ ਨਮਿਤ ਲੋੜਵੰਦਾਂ ਦਾ ਕੰਮ ਕਰ ਦੇਣਾ, ਦੇਰੀ ਨਹੀਂ ਲਾਉਣੀ। ਉਸ ਨੇ ਤੁਰੰਤ ਬੇੜੀਆਂ ਕੱਟ ਦਿੱਤੀਆਂ। ਗ੍ਰਿਹਸਤੀ ਭਗਤ ਉਸ ਨੂੰ ਅਸੀਸਾਂ ਦੇ ਕੇ ਚਲੇ ਗਏ। ਇਸ ਤਰ੍ਹਾਂ ਭਾਈ ਗੁੱਜਰ ਦੇ ਹਿਰਦੇ ਅੰਦਰ ਵਿਸ਼ੇਸ਼ ਗਿਆਨ ਪੈਦਾ ਹੋਇਆ ਤੇ ਤੀਨ ਕਾਲ ਦੀ ਸੋਝੀ ਹੋ ਗਈ। ਇਸ ਤਰ੍ਹਾਂ ਭਾਈ ਗੁੱਜਰ ਦਾ ਕਲਿਆਣ ਹੋਇਆ। ਭਾਈ ਗੁਰਦਾਸ ਜੀ ਨੇ ਭਾਈ ਗੁੱਜਰ ਬਾਰੇ ਵਰਣਨ ਕਰਦਿਆਂ ਦੱਸਿਆ ਹੈ ਕਿ ਇਸ ਨੇ ਸਿੱਖੀ ਦੀ ਵੱਡੀ ਕਮਾਈ ਕੀਤੀ ਅਤੇ ਅੱਗੋਂ ਗੁਰਸਿੱਖੀ ਦੀ ਸਿੱਖਿਆ ਨੂੰ ਹੋਰਨਾਂ ਤਾਈਂ ਵੀ ਸੁਣਾਇਆ:

ਗੁਜਰੁ ਜਾਤਿ ਲੁਹਾਰੁ ਹੈ ਗੁਰ ਸਿਖੀ ਗੁਰ ਸਿਖ ਸੁਣਾਵੈ॥ *(ਵਾਰ 11:14)*

ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰਿ

ਗੁਰੂ ਨਾਨਕ ਪਾਤਸ਼ਾਹ ਦੇ ਘਰ ਜਾਤ-ਵਰਣ ਦੀ ਕੋਈ ਥਾਂ ਨਹੀਂ ਹੈ। ਗੁਰੂ ਅੰਗਦ ਸਾਹਿਬ ਨੇ ਸਭ ਨੂੰ ਸਖ਼ਤੀ ਨਾਲ ਕਿਹਾ ਕਿ ਜੋ ਕੋਈ ਜਾਤ-ਪਾਤ ਵਿਚ ਵਿਸ਼ਵਾਸ ਰੱਖਦਾ ਹੈ ਤਾਂ ਬੇਸ਼ੱਕ ਖਡੂਰ ਨਾ ਆਵੇ। ਗੁਰੂ-ਘਰ ਵਿਚ ਸਭ ਇਕ-ਸਮਾਨ ਹਨ :

ਜੇ ਕੋ ਬਰਨ ਆਸ੍ਰਮ ਮਨ ਧਰੇ।
ਸਤਿਗੁਰ ਸੰਗਤ ਕਬਹੂ ਨ ਕਰੇ॥੨॥
ਚਾਰ ਬਰਨ ਤਹਾ ਏਕ ਸਮਾਨਾ।
ਨਹੀ ਬਿਧ ਨਿਖੇਧ ਪੂਰਨ ਮਤ ਧਿਆਨਾ॥

(ਮਹਿਮਾ ਪ੍ਰਕਾਸ਼, ਭਾਗ ਦੂਜਾ, ਸਾਖੀ ਨੰ. 8)

ਵੈਰਾਗ ਦੀ ਚੋਟ ਨਾਲ ਵਿੰਨ੍ਹਿਆ, ਪਾਤਸ਼ਾਹ ਦੀ ਮਹਿਮਾ ਸੁਣ ਕੇ ਭਾਈ ਧਿੰਙਾ, ਜੋ ਕਿੱਤੇ ਵਜੋਂ ਨਾਈ ਦਾ ਕੰਮ ਕਰਦਾ ਸੀ, ਗੁਰੂ ਦਰਬਾਰ ਪੁੱਜਾ। ਉਹ ਸੰਗਤਾਂ ਦੀ ਸੇਵਾ ਕਰਨ ਲੱਗ ਪਿਆ। ਬਾਹਰੋਂ ਆਈਆਂ ਥੱਕੀਆਂ-ਟੁੱਟੀਆਂ ਸੰਗਤਾਂ ਨੂੰ ਇਸ਼ਨਾਨ ਕਰਵਾਉਣ ਦੀ ਸੇਵਾ ਕਰਦਾ, ਮੁੱਠੀ-ਚਾਪੀ ਕਰਦਾ, ਕੱਪੜੇ ਧੋ ਲਿਆਉਂਦਾ, ਸੁੱਤਿਆਂ ਨੂੰ ਪੱਖਾ ਝੱਲਦਾ, ਜੂਠੇ ਬਰਤਨ ਮਾਂਜਦਾ, ਸੇਵਾ ਕਰ ਕੇ ਦੀਵਾਨ ਵਿਚ ਬੈਠ ਕੇ ਕੀਰਤਨ ਸੁਣਦਾ। ਇਕ ਦਿਨ ਭਾਈ ਧਿੰਙਾ ਹਜ਼ੂਰ ਨਾਲ ਤਪਿਆਣੇ ਗਿਆ। ਏਕਾਂਤ ਵੇਖ ਕੇ ਮਨ ਦੀ ਗੱਲ ਖੋਲ੍ਹੀ, "ਦਾਤਾਰ ਜੀਓ! ਸਰੀਰ ਦੇ ਦੁੱਖ ਆਪਣੇ ਵੱਸ ਦੇ ਨਹੀਂ, ਬੇਵੱਸੇ ਚੰਬੜੇ ਹਨ। ਮਨ ਦੇ ਕਲੇਸ਼ ਮਨ ਹੀ ਰਚਦਾ ਹੈ ਤੇ ਕੱਢਦਾ ਹੈ, ਪਰ ਇਹ ਨਵਿਰਤ ਨਹੀਂ ਹੁੰਦੇ। ਮਿਹਰਾਂ ਦੇ ਦਾਤੇ! ਮਿਹਰ ਕਰੋ, ਇਹ ਦੁੱਖ ਦੂਰ ਹੋ ਜਾਣ।" ਸਾਹਿਬਾਂ ਨੇ ਬਚਨ ਕੀਤਾ ਕਿ "ਭਾਈ, ਭਗਤੀ ਕਮਾ, ਗੁਰਮਤਿ ਧਾਰ, ਮਨ ਦੀ ਮੱਤ ਤਿਆਗ ਦੇ। ਆਪਣੀ ਮੱਤ ਗੁਰੂ ਦੀ ਮਤਿ ਵਿਚ ਲੀਨ ਕਰ, ਮਨ ਭੱਜੇਗਾ ਨਹੀਂ। ਜਿਵੇਂ ਸਰੀਰ ਵਿੱਚੋਂ ਆਤਮਾ ਛੁੱਟ ਜਾਵੇ ਤਾਂ ਸਰੀਰ ਗੋਰ (ਮੜ੍ਹੀ) ਵਿਚ ਸਮਾਉਂਦਾ ਹੈ, ਤਿਵੇਂ ਜੇ ਮਨ ਆਪਣੀ ਮੱਤ ਛੱਡੇ ਤਾਂ ਗੁਰੂ ਦੀ ਮਤਿ ਵਿਚ ਸਮਾਉਂਦਾ ਹੈ। ਮਨਮਤਿ ਨਾਲ ਦੁੱਖ-ਕਲੇਸ਼, ਵੈਰ-ਵਿਰੋਧ ਪੈਦਾ ਹੁੰਦੇ ਹਨ।

ਗੁਰਮਤਿ ਨਾਲ ਕਲੇਸ਼ਾਂ ਤੋਂ ਨਵਿਰਤੀ ਮਿਲਦੀ ਹੈ। ਸਿੱਖ ਭਲਾ ਸੋਚਦਾ ਹੈ, ਭਲਾ ਕਰਦਾ ਹੈ ਤੇ ਭਲਾ ਮਨਾਉਂਦਾ ਹੈ। ਭਲਿਆਈ ਦੇ ਮਾਲਕ ਵਾਹਿਗੁਰੂ ਦੇ ਗੁਣ ਗਾਉਣੇ, ਉਸ ਦਾ ਨਾਮ ਸਿਮਰਨ ਕਰਨਾ, ਉਸ ਵਿਚ ਜੁੜਨਾ ਤੇ ਉਸ ਦੇ ਚਾਨਣ ਵਿਚ ਚੱਲਣਾ ਹੈ।" ਅੱਗੇ ਹੋਰ ਉਪਦੇਸ਼ ਕਰਦਿਆਂ ਕਿਹਾ, "ਭਾਈ ਧਿੰਙਾ! ਮਨਮਤਿ ਵਾਲੀ ਕਾਮਨਾ ਤਿਆਗ ਕੇ ਸੇਵਾ ਕਰਿਆ ਕਰ। ਦੂਜਾ, ਬਾਣੀ ਸੁਣ ਤੇ ਕੀਰਤਨ ਵਿਚ ਜੁੜਿਆ ਕਰ। ਪੜ੍ਹ, ਵਿਚਾਰ ਅਤੇ ਵਿਚਾਰ 'ਤੇ ਅਮਲ ਕਰਿਆ ਕਰ। ਤੀਜਾ, ਅੰਮ੍ਰਿਤ ਵੇਲਾ ਸੰਭਾਲ। ਨਾਮ ਜਪਿਆ ਕਰ, ਸ੍ਵਾਸ-ਸ੍ਵਾਸ ਕੀਤਾ ਸਿਮਰਨ ਲਿਵ ਬਣ ਜਾਵੇ ਤੇ ਲਿਵ ਨਾਮੀ ਵਿਚ ਲੱਗ ਜਾਵੇ। ਚੌਥਾ ਵਿਹਲੇ ਸਮੇਂ ਨੂੰ ਸਫਲਾਇਆ ਕਰ, ਮਨ ਦੀਆਂ ਤਰੰਗਾਂ ਨੂੰ ਹੋੜ-ਹੋੜ ਕੇ ਕਰਤਾ ਦੇ ਫੁਰਨੇ ਨੂੰ ਦ੍ਰਿੜ੍ਹ ਕਰਿਆ ਕਰ।" ਇਹ ਬਚਨ ਕਹਿ ਕੇ ਮਿਹਰਾਂ ਦੇ ਦਾਤੇ ਸਤਿਗੁਰੂ ਨੇ ਮਿਹਰ ਦੀ ਨਜ਼ਰ ਪਾਈ। ਭਾਈ ਧਿੰਙਾ ਨੂੰ ਨਾਮ-ਦਾਨ ਦੀ ਦਾਤ ਪ੍ਰਾਪਤ ਹੋਈ ਤੇ ਉਸ ਦਾ ਜੀਵਨ ਨਿਹਾਲ ਹੋ ਗਿਆ।

ਸ਼ਬਦ ਰੂਪ ਮੋਤੀਆਂ ਦੀ ਚੋਗ ਚੁਗੋ

ਦੀਨ ਦੁਨੀਆਂ ਦੇ ਮਾਲਕ ਸਾਹਿਬ ਸ੍ਰੀ ਗੁਰੂ ਅੰਗਦ ਸਾਹਿਬ ਜੀ ਮੱਲ ਅਖਾੜੇ ਬਿਰਾਜਮਾਨ ਸਨ। ਕੁਸ਼ਤੀਆਂ ਘੁਲਣ ਵਾਲੇ ਮੱਲ ਕੁਸ਼ਤੀਆਂ ਕਰ ਕੇ ਤੁਰ ਗਏ। ਛੋਟੇ ਬੱਚੇ ਵੀ ਖੇਡਾਂ ਖੇਡ ਕੇ ਚਲੇ ਗਏ ਪਰ ਪਾਤਸ਼ਾਹ ਬੈਠੇ ਰਹੇ। ਕਾਦਰ ਦੀ ਕੁਦਰਤ ਦੇ ਨਜ਼ਾਰਿਆਂ ਨੂੰ ਤੱਕਦਿਆਂ ਨੈਣ ਮੁੰਦੇ ਹੋਏ ਸਨ। ਅਚਰਜ ਆਭਾ ਸੁੰਦਰ ਮੁੱਖ 'ਤੇ ਛਾ ਰਹੀ ਸੀ। ਹਜ਼ੂਰੀ ਸੰਗਤ ਇਸ ਅਚਰਜ ਆਭਾ ਦਾ ਅਨੰਦ ਲੈ ਰਹੀ ਸੀ। ਮਨ ਵਿਚ ਕੁਝ ਜਾਣਨ ਦੀ ਜਗਿਆਸਾ ਲੈ ਕੇ, ਇਕ ਦਰਸ਼ਨ-ਅਭਿਲਾਸ਼ੀ ਆਇਆ। ਪਾਰੋ ਨਾਮ ਸੀ ਉਸ ਦਾ। ਪਾਤਸ਼ਾਹ ਜਦ ਟਿਕੇ ਹੋਏ ਸਨ ਤਾਂ ਉਹ ਵੇਖ ਕੇ ਬੈਠ ਗਿਆ। ਕੁਝ ਸਮੇਂ ਬਾਅਦ ਪਾਤਸ਼ਾਹ ਦੇ ਨੇਤਰ ਖੁੱਲ੍ਹ ਗਏ। ਮਿਹਰਾਂ ਭਰੀ ਦ੍ਰਿਸ਼ਟੀ ਜਗਿਆਸੂ ਉੱਤੇ ਪਈ। ਉਹ ਅੱਗੇ ਵਧਿਆ ਤੇ ਮੁੜ ਮੱਥਾ ਟੇਕ ਕੇ ਨੇੜੇ ਬੈਠ ਗਿਆ। ਰਹਿਮਤਾਂ ਦੇ ਮਾਲਕ ਪਿਤਾ ਨੇ ਪੁੱਛਿਆ, "ਆ ਭਾਈ, ਪਾਰੋਂ ਆਇਆ ਹੈਂ ? (ਪਾਰੋਂ ਦਾ ਭਾਵ ਦਰਿਆ ਬਿਆਸ ਤੋਂ, ਪਾਰ ਤੋਂ) ਕੀ ਨਾਮ ਹੈ ਤੇਰਾ ?" ਸਿੱਖ ਨੇ ਕਿਹਾ, "ਜੀ ਪਾਰੋਂ ਆਇਆ ਹਾਂ, ਡੱਲੇ ਪਿੰਡ ਤੋਂ। ਪਾਰੋ ਨਾਮ ਹੈ ਮੇਰਾ।" "ਕਿਵੇਂ ਆਏ ਹੋ ਪਾਰ ਦੇ ਹੋ ਕੇ ਉਰਾਰ ਨੂੰ ?" ਪਾਤਸ਼ਾਹ ਨੇ ਪੁੱਛਿਆ। "ਜੀ ਵਾਸ਼ਨਾਵਾਂ ਲਈ ਫਿਰਦੀਆਂ ਹਨ ਜੰਜਾਲਾਂ ਦੇ ਮਗਰ, ਕਦੇ ਉਪਰਾਮਤਾ ਆ ਜਾਂਦੀ ਹੈ। ਅੱਜ ਉਹ ਲੈ ਆਈ ਹੈ ਹਜ਼ੂਰ ਦੀ ਚਰਨ-ਸ਼ਰਣ। ਮਨ ਦੀ ਸੰਸਾ ਦੂਰ ਕਰਨੀ ਹੈ, ਜੇ ਹਜ਼ੂਰ ਦੀ ਮਿਹਰ ਹੋਵੇ।" ਭਾਈ ਪਾਰੋ ਇੱਕੋ ਸਾਹੇ ਬੋਲ ਗਿਆ। ਪਾਤਸ਼ਾਹ ਨੇ ਕਿਹਾ, "ਦੱਸ ਭਾਈ ?" ਪਾਰੋ ਨੇ ਕਿਹਾ, "ਸੱਚੇ ਸਤਿਗੁਰੂ! ਕਹਿੰਦੇ ਹਨ ਕੋਈ ਪਰਮ ਹੰਸ ਹੁੰਦਾ ਹੈ। ਉਸ ਦੇ ਲੱਛਣ ਕਿਹੜੇ ਹਨ, ਇਹ ਜਾਨਣ ਦੀ ਇੱਛਾ ਹੈ। ਇਹ ਵੀ ਰੀਝ ਕਿ ਉਸ ਦੇ ਦਰਸ਼ਨ ਵੀ ਕਰਾ ਦਿਓ।" ਪਾਤਸ਼ਾਹ ਨੇ ਕਿਹਾ, "ਸੰਘਰ ਤੋਂ ਰੋੜੇ ਪੰਡਤ ਨੂੰ ਸਦਵਾ ਦਿੰਦੇ ਹਾਂ, ਉਹ ਖੋਲ੍ਹ ਕੇ ਦੱਸ ਦੇਵੇਗਾ।" ਭਾਈ ਪਾਰੋ ਨੇ ਬੇਨਤੀ ਕੀਤੀ, "ਹੇ ਦਾਤਾ! ਪਰਮ ਹੰਸਾਂ ਦੇ ਲਿਖੇ ਲੱਛਣ ਤਾਂ ਸੁਣੇ ਹਨ। ਆਪਣੇ ਪਰਮ ਹੰਸ ਵੀ ਡਿੱਠੇ ਹਨ ਪਰ ਸੱਚਮੁੱਚ ਦਾ ਪਰਮ ਹੰਸ ਨਾ ਸੁਣਿਆ, ਨਾ ਡਿੱਠਾ ਹੈ।" ਸਤਿਗੁਰੂ ਫਿਰ ਪ੍ਰਭੂ ਦੇ ਦੇਸ ਚਲੇ ਗਏ। ਪਾਤਸ਼ਾਹ ਨੇ ਦੋ ਵਾਰ ਰਹਿਮਤ ਭਰੀ ਨਜ਼ਰ ਨਾਲ ਤੱਕਿਆ, ਪਰ

ਪਾਰੋ ਦੀ ਸਮਝ ਵਿਚ ਕੁਝ ਨਾ ਪਿਆ। ਫਿਰ ਪਾਤਸ਼ਾਹ ਨੇ ਦੱਸਿਆ, "ਹੰਸ ਇਕ ਪੰਛੀ ਹੁੰਦਾ ਹੈ ਬੱਤਖ਼ ਵਰਗਾ ਜੋ ਉਸ ਤੋਂ ਵੱਡਾ ਤੇ ਸੁਹਣਾ ਹੁੰਦਾ ਹੈ ਅਤੇ ਉਹ ਸਵੱਛ ਤੇ ਨਿਰਮਲ ਥਾਂ 'ਤੇ ਬੈਠਦਾ ਹੈ। ਉੱਜਲ ਹੋਣ ਕਰਕੇ ਉੱਜਲਤਾ ਦਾ ਦ੍ਰਿਸ਼ਟਾਂਤ ਬਣਦਾ ਹੈ। ਪੁਰਾਣੇ ਰਿਸ਼ੀ-ਮੁਨੀ ਇਹ ਮੰਨਦੇ ਸਨ ਕਿ 'ਸੋਮ' ਨੂੰ ਪਾਣੀ ਵਿਚ ਮਿਲਾਉ ਤਾਂ ਹੰਸ ਚੁੰਝ ਪਾਵੇ ਤਦ ਪਾਣੀ ਤੇ ਸੋਮ ਵੱਖ ਹੋ ਜਾਣਗੇ। ਫਿਰ ਕਹਾਣੀ ਬਣੀ ਕਿ ਪਾਣੀ ਤੇ ਦੁੱਧ ਮਿਲਾਉ। ਹੰਸ ਤਾਂ ਦੁੱਧ ਵਿਚ ਚੁੰਝ ਪਾ ਦੁੱਧ ਪਾਣੀ ਨਿਖੇੜ ਲੈਂਦਾ ਹੈ। ਇਹ ਵੀ ਵਾਰਤਾ ਹੈ ਕਿ ਹੰਸ ਮੋਤੀ ਦੀ ਚੋਗ ਚੁਗਦਾ ਹੈ। ਸਾਧੂ ਸੰਨਿਆਸੀਆਂ ਨੇ ਇਹ ਪਦ ਵੱਡੇ ਸਾਧੂਆਂ ਲਈ ਵਰਤਿਆ ਹੈ। ਹੰਸ ਪਦ ਆਤਮਾ, ਪਰਮਾਤਮਾ, ਸੂਰਜ ਆਦਿ ਦੇ ਅਰਥਾਂ ਵਿਚ ਵੀ ਮੰਨਿਆ ਜਾਂਦਾ ਹੈ।

"ਗੁਰਮਤਿ ਵਿਚ ਪਰਮ ਹੰਸ ਬਾਰੇ ਅਸਲ ਵਿਚ ਇਹ ਹੈ ਕਿ ਜੀਵ ਰੂਪੀ ਪੰਛੀ ਦਾਣਿਆਂ ਰੂਪੀ ਪਦਾਰਥਾਂ ਦੇ ਚੋਗ ਦੇ ਮਗਰ ਭੱਜੇ ਫਿਰਦੇ ਹਨ। ਪਰ ਪਰਮ ਹੰਸ ਰੂਪੀ ਉੱਤਮ-ਪੁਰਖ ਸ਼ਬਦ ਰੂਪੀ ਮੋਤੀਆਂ ਦੀ ਚੋਗ ਚੁਗਦਾ ਹੈ। ਸ਼ਬਦ-ਰਤਨ ਗੁਰ-ਸਾਗਰ ਵਿਚ ਹੁੰਦਾ ਹੈ। ਜੀਵ ਗੁਰੂ ਤੋਂ ਇਹ ਮੋਤੀ ਲੈ ਕੇ ਕਮਾਈ ਕਰਦਾ ਹੈ। ਇਸ ਕਮਾਈ ਨਾਲ ਉਸ ਦੀ ਬੁੱਧੀ ਸਹੀ ਤੇ ਗ਼ਲਤ, ਸੱਚ ਤੇ ਝੂਠ ਨੂੰ ਨਿਖੇੜਨ ਦੇ ਸਮਰੱਥ ਹੋ ਜਾਂਦੀ ਹੈ। ਸਾਰ ਨੂੰ ਉਹ ਜੀਵਨ ਦਾ ਹਿੱਸਾ ਬਣਾ ਲੈਂਦਾ ਹੈ। ਅਸਾਰ ਨੂੰ ਤਿਆਗ ਦਿੰਦਾ ਹੈ। ਗੁਰੂ ਪਾਤਸ਼ਾਹ ਦਾ ਫ਼ੁਰਮਾਨ ਹੈ :

ਗੁਰੁ ਸਾਗਰੁ ਰਤਨੀ ਭਰਪੂਰੇ ॥
ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥ *(ਧਨਾਸਰੀ ਮ: ੧, ਪੰਨਾ 685)*

"ਪਰਮ ਹੰਸ ਬੁੱਧੀ ਵਾਲੇ ਜੀਵ ਕੇਵਲ ਅੰਮ੍ਰਿਤ ਗ੍ਰਹਿਣ ਕਰਦੇ ਹਨ ਤੇ ਦੂਰ ਨਹੀਂ ਜਾਂਦੇ। ਇਸ ਨਾਲ ਸੰਤ ਵਿਚ ਸਾਰ-ਅਸਾਰ ਦੀ ਨਿਖੇੜਵੀਂ ਬੁੱਧੀ ਉਪਜਦੀ ਹੈ। ਨਿਖੇੜਵੀਂ ਬੁੱਧੀ ਤੋਂ ਭਾਵ ਹੈ ਕਿ ਉਹ ਜਾਣ ਲੈਂਦਾ ਹੈ ਕਿ ਮੈਂ ਦੇਹ ਤੋਂ ਵੱਖਰਾ ਹਾਂ। ਜਿਵੇਂ ਬਦਾਮ ਦੇ ਖੋਲ ਵਿਚ ਬਦਾਮ ਦੀ ਗਿਰੀ ਵੱਖਰੀ ਹੁੰਦੀ ਹੈ, ਇਸੇ ਤਰ੍ਹਾਂ ਦੇਹ ਜੜ੍ਹ ਹੈ। ਮਨ ਚੇਤਨ ਵਾਲਾ। ਚੇਤਨ ਹੋਣ ਕਰਕੇ ਮਨ ਸੂਖਮ ਹੁੰਦਾ ਹੋਇਆ ਵੀ ਭਾਰੀ ਤੇ ਸਥੂਲ ਦੇਹ ਨੂੰ ਚਲਾਉਂਦਾ ਹੈ। ਜਿਵੇਂ ਕਿਸੇ ਜੀਵ ਨੂੰ ਚਿੰਤਾ ਹੋਵੇਗੀ ਤਾਂ ਉਹ ਆਪਣੇ ਆਪ ਨੂੰ ਕਮਜ਼ੋਰ, ਢਿੱਲਾ ਤੇ ਅਸਵਸਥ ਮਹਿਸੂਸ ਕਰੇਗਾ। ਜਦੋਂ ਚਿੰਤਾ ਵਿਚਾਰਾਂ ਨਾਲ ਦੂਰ ਹੋ ਜਾਵੇ ਤਾਂ ਸਰੀਰ ਸਵਸਥ ਲੱਗਣ ਲੱਗ ਪੈਂਦਾ ਹੈ। ਇਸੇ ਲਈ ਚੇਤਨ ਦੇਹ ਤੋਂ ਵੱਖਰਾ ਹੈ। ਜਦੋਂ ਦੇਹ ਤੋਂ ਸੰਕਲਪ ਨੂੰ ਖਿੱਚ ਕੇ ਅਡੋਲ ਹੋ ਕੇ ਆਪੇ ਵਿਚ ਟਿਕਦਾ ਹੈ ਤਾਂ ਆਪ ਨੂੰ ਦੁੱਖਹੀਨ ਤੇ ਸੁਖ ਵਿਚ ਪ੍ਰਤੀਤ ਕਰਦਾ ਹੈ। ਇਸ ਸੁਖ ਦਾ

ਜਾਣੂ ਹੋ ਜਾਣ 'ਤੇ ਦੇਹ ਦੇ ਭੋਗਾਂ ਵਿਚ ਲਿਪਤ ਨਹੀਂ ਹੁੰਦਾ। ਸਰੀਰ ਨੂੰ ਨਾਸ਼ਮਾਨ ਜਾਣ ਕੇ ਫਿਰ ਇਸ ਦੇ ਭੋਗਾਂ ਤੇ ਰਸ਼ਾਂ ਲਈ ਪਾਪ ਭੀ ਨਹੀਂ ਕਰਦਾ। ਅਜਿਹੇ ਉੱਜਲ ਪੁਰਖ ਨੂੰ ਆਪੇ ਵਿਚ ਟਿਕਣ ਦਾ ਜੋ ਰਸ ਆਵੇਗਾ, ਉਹ ਆਪੇ ਵਿਚ ਅੰਤਰਮੁਖ ਰਹਿਣ ਲਈ ਪ੍ਰੇਰਨਾ ਕਰਦਾ ਰਹੇਗਾ। ਇਸੇ ਅੰਤਰਮੁਖਤਾ ਕਰਕੇ ਆਪੇ ਦੇ ਮੂਲ ਪਰਮ-ਆਪੇ ਦੀ ਸੋਝੀ ਆ ਜਾਂਦੀ ਹੈ।"

"ਪਰ ਪਾਤਸ਼ਾਹ! ਅਜਿਹਾ ਅੰਤਰ-ਮੁਖੀ ਜਗਤ ਵਿਚ ਕਿਵੇਂ ਰਹੇਗਾ? ਗ੍ਰਿਹਸਥ ਇਕ ਚਿੱਕੜ ਦੀ ਨਿਆਈਂ ਹੈ ਉਸ ਲਈ।" ਭਾਈ ਪਾਰੋ ਨੇ ਕਿਹਾ।

ਸਤਿਗੁਰਾਂ ਫ਼ੁਰਮਾਇਆ, "ਭਾਈ! ਕਮਲ ਜਲ ਵਿਚ ਪੈਦਾ ਹੁੰਦਾ ਹੈ ਪਰ ਉਸ ਤੋਂ ਸਦਾ ਨਿਰਲੇਪ ਰਹਿੰਦਾ ਹੈ। ਉਸ ਦਾ ਧਿਆਨ ਜਲ ਵੱਲ ਨਹੀਂ, ਸਦਾ ਸੂਰਜ ਵੱਲ ਟਿਕਦਾ ਹੈ। ਤਿਵੇਂ ਹੀ ਇਹ ਪਿਆਰ-ਧਿਆਨ ਉਸ ਜੀਵਨ ਨੂੰ ਪਰਮਾਤਮਾ ਵਿਚ ਲਾਈ ਰੱਖਦਾ ਹੈ। ਉਸ ਨੂੰ ਯਾਦ ਕਰਦਾ ਹੈ। ਜਗਤ ਦੇ ਪਦਾਰਥਾਂ ਦਾ ਮੋਹ ਉਸ ਨੂੰ ਚਿੰਬੜਦਾ ਨਹੀਂ। ਦੇਹ ਦੇ ਦੁਖ-ਸੁਖ, ਹਰਖ-ਸੋਗ ਵਿਚ ਇਕ-ਸਮਾਨ ਰਹਿੰਦਾ ਹੈ। ਪ੍ਰਭੂ ਦਾ ਧਿਆਨੀ ਹੋਣ ਕਰਕੇ ਉਹ ਜੋਗ ਸੰਸਾਰਕ ਮੋਹ ਤੋਂ ਮੁਕਤ ਹੁੰਦਾ ਹੈ। 'ਪੰਚੇ ਪਾਵਹਿ ਦਰਗਹਿ ਮਾਨੁ' ਦੀ ਤਰ੍ਹਾਂ ਉਹੀ ਪੰਚ ਪਰਮ ਹੁੰਦੇ ਹਨ ਤੇ ਪ੍ਰਭੂ-ਦਰਬਾਰ ਵਿਚ ਪ੍ਰਵਾਨ ਚੜ੍ਹਦੇ ਹਨ। ਗੁਰੂ ਨਾਨਕ ਪਿਤਾ ਦਾ ਫ਼ੁਰਮਾਨ ਹੈ:

ਸਰਵਰਿ ਕਮਲੁ ਕਿਰਣਿ ਆਕਾਸੀ ਬਿਗਸੈ ਸਹਜਿ ਸੁਭਾਈ॥
ਪ੍ਰੀਤਮ ਪ੍ਰੀਤਿ ਬਨੀ ਅਭ ਐਸੀ ਜੋਤੀ ਜੋਤਿ ਮਿਲਾਈ॥

(ਮਲਾਰ ਮ: ੧, ਪੰਨਾ 1273)

ਭਾਵ ਕਿ ਕਮਲ ਸਰੋਵਰ ਵਿਚ, ਕਿਰਨਾਂ ਦਾ ਮਾਲਕ ਸੂਰਜ ਆਕਾਸ਼ ਵਿਚ ਵਿਚਰਦਾ ਹੈ, ਪਰ ਉਸ ਦੀ ਕਿਰਨ ਨਾਲ ਕਮਲ ਸਹਿਜ ਸੁਭਾ ਵਿਗਸਦਾ ਹੈ। ਇਸੇ ਤਰ੍ਹਾਂ ਮੇਰੇ ਦਿਲ ਵਿਚ ਪ੍ਰਭੂ ਲਈ ਪ੍ਰੀਤ ਅਜਿਹੀ ਬਣ ਗਈ ਕਿ ਇਸ ਪ੍ਰੇਮ ਨੇ ਉਸ ਜੋਤੀ-ਸਰੂਪ ਵਿਚ ਮੇਰੀ ਜੋਤ ਨੂੰ ਮਿਲਾ ਦਿੱਤਾ। ਇਹ ਤਾਂ ਹਨ ਲੱਛਣ ਪਰਮ ਹੰਸ ਦੇ। ਦਰਸ਼ਨ ਕਰਨ ਲਈ ਸ਼ਬਦ ਦਾ ਧਾਰਨੀ ਬਣ ਕੇ ਨਾਮ ਰੂਪੀ ਰਤਨਾਂ ਦੀ ਚੋਗ ਚੁਗ, ਇਕਾਗਰ-ਚਿਤ ਹੋ ਕੇ ਆਪਣਾ ਧਿਆਨ ਨਿਰੰਕਾਰ ਵੱਲ ਰੱਖ। ਇਸ ਨਾਲ ਗ੍ਰਿਹਸਥ ਵਿਚ ਵੀ ਹੰਸ ਪਰਮ ਬਣ ਜਾਵੇਂਗਾ। ਫਿਰ ਕਰ ਲਈਂ ਆਪੇ ਵਿੱਚੋਂ ਪਰਮ ਹੰਸ ਦੇ ਦਰਸ਼ਨ।" ਭਾਈ ਪਾਰੋ ਪਾਤਸ਼ਾਹ ਦੇ ਪਾਵਨ ਬਚਨਾਂ ਨੂੰ ਵੈਰਾਗ ਵਿਚ ਆ ਕੇ ਗੁਰੂ ਵਿਚ ਆਪਾ ਸਮਾ ਸੁਣ ਰਿਹਾ ਸੀ। ਆਤਮ-ਰੰਗ ਰੱਤੇ ਭਾਈ ਪਾਰੋ ਦਾ ਸਿਰ ਗੁਰੂ-ਚਰਨਾਂ 'ਤੇ ਟਿਕ ਗਿਆ। ਬੋਲਿਆ, "ਦਾਤਾ! ਹੋ ਗਏ ਦਰਸ਼ਨ ਹੰਸਾਂ ਦੇ ਪਰਮ ਹੰਸ ਦੇ। ਹੇ ਦੀਨ ਦੁਨੀਆਂ ਦੀ ਸੋਝੀ ਦੇਣ ਵਾਲੇ ਮਾਲਕ ਜੀਉ! ਸ਼ਬਦ-ਰਤਨ ਮੇਰੀ ਝੋਲੀ ਪਾ ਦਿਉ। ਬਖ਼ਸ਼ਿਸ਼ਾਂ ਦਾ ਅਮੁੱਲ ਖ਼ਜ਼ਾਨਾ।"

ਦੇਣਹਾਰ ਪਿਤਾ ਤ੍ਰੁੱਠ ਪਏ। ਨਾਮ-ਦਾਨ ਦਾ ਖ਼ਜ਼ਾਨਾ ਭਾਈ ਪਾਰੋ ਦੀ ਝੋਲੀ ਪਾ ਦਿੱਤਾ ਤੇ ਨਾਲ ਹੀ ਕਿਹਾ, "ਅਰਥ ਦੀ ਕਿਰਤ ਕਰ ਤੇ ਪਰਮਾਰਥ ਦੀ ਵੀ ਕਮਾਈ ਕਮਾ। ਦੋਹਾਂ ਦਾ ਮੇਲ ਕਰ। ਅਰਥ-ਪਰਮਾਰਥ ਨਿਖੇੜ ਨਾ, ਦੋਹਾਂ ਨੂੰ ਮੇਲ ਕੇ ਤੁਰ, ਜਿਵੇਂ ਕਮਲ ਜਲ ਵਿਚ ਵੱਸਦਾ ਹੈ। ਜਲ ਤੋਂ ਪਲਦਾ ਤੇ ਖੇੜਾ ਸੂਰਜ ਤੋਂ ਲੈਂਦਾ ਹੈ ਤੇ ਵਿਗਸਦਾ ਹੈ।" ਭਾਈ ਗੁਰਦਾਸ ਜੀ ਨੇ ਭਾਈ ਪਾਰੋ ਜੀ ਦੀ ਤੁਲਨਾ ਪਰਮ ਹੰਸ ਨਾਲ ਕਰਦਿਆਂ ਵਰਣਨ ਕੀਤਾ ਹੈ :

ਪਾਰੋ ਜੁਲਕਾ ਪਰਮਹੰਸੁ ਪੂਰੈ ਸਤਿਗੁਰ ਕਿਰਪਾ ਧਾਰੀ ॥

(ਵਾਰ 11:15)

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ

ਸ੍ਰੀ ਗੁਰੂ ਅੰਗਦ ਦੇਵ ਜੀ ਲੋਕਾਈ ਦੇ ਭਰਮਾਂ-ਸੰਸਿਆਂ ਨੂੰ ਦੂਰ ਕਰ ਕੇ ਮਨੁੱਖਤਾ ਦਾ ਪਾਰ-ਉਤਾਰਾ ਕਰ ਰਹੇ ਸਨ। ਖਡੂਰ ਸਾਹਿਬ ਵਿਖੇ ਪਾਤਸ਼ਾਹ ਦਾ ਦਰਬਾਰ ਲੱਗਾ ਹੋਇਆ ਸੀ। ਭਰਮਾਂ ਵਿਚ ਪਿਆ ਤੇ ਸੰਸਾ ਦਾ ਮਾਰਿਆ ਹੋਇਆ ਭਾਈ ਮੱਲੂ ਸ਼ਾਹ ਦੀਵਾਨ ਵਿਚ ਹਾਜ਼ਰ ਹੋਇਆ। ਉਹ ਮੁਗ਼ਲਾਂ ਦੀ ਫ਼ੌਜ ਵਿਚ ਨੌਕਰੀ ਕਰਦਾ ਸੀ। ਉਸ ਨੇ ਬੇਨਤੀ ਕੀਤੀ ਕਿ "ਪਾਤਸ਼ਾਹ ! ਨੌਕਰੀ ਕਰਦਿਆਂ ਆਤਮਕ ਸੁਖ ਨਹੀਂ ਮਿਲਦਾ। ਜੀਵਨ ਬਹੁਤ ਛੋਟਾ ਹੈ। ਮੌਤ ਅਵੱਸ਼ ਆਵੇਗੀ। ਪਰ ਸਾਡੀ ਮੌਤ ਤਾਂ ਬਹੁਤ ਕਾਹਲੀ ਹੈ। ਜਿੰਦ ਤਲੀ 'ਤੇ ਰੱਖੀ ਹੁੰਦੀ ਹੈ। ਫ਼ੌਜੀ ਛਾਉਣੀਆਂ ਵਿਚ ਸਾਡਾ ਜੀਵਨ ਦੋ ਤਰ੍ਹਾਂ ਦਾ ਹੈ। ਪਹਿਲਾ ਵਿਹਲੀਆਂ ਖਾਣ ਦਾ ਅਤੇ ਦੂਜਾ ਜੰਗ ਛਿੜੇ ਤੋਂ ਮਰਨ-ਮਾਰਨ ਦਾ। ਫਿਰ ਪਾਤਸ਼ਾਹ ਜੀ ! ਸਾਡਾ ਪਾਰ-ਉਤਾਰਾ ਕਿਵੇਂ ਹੋਵੇਗਾ ?" ਗੁਰਦੇਵ ਪਿਤਾ ਨੇ ਭਾਈ ਮੱਲੂ ਸ਼ਾਹ ਨੂੰ ਸਮਝਾਉਂਦਿਆਂ ਬਚਨ ਕੀਤੇ, "ਹਰ ਮਨੁੱਖ ਸੁਖ ਲੱਭਦਾ ਹੈ। ਹਰ ਕੋਈ ਕੇਵਲ ਆਪਣੇ ਲਈ ਸੁਖ ਲੋੜਦਾ ਹੈ। ਚਾਹੀਦਾ ਤਾਂ ਇਹ ਹੈ ਕਿ ਜੇ ਸਾਨੂੰ ਸੁਖ ਮਿਲੇ ਤਾਂ ਦੂਜਿਆਂ ਲਈ ਵੀ ਸੁਖ ਦੀ ਕਾਮਨਾ ਕਰੀਏ, ਪਰ ਵੇਖੀਦਾ ਹੈ ਕਿ ਜੀਵ ਆਪਣੇ ਤੋਂ ਬਿਨਾਂ ਦੂਜੇ ਦਾ ਸੁਖ ਨਹੀਂ ਲੋੜਦਾ। ਦੂਜੇ ਦੇ ਸੁਖ ਨੂੰ ਹਰ ਕੋਈ ਓਪਰਾ ਜਾਣਦਾ ਹੈ। ਇਸੇ ਕਰਕੇ ਹਰ ਇਕ ਵਿਚ ਦੂਜੇ ਲਈ ਵਿਤਕਰਾ ਵੱਸ ਰਿਹਾ ਹੈ। ਇਹ ਭਾਵਨਾ ਈਰਖਾ-ਦਵੈਸ਼ ਵਿਚ ਵੱਧ ਜਾਂਦੀ ਹੈ। ਇਸ ਨਾਲ ਹੀ ਮਨੁੱਖ ਦਾ ਮਨੁੱਖ ਨਾਲ ਤੇ ਇਕ ਦੇਸ਼ ਦਾ ਦੂਜੇ ਦੇਸ਼ ਨਾਲ ਵੈਰ ਵਧਦਾ ਹੈ। ਜੇ ਮਨੁੱਖ ਆਪਣੇ ਸੁਖ ਨਾਲ ਦੂਜੇ ਦੇ ਸੁਖ ਲਈ ਲੋਚਣਾ ਕਰਨ ਤਾਂ ਵੈਰ ਘਟੇ ਤੇ ਹਟੇ। ਜੇ ਨਿੱਜ-ਸੁਖ ਤੇ ਪਰ-ਸੁਖ ਦੋਹਾਂ ਨੂੰ ਮਨੁੱਖ ਬਰਾਬਰ ਤੱਕੇ ਤਾਂ ਝਗੜੇ ਕਿਉਂ ਹੋਣ ? ਜੇ ਇਕ ਦਾ ਝਗੜਾ ਨਾ ਰਹੇ ਤਾਂ ਜਾਤਾਂ, ਕੌਮਾਂ ਤੇ ਦੇਸ਼ਾਂ ਦੇ ਝਗੜੇ ਕਿਉਂ ਹੋਣ ? ਰਾਜੇ ਪਾਤਸ਼ਾਹ ਕਿਉਂ ਇਕ ਦੂਜੇ ਨੂੰ ਮਾਰਨ ਉੱਠ ਪੈਣ। ਪਰ ਹੰਕਾਰ ਵਿਚ ਭਰੇ ਰਾਜੇ, ਜੋਧੇ ਤੇ ਜਰਵਾਣੇ ਮਨੁੱਖ ਤੇ ਲੋਕ ਦੂਜਿਆਂ ਤੋਂ ਖੋਹਣ ਤੁਰ ਪੈਂਦੇ ਹਨ। ਜੋ ਇਸ ਤਰ੍ਹਾਂ ਨਹੀਂ ਚਾਹੁੰਦੇ, ਆਪਣੀ ਰਾਖੀ ਲਈ ਜੰਗ ਉਨ੍ਹਾਂ ਨੂੰ ਵੀ ਕਰਨਾ ਪੈਂਦਾ ਹੈ। ਜੇ ਉਹ ਜੰਗ ਨਾ ਕਰਨ ਤਾਂ ਫਿਰ ਗ਼ੁਲਾਮੀ ਸਹਿਣੀ ਪੈਂਦੀ ਹੈ। ਇਸ ਤਰ੍ਹਾਂ ਜੰਗ ਵੀ ਮਨੁੱਖ ਦਾ ਸਾਥੀ ਬਣ ਗਿਆ। ਉਸ ਦੀ ਲੋੜ ਬਣ ਗਈ। ਸੋ ਭਾਈ

ਮੱਲ੍ਹ! ਜਿਸ ਨੂੰ 'ਜੰਗੀ ਜੀਵਨ' ਮਿਲੇ, ਉਹ ਜ਼ੋਰ-ਜ਼ੁਲਮ ਦਾ ਭਾਈਵਾਲ ਨਾ ਬਣੇ। ਦੂਜਿਆਂ ਨੂੰ ਲੁੱਟਣ, ਮਾਰਨ ਤੇ ਖੋਹਣ ਨੂੰ ਬੀਰਤਾ ਨਾ ਸਮਝੇ। ਕਿਸੇ ਮਨੁੱਖ ਦੀ, ਪਰਜਾ ਦੀ ਅਜ਼ਾਦੀ ਖੋਹ ਕੇ ਗ਼ੁਲਾਮੀ ਨਾ ਦੇਵੇ। ਹਾਂ, ਜ਼ੋਰ-ਜ਼ੁਲਮ ਵਾਲਿਆਂ ਨੂੰ ਰੋਕੇ। ਜ਼ੁਲਮੀ ਜਿਨ੍ਹਾਂ ਦੇ ਸਿਰ ਪਏ ਹਨ, ਉਨ੍ਹਾਂ ਦੀ ਰਾਖੀ ਕਰੇ। ਖ਼ੁਦ ਦੀ ਖ਼ਾਤਰ ਖ਼ਤਰੇ ਤੋਂ ਨਾ ਡਰੇ, ਪਰਉਪਕਾਰ ਲਈ ਕਮਰਕੱਸੇ ਕਰੀ ਰੱਖੇ। ਭਾਈ ਮੱਲ੍ਹ! ਜੰਗੀ ਜੀਵਨ ਬੀਰ-ਰਸੀ ਜੀਵਨ ਹੈ। ਇਹ ਜ਼ੋਰ-ਜ਼ੁਲਮ ਕਰਨ ਵਾਲਿਆਂ ਨੂੰ ਰੋਕਣ ਲਈ ਬਣਾਇਆ ਗਿਆ ਸੀ, ਜ਼ੋਰ-ਜ਼ੁਲਮ ਕਰਨ ਲਈ ਨਹੀਂ। ਇਹ ਇਕ ਮਹਾਨ ਦਾਨ ਹੈ, ਜਿਸ ਵਿਚ ਸਰੀਰ ਦਾ ਵੀ ਦਾਨ ਹੋ ਜਾਂਦਾ ਹੈ। ਇਸ ਦਾ ਮੂਲ ਉਤਸ਼ਾਹ ਜੋ ਚਾਅ ਬਣ ਕੇ ਪਰਉਪਕਾਰ ਕਰਦਾ ਹੈ, ਬਦੀ ਨੂੰ ਰੋਕਦਾ ਹੈ। ਨੇਕੀ ਪ੍ਰਚਾਰਦਾ ਹੈ। ਬੰਦੀਆਂ ਨੂੰ ਛੁਡਾਉਂਦਾ ਹੈ। ਖ਼ੁੱਲ੍ਹਾਂ ਨੂੰ ਖਿਲਾਰਦਾ ਹੈ। ਯੋਧਾ ਆਪਣੇ ਬੀਰ-ਰਸੀ ਧਰਮ ਵਿਚ ਕਦੇ ਕਾਇਰ ਨਾ ਬਣੇ। ਬੀਰ-ਰਸੀ ਉਪਕਾਰੀ ਸੂਰਮੇ ਦੇ ਸਨਮੁਖ ਜੂਝਦਿਆਂ ਆਈ ਮੌਤ ਸਫਲ ਹੁੰਦੀ ਹੈ :

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥

(ਵਡਹੰਸੁ ਮ: ੧, ਪੰਨਾ 579)

ਭਾਈ ਮੱਲ੍ਹ ਸ਼ਾਹ ਗੁਰੂ ਪਾਤਸ਼ਾਹ ਜੀ ਦੇ ਬਚਨ ਇਕਾਗਰ-ਚਿਤ ਹੋ ਕੇ ਸੁਣਦਾ ਰਿਹਾ। ਹਜ਼ੂਰ ਦੇ ਸਨਮੁਖ ਇਕ ਹੋਰ ਬੇਨਤੀ ਕੀਤੀ ਕਿ "ਪਾਤਸ਼ਾਹ! ਆਪਣੀ ਜਾਨ ਤਲੀ 'ਤੇ ਧਰੀ ਦੀ ਹੈ ਤਾਂ ਹੀ ਫ਼ੌਜ ਵਿਚ ਜਾਈਦਾ ਹੈ, ਪਰ ਫਿਰ ਵੀ ਮੌਤ ਦਾ ਡਰ ਹਰ ਕਿਸੇ ਨੂੰ ਬਣਿਆ ਰਹਿੰਦਾ ਹੈ।" ਗੁਰੂ-ਪਿਤਾ ਨੇ ਫ਼ੁਰਮਾਇਆ, "ਮੌਤ ਦਾ ਡਰ ਹਰ ਕਿਸੇ ਨੂੰ ਹੈ, ਇਹ ਡਰ ਜਿੱਤਣਾ ਪਰਮਾਰਥ ਹੈ, ਪਰ ਫ਼ੌਜੀ ਲਈ ਇਹ ਗੱਲ ਸਹਾਈ ਹੁੰਦੀ ਹੈ ਕਿ ਮੌਤ ਅਟੱਲ ਹੈ। ਫਿਰ ਮਰਨਾ ਹੁੰਦਾ ਹੈ ਕਿਸੇ ਬਹਾਨੇ, ਕਿਸੇ ਕਾਰਨ। ਜੋ ਸਰੀਰ ਪੈਦਾ ਹੁੰਦਾ ਹੈ, ਉਹ ਬਿਨਸਦਾ ਹੈ। ਕਦੀ ਕੋਈ ਬਿਮਾਰੀ ਵੀ ਲੱਗ ਜਾਂਦੀ ਹੈ। ਇਹ ਬਿਮਾਰੀ ਏਨੀ ਲੰਮੀ ਹੋ ਜਾਂਦੀ ਹੈ ਕਿ ਦੁਖੀ ਜੀਵ ਮੌਤ ਨੂੰ ਲੋੜਦਾ ਹੈ। ਪਰ ਸੂਰਮੇ ਦੀ ਮੌਤ ਸ਼ਸਤਰ ਨਾਲ ਤੇ ਝਟਪਟ ਹੁੰਦੀ ਹੈ, ਸੋ ਕਿਉਂ ਫ਼ਿਕਰ ਕਰੇ ਮੌਤ ਦਾ? ਮੌਤ ਅੰਤ ਹੈ ਹਰ ਜੀਵਨ ਦਾ। ਇਹ ਅੰਤ ਅਵੱਸ਼ ਆਉਣਾ ਹੈ। ਫਿਰ ਮੌਤ ਦਾ ਫ਼ਿਕਰ ਤੇ ਖ਼ੌਫ਼ ਕਿਉਂ? ਖ਼ੌਫ਼ ਮੌਤ ਦਾ ਨਹੀਂ ਕਰਨਾ। ਖ਼ੌਫ਼ ਮੰਦੀ ਤਰ੍ਹਾਂ ਬਤੀਤ ਕੀਤੇ ਜੀਵਨ ਦਾ ਹੋਣਾ ਚਾਹੀਦਾ ਹੈ।"

ਪਰ ਇਹ ਜੀਵਨ ਪਰਮਾਰਥ ਸਿਰੇ ਕਿਵੇਂ ਚੜ੍ਹੇ? ਇਸ ਬਾਰੇ ਪਾਤਸ਼ਾਹ ਨੇ ਕਿਹਾ :

"ਪਹਿਲਾ ਹੈ ਆਪਣਾ ਮਰਨਾ, ਮੌਤ ਅਟੱਲ ਹੈ, ਪਰ ਸਰੀਰ ਮਰਦਾ ਹੈ, ਆਤਮਾ ਨਹੀਂ ਮਰਦੀ। ਜੀਵਨ ਵਿਚ ਅੰਧਕਾਰ ਦਾ ਬੋਲ-ਬਾਲਾ ਹੁੰਦਾ ਹੈ।"

"ਜੀਵ-ਆਤਮਾ ਸਰੀਰ ਛੱਡ ਕੇ ਸੁਖੀ ਹੁੰਦੀ ਹੈ ਜਾਂ ਦੁਖੀ ਹੈ?"

"ਜੇ ਜਿਉਂਦਿਆਂ ਪਾਪ ਦੇ ਅੰਧਕਾਰ ਵਿਚ ਰਿਹਾ ਤਾਂ ਮਰ ਕੇ ਵੀ ਅੰਧਕਾਰ ਰਹੇਗਾ। ਅੰਧਕਾਰ ਵਿਚ ਦੁਖ ਹੈ। ਜੋ ਜਿਉਂਦਿਆਂ ਅੰਧਕਾਰ ਵਿਚ ਨਹੀਂ ਹੁੰਦਾ, ਉਹ ਮਰ ਕੇ ਵੀ ਸੁਖੀ ਹੁੰਦਾ ਹੈ।

"ਇਹ ਅੰਧਕਾਰ ਚਾਰ ਤਰ੍ਹਾਂ ਨਾਲ ਟੁੱਟਦਾ ਹੈ। ਪਹਿਲਾ—ਪਾਪ ਨਾ ਕਰਨ ਨਾਲ, ਜੀਵ ਪਾਪ-ਕਰਮ ਤੋਂ ਆਪਣੇ ਆਪ ਨੂੰ ਰੋਕੇ। ਭੁੱਲੇ ਤਾਂ ਫਿਰ ਰੋਕੇ, ਫੇਰ ਭੁੱਲੇ, ਫੇਰ ਰੋਕੇ, ਅੰਤ ਜਿੱਤ ਜਾਵੇਗਾ। ਦੂਜਾ—ਰਸਨਾ ਨਾਲ ਪਰਮੇਸ਼ਰ ਦਾ ਨਾਮ ਜਪੇ। ਨਾਮ ਜਪਦਿਆਂ ਉਹ ਅੰਦਰ ਧਸੇਗਾ। ਉਹ ਸਿਮਰਨ ਬਣ ਜਾਵੇਗਾ। ਸਿਮਰਨ ਨਾਲ ਮਨ ਇਕਾਗਰ ਤੇ ਨਿਰਮਲ ਹੋਵੇਗਾ। ਬੁੱਧੀ ਸਵੱਛ ਹੋ ਜਾਵੇਗੀ। ਗੁਰੂ ਨਾਨਕ ਪਾਤਸ਼ਾਹ ਦਾ ਬਚਨ ਹੈ:

ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥ *(ਜਪੁ ਜੀ, ਪੰਨਾ 4)*

"ਤੀਜਾ—ਬਾਣੀ ਨਾਲ। ਗੁਰੂ ਦੀ ਬਾਣੀ ਕਲਿਜੁਗ ਵਿਚ ਬੋਹਿਥ ਹੈ। ਬਾਣੀ ਦਾ ਪਾਠ ਕਰੇ, ਵੀਚਾਰੇ ਤੇ ਅਮਲ ਕਰੇ। ਬਾਣੀ ਦੱਸਦੀ ਹੈ—ਬਦੀ ਤੋਂ ਬਚੋ, ਨੇਕੀ ਕਰੋ। ਵਾਹਿਗੁਰੂ ਦੀ ਸਿਫ਼ਤਿ-ਸਾਲਾਹ ਕਰੋ। ਇਹ ਸਿਫ਼ਤਿ-ਸਾਲਾਹ ਬਾਣੀ ਦਾ ਕੀਰਤਨ ਸੁਣ ਕੇ ਜਾਂ ਆਪ ਜੁੜ ਕੇ ਕੀਰਤਨ ਕਰ ਕੇ ਹੁੰਦੀ ਹੈ। ਬਾਣੀ ਦੱਸਦੀ ਹੈ ਕਿ ਅੰਦਰ ਨੂੰ ਇਕਾਗਰ ਕਰੋ। ਅੰਦਰ ਨੂੰ ਨਿਰਮਲ ਕਰੋ ਤੇ ਕਰਤਾ ਪੁਰਖ ਨੂੰ ਮਿਲ ਪਵੋ।

"ਚੌਥਾ—ਦਾਨ ਹੈ। ਦਾਨ ਇਹ ਹੈ ਜੋ ਕਮਾਵੇ, ਗ਼ਰੀਬਾਂ ਲੋੜਵੰਦਾਂ ਨਾਲ ਵੰਡ ਕੇ ਖਾਵੇ। ਇਸ ਨਾਲ ਹੰਕਾਰ ਦੂਰ ਹੁੰਦਾ ਹੈ। ਸੰਤੋਖ ਉਪਜਦਾ ਹੈ। ਜੀਵਨ ਨਿਰਮਲ ਹੋ ਜਾਂਦਾ ਹੈ।

"ਜਦੋਂ ਆਪਾ ਨਿਰਮਲ ਹੋ ਜਾਵੇਗਾ ਤਾਂ ਉਹ ਜੀਵ ਪ੍ਰਭੂ ਨੂੰ ਆਪਣੇ ਅੰਦਰ ਪ੍ਰਤੀਤ ਕਰੇਗਾ। ਬਾਹਰ ਸੰਸਾਰ ਵਿਚ ਵੀ ਉਸ ਨੂੰ ਤੱਕੇਗਾ। ਵਾਹਿਗੁਰੂ ਅੰਗ-ਸੰਗ ਲੱਗਣਗੇ। ਉਸ ਦੀ ਹਜ਼ੂਰੀ ਮਿਲੇਗੀ। ਫੇਰ ਉਹ ਜੋ ਕਾਰਜ ਕਰੇਗਾ, ਸੁਤੇ-ਸਿੱਧ ਨੇਕੀ ਦੇ ਹੋਣਗੇ। ਕਾਮਨਾ ਰਹਿਤ ਹੋਣਗੇ। ਸਭ ਵਿਚ ਉਸ ਦੀ ਜੋਤ ਪਸਰ ਰਹੀ ਦਿਸੇਗੀ ਤੇ ਉਹ ਜੀਵਨ ਦੇ ਚਾਅ ਤੇ ਉਮਾਹ ਵਾਲਾ ਹੋਵੇਗਾ।"

ਇਹ ਸਭ ਸੁਣ ਕੇ ਭਾਈ ਮੱਲੂ ਤਰੋ-ਤਾਜ਼ਾ ਹੋ ਗਿਆ। ਸਭ ਸ਼ੰਕੇ ਮੁੱਕ ਗਏ। ਪਾਤਸ਼ਾਹ ਨੇ ਭਾਈ ਮੱਲੂ ਨੂੰ ਨਾਮ-ਦਾਨ ਬਖ਼ਸ਼ਿਆ ਤੇ ਨਿਹਾਲ ਕਰ ਦਿੱਤਾ। ਭਾਈ ਗੁਰਦਾਸ ਜੀ ਨੇ ਭਾਈ ਮੱਲੂ ਸ਼ਾਹ ਨੂੰ ਵੱਡਾ ਸੂਰਮਾ ਕਹਿ ਕੇ ਸਤਿਕਾਰ ਦਿੱਤਾ ਹੈ:

ਮਾਲੂਸਾਹੀ ਸੂਰਮਾ ਵਡਾ ਭਗਤੁ ਭਾਈ ਕੇਦਾਰੀ ॥ *(ਵਾਰ 11:15)*

ਮਿਲਿ ਸਤਿ ਸੰਗਤਿ ਸੇਵਾ ਲਾਗੈ

ਸ੍ਰੀ ਗੁਰੂ ਅੰਗਦ ਸਾਹਿਬ ਜੀ ਸੰਗਤ ਵਿਚ ਉਪਦੇਸ਼ ਕਰ ਰਹੇ ਸਨ। ਭਾਈ ਕੇਦਾਰੀ ਨਾਂ ਦਾ ਸਿੱਖ ਗੁਰੂ ਜੀ ਦੀ ਸ਼ਰਨ ਵਿਚ ਆਇਆ ਤੇ ਗੁਰੂ ਪਾਤਸ਼ਾਹ ਨੂੰ ਆਪਣੇ ਦਿਲ ਦੇ ਭੈਅ ਸੰਬੰਧੀ ਬੇਨਤੀ ਕਰਦਿਆਂ ਕਿਹਾ ਕਿ "ਪਾਤਸ਼ਾਹ! ਸਾਰਾ ਸੰਸਾਰ ਕਾਮ, ਕ੍ਰੋਧ, ਈਰਖਾ, ਦਵੈਤ, ਛਲ, ਦਗ਼ੇ ਦੀ ਅੱਗ ਨਾਲ ਸੜ ਰਿਹਾ ਹੈ। ਕਿਤੇ ਵੀ ਠੰਡ, ਸ਼ਾਂਤੀ, ਸੁਖ ਨਹੀਂ ਦਿੱਸਦਾ। ਇਸ ਅੱਗ ਤੋਂ ਬਚਣ ਦਾ ਉਪਾਅ ਕੀ ਹੈ?" ਯਥਾ:

ਇਕ ਸਿਖ ਆਯੋ ਨਾਮ ਕਿਦਾਰੀ।
ਸਤਿਗੁਰ ਆਗੈ ਬਿਨੈ ਉਚਾਰੀ।
'ਕਾਮ ਕ੍ਰੋਧ ਮਹਿ ਜਲਤੋ ਜਗਤ।
ਮੋਹਿ ਉਬਾਰਹੁ ਕਰਿ ਨਿਜਿ ਭਗਤ'॥੧੬॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 12, ਪੰਨਾ 1359)

ਪਾਤਸ਼ਾਹ ਨੇ ਕਿਹਾ, "ਭਾਈ! ਜਦ ਜੰਗਲ ਵਿਚ ਅੱਗ ਲੱਗਦੀ ਹੈ ਤਾਂ ਮ੍ਰਿਗ ਆਦਿ ਜੰਗਲ ਵਿੱਚੋਂ ਨੱਸ ਕੇ ਕਿਥੇ ਜਾਂਦੇ ਹਨ?" ਤਾਂ ਸਿੱਖ ਨੇ ਉੱਤਰ ਦਿੱਤਾ, "ਪਾਤਸ਼ਾਹ! ਉਹ ਨੱਸ ਕੇ ਨਦੀ ਵਿਚ ਚਲੇ ਜਾਂਦੇ ਹਨ।" ਫਿਰ ਸਾਹਿਬਾਂ ਨੇ ਉਪਦੇਸ਼ ਕੀਤਾ, "ਜਿਵੇਂ ਜੀਵ-ਜੰਤੂ ਅੱਗ ਤੋਂ ਬਚਣ ਲਈ ਨਦੀ ਵਿਚ ਕੁੱਦ ਪੈਂਦੇ ਹਨ, ਤਿਵੇਂ ਹੀ ਸੰਸਾਰ ਵਿਚ ਲੱਗੀ ਅੱਗ ਤੋਂ ਬਚਣ ਲਈ ਸੰਗਤ ਵਿਚ ਜਾ ਕੇ ਸ਼ਬਦ-ਬਾਣੀ ਵਿਚ ਟੁੱਭੀ ਲਾਉਣੀ ਚਾਹੀਦੀ ਹੈ। ਸੰਗਤ ਵਿਚ ਜਾ ਕੇ ਟਹਿਲ-ਸੇਵਾ ਕਰਨ ਨਾਲ ਮਨ ਸੀਤਲ ਹੋ ਜਾਂਦਾ ਹੈ। ਇੰਦਰੇ ਸ਼ਾਂਤ ਹੋ ਜਾਂਦੇ ਹਨ। ਗੁਰਬਾਣੀ ਦੀ ਵਿਚਾਰ ਕਰਨ ਨਾਲ ਗਿਆਨ ਰੂਪੀ ਠੰਡਕ ਦੀ ਪ੍ਰਾਪਤੀ ਹੁੰਦੀ ਹੈ ਤੇ ਮੋਹ ਰੂਪ ਤਪਸ਼ ਦਾ ਨਾਸ਼ ਹੋ ਜਾਂਦਾ ਹੈ।" ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਵਾਕ ਹੈ:

ਆਤਸ ਦੁਨੀਆ ਖੁਨਕ ਨਾਮੁ ਖੁਦਾਇਆ॥

(ਵਾਰ ਮਲਾਰ, ਮ: ੧, ਪੰਨਾ 1291)

ਗੁਰਬਾਣੀ ਦੇ ਮਹਾਤਮ, ਸਤਿਸੰਗਤ ਦੀ ਮਹਿਮਾ ਦਾ ਵਰਣਨ ਭਾਈ ਸੰਤੋਖ ਸਿੰਘ ਨੇ ਇੰਜ ਕੀਤਾ ਹੈ:

ਤਿਮਿ ਜਗ ਜਲਤਿ ਦੇਖਿ ਕਰਿ ਤਯਾਗੇ।
ਮਿਲਿ ਸਤਿਸੰਗਤਿ ਸੇਵਾ ਲਾਗੇ।
ਸਕਲ ਬਿਕਾਰਨਿ ਤਪਤ ਬਿਨਾਸੇ।
ਸੀਤਲਤਾ ਗੁਰ ਸ਼ਬਦ ਪ੍ਰਕਾਸ਼ੇ॥੧੯॥
ਗੁਰਬਾਣੀ ਕੋ ਕਰਤਿ ਬਿਚਾਰਨਿ।
ਗਯਾਨ ਸੀਤ ਲਹਿ ਮੋਹ ਨਿਵਾਰਨ।...॥੨੦॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 12, ਪੰਨਾ 1360)

ਇਸ ਤਰ੍ਹਾਂ ਭਾਈ ਕੇਦਾਰੀ ਨੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਦਾ ਬਚਨ ਦ੍ਰਿੜ੍ਹ ਕੀਤਾ ਅਤੇ ਆਪਣਾ ਉੱਧਾਰ ਕਰ ਲਿਆ। ਭਾਈ ਗੁਰਦਾਸ ਜੀ ਨੇ ਭਗਤ ਕੇਦਾਰੀ ਨੂੰ ਵੱਡਾ ਭਗਤ ਕਹਿ ਕੇ ਸਤਿਕਾਰ ਦਿੱਤਾ ਹੈ:

ਮਾਲੂਸਾਹੀ ਸੂਰਮਾ ਵਡਾ ਭਗਤੁ ਭਾਈ ਕੇਦਾਰੀ॥

(ਵਾਰ 11:15)

ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ

ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀਨ-ਦੁਖੀਆਂ ਦੇ ਦੁੱਖਾਂ ਦਾ ਦਾਰੂ ਵੰਡਦੇ ਹੋਏ ਇਕ ਦਿਨ ਤਪਿਆਣੇ ਇਕਾਂਤ ਵਿਚ ਬੈਠੇ ਹੋਏ ਸਨ। ਤਿੰਨ ਆਦਮੀ ਆਏ। ਭਾਈ ਗੁਰਦਾਸ ਜੀ ਨੇ ਇਨ੍ਹਾਂ ਦੇ ਨਾਂ ਦੀਪਾ, ਨਰਾਇਣ ਦਾਸ ਤੇ ਬੂਲਾ ਦੱਸੇ ਹਨ। ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਤਿੰਨੇ ਬੈਠ ਗਏ। ਇਨ੍ਹਾਂ ਵਿੱਚੋਂ ਭਾਈ ਦੀਪਾ ਬੋਲਿਆ, "ਪਾਤਸ਼ਾਹ! ਤੇਰੀ ਸ਼ਰਨ ਆਏ ਹਾਂ। ਸਭ ਦੁਨੀਆਂ ਗ਼ਰਜ਼ਾਂ ਦੀ ਮਾਰੀ ਹੋਈ ਹੈ। ਅਸੀਂ ਵੀ ਲੋੜਵੰਦ ਬਣ ਆਏ ਹਾਂ। ਗ਼ਰਜ਼ ਇਕ ਦੁਖ ਹੈ ਜਿਸ ਦਾ ਸਤਿਗੁਰਾਂ ਕੋਲ ਦਾਰੂ ਹੈ, ਦਵਾ ਹੈ। ਇਹ ਦੁਖ ਹੈ ਜਨਮ-ਮਰਨ ਦਾ। ਇਹ ਕਿਵੇਂ ਮਿਟੇ ?" ਸਤਿਗੁਰਾਂ ਨੇ ਸਹਿਜ ਵਿਚ ਭਗਤ ਕਬੀਰ ਜੀ ਦਾ ਪਾਵਨ ਸ਼ਬਦ ਉਚਾਰਣ ਕੀਤਾ:

ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ ॥
ਤਿਹ ਮੁਖ ਦੇਖਤ ਲੂਕਟ ਲਾਏ ॥
ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ ॥
ਅਗਨਿ ਦਹੈ ਅਰੁ ਗਰਭ ਬਸੇਰਾ ॥
ਕਾਇਆ ਬਿਗੂਤੀ ਬਹੁ ਬਿਧਿ ਭਾਤੀ ॥
ਕੋ ਜਾਰੇ ਕੋ ਗਡਿ ਲੇ ਮਾਟੀ ॥
ਕਹੁ ਕਬੀਰ ਹਰਿ ਚਰਣ ਦਿਖਾਵਹੁ ॥
ਪਾਛੈ ਤੇ ਜਮੁ ਕਿਉ ਨ ਪਠਾਵਹੁ ॥ *(ਗਉੜੀ ਕਬੀਰ ਜੀ, ਪੰਨਾ 329)*

ਭਾਈ ਨਰਾਇਣ ਦਾਸ ਬੋਲਿਆ, "ਹਾਂ ਪਾਤਸ਼ਾਹ! ਇਹੋ 'ਅਗਨਿ ਦਹੈ ਅਰੁ ਗਰਭ ਬਸੇਰਾ' ਕੱਟ ਦਿਓ।" ਕੁਝ ਚਿਰ ਸ਼ਾਂਤ ਰਹਿਣ ਪਿੱਛੋਂ ਰਹਿਮਤਾਂ ਦੇ ਦਾਤੇ ਸਤਿਗੁਰੂ ਜੀ ਬੋਲੇ, "ਹੱਟੀਆਂ ਛੱਡ ਕੇ, ਘਰਾਂ ਤੋਂ ਥੱਕ ਕੇ ਆਏ ਹੋ ਕਿ ਕਿਸੇ ਜੋਗੀ ਰਾਵਲ ਨੂੰ ਮਿਲ ਕੇ ਹਟਕਦੇ-ਹਟਕਾਉਂਦੇ ਹਾਰ ਥੱਕ ਕੇ ਆਏ ਹੋ ਜਾਂ ਕਿਸੇ ਮਿੱਤਰ ਹਮ-ਸਾਥੀ ਦੀ ਦੇਖਾ-ਦੇਖੀ ਪਰਮਾਰਥ ਦਾ ਤੁਰਲਾ ਟਿੱਕਾ ਲੁਆਉਣ ਆਏ ਹੋ ਕਿ ਜਿਥੇ ਮਾਇਆ, ਨਾਮਣਾ ਤੇ ਵਡਿਆਈ ਹੈ, ਉਥੇ ਪਰਮਾਰਥੀ ਹੋਣ ਦਾ ਟਿੱਕਾ ਵੀ ਲੱਗ ਜਾਵੇ ? ਜਾਂ ਕੋਈ ਥੁੜ ਗ਼ਰਜ਼ ਲੈ ਆਈ ਹੈ ਫ਼ਕੀਰਾਂ ਤੋਂ ਕਰਾਮਾਤ ਦੀ ਆਸ ਵਿਚ ਪੂਰੀ ਕਰਨ ਲਈ ?" ਫਿਰ ਭਾਈ ਬੂਲਾ ਬੋਲਿਆ, "ਸੱਚੇ ਪਿਤਾ! ਤੁਸੀਂ ਸੱਚ ਦੇ ਤੋਲਣਹਾਰ ਹੋ। ਜੋ ਆਪ

ਨੇ ਜੋ ਫ਼ੁਰਮਾਇਆ ਹੈ ਇਹ ਸੱਚ ਹੈ। ਇਵੇਂ ਹੀ ਲੋਕੀਂ ਫਿਰਦੇ ਹਨ ਸਾਧਾਂ, ਸੰਤਾਂ ਤੇ ਸਿੱਧਾਂ ਦੇ ਦੁਆਰੇ। ਪਰ ਦਾਤਾ! ਅਸੀਂ ਤਾਂ ਜਨਮ-ਮਰਨ ਦਾ ਦੁਖ ਹਰਨ ਲਈ ਆਏ ਹਾਂ। ਇਹ ਹੀ ਸਾਡੀ ਲੋੜ ਹੈ। ਨਾ ਅਸਾਂ ਕੋਈ ਘਾਲ ਕੀਤੀ ਹੈ, ਨਾ ਕਿਸੇ ਦੇ ਦਰ ਗਏ ਹਾਂ। ਖਾਣ-ਪੀਣ ਲਈ ਆਪ ਦਾ ਦਿੱਤਾ ਬਹੁਤ ਹੈ। ਪਰ ਜਦੋਂ ਕਿਤੇ ਰਲ ਕੇ ਬੈਠੀਦਾ ਹੈ ਤਾਂ ਸਰੀਰ ਦੇ ਸੁੱਖਾਂ ਤੇ ਭੋਗਾਂ ਦੀਆਂ ਗੱਲਾਂ-ਬਾਤਾਂ ਹੁੰਦੀਆਂ ਹਨ। ਹੈਰਾਨੀ ਹੁੰਦੀ ਹੈ ਕਿ ਕਿਵੇਂ ਇਹ ਪਾਲਿਆ-ਪੋਸਿਆ, ਪੜ੍ਹਾਇਆ-ਸਿਖਾਇਆ, ਸਾਂਭਿਆ ਹੋਇਆ ਸਰੀਰ, ਅੱਗ ਦਾ ਭੋਜਨ ਬਣਾ ਦੇਈਦਾ ਹੈ। ਜੀਉਂਦੇ-ਜੀਅ ਅੱਗ ਦੀ ਛੋਟੀ ਜਿਹੀ ਚਿਣਗ ਵੀ ਤੜਫ਼ਾ ਦਿੰਦੀ ਹੈ। ਸੋਚੀਦਾ ਹੈ ਕਿ ਕੀ ਫਲ ਹੋਇਆ ਜੰਮਣ ਦੇ ਦੁਖ ਸਹਿਣ ਤੇ ਪਲ ਕੇ ਭੋਗਾਂ ਦੇ ਸੁਖ ਮਾਣਨ ਦਾ, ਜੇ ਅੰਤ ਮਿੱਟੀ ਵਿਚ ਹੀ ਰਲਣਾ ਹੈ ਜਾਂ ਅੱਗ ਵਿਚ ਅਗਨੀ-ਭੋਗ ਬਣ ਜਾਣਾ ਹੈ ? ਇਸ ਲਈ ਮਰਨ ਦਾ ਡਰ ਲੱਗਦਾ ਹੈ। ਮਰ ਕੇ ਪੈਣ ਵਾਲੇ ਦੁੱਖਾਂ ਦਾ ਤੇ ਫਿਰ ਗਰਭਵਾਸ ਦਾ। ਇਸ ਕਰਕੇ ਕਦੇ ਕੋਈ ਸਿੱਧ, ਨਾਥ, ਪੰਡਤ, ਰਮਤਾ, ਰਾਵਲ ਆ ਜਾਵੇ ਤਾਂ ਪੁੱਛੀਦਾ ਹੈ ਕੋਈ ਹੱਲ, ਪਰ ਕੋਈ ਪੱਲੇ ਨਹੀਂ ਪਾਉਂਦਾ। ਕੋਈ 'ਵੈਰਾਗ' ਬਾਰੇ ਦੱਸਦਾ ਹੈ। ਕੋਈ ਕਹਿੰਦਾ ਹੈ ਘਰ-ਬਾਰ ਛੱਡ ਕੇ ਵੈਰਾਗੀ ਹੋ ਜਾਵੋ। ਪਹਾੜਾਂ, ਜੰਗਲਾਂ-ਬੇਲਿਆਂ ਵਿਚ ਜਾ ਕੇ ਅਸ਼ਟਾਂਗ ਜੋਗ ਕਰੋ। ਕੋਈ ਬੋਲਦਾ ਹੈ ਕਾਂਸ਼ੀ ਜਾ ਕੇ ਗਿਆਨ ਪੜ੍ਹੋ। ਕੋਈ ਔਖੇ-ਔਖੇ ਕਰਮ-ਕਾਂਡੀ ਕਰਮ ਦੱਸਦਾ ਹੈ। ਇਹ ਸਾਰੇ ਕੰਮ ਔਖੇ ਹਨ। ਕੌਣ ਸਰੀਰ ਦੇ ਸੁਖ ਛੱਡੇ ਤੇ ਫਿਰ ਰੁਲੇ ? ਕੋਈ ਸੌਖਾ ਤਰੀਕਾ ਭਾਲਦੇ ਹਾਂ ?" ਗੁਰੂ ਸਾਹਿਬ ਨੇ ਕਿਹਾ, "ਹਾਂ, ਇਹ ਸੱਚ ਬੋਲਿਆ। ਇਹ ਸਾਰੇ ਕਾਰਜ ਔਖੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਸਭ ਤੋਂ ਵੱਡੇ ਹਨ, ਜਿਨ੍ਹਾਂ ਸਾਰੇ ਔਖੇ ਕਾਰਜ ਸੌਖੇ ਕਰ ਦਿੱਤੇ। ਗੁਰੂ ਬਾਬੇ ਨੇ ਭਗਤੀ ਸਿਖਾਈ ਹੈ ਕਰਤਾਰ ਦੀ। ਭਗਤੀ ਵਿਚ ਵੈਰਾਗ, ਜੋਗ, ਗਿਆਨ ਜੋ ਤੁਸਾਂ ਦੱਸੇ ਹਨ, ਸਭ ਸੌਖੇ ਹੋ ਕੇ ਆ ਜਾਂਦੇ ਹਨ।" ਭਾਈ ਦੀਪੇ ਨੇ ਕਿਹਾ, "ਪਾਤਸ਼ਾਹ! ਸਾਨੂੰ ਵਿਹਾਰਾਂ-ਕਾਰਾਂ ਦੇ ਮਾਰਿਆਂ ਪਰ ਲੋੜਕੂਆਂ ਨੂੰ ਕਿਵੇਂ ਨਾ ਕਿਵੇਂ ਰਸਤੇ ਪਾ ਦਿਉ।"

ਸੱਚੇ ਸਤਿਗੁਰਾਂ ਨੇ ਕਿਹਾ, "ਦੱਸੋ ਖ਼ਾਂ, ਇਹ ਦਿੱਸਦੇ ਵੱਸਦੇ ਸੰਸਾਰ ਦਾ ਕਰਤਾ ਕਾਦਰ, ਮਾਲਕ ਮੰਨਦੇ ਹੋ ਕਿ ਕੋਈ ਹੈ ? ਚੇਤਨਤਾ ਦਾ ਸੁਆਮੀ, ਅਣਦਿੱਸਦਾ ਪਰ ਸਾਰੇ ਵੱਸਦਾ ?" ਤਿੰਨੇ ਇਕੱਠੇ ਬੋਲੇ, "ਜੀ ਹਾਂ, ਪ੍ਰਭੂ ਸਾਰੇ ਖੇਲ ਪਸਾਰੇ ਦਾ ਮਾਲਕ ਹੈ। ਇਹ ਸਾਨੂੰ ਪੱਕਾ ਭਰੋਸਾ ਹੈ।" "ਫਿਰ ਉਸ ਨੂੰ ਪਿਆਰ ਕਰੋ। ਏਹੋ ਹੈ ਭਗਤੀ। ਇਹ ਹੈ ਸੌਖਾ ਢੰਗ।" "ਪਰ ਪਾਤਸ਼ਾਹ! ਪਿਆਰ ਕਿਵੇਂ ਕਰੀਏ ?" ਭਾਈ ਦੀਪੇ ਨੇ ਪੁੱਛਿਆ। ਹਜ਼ੂਰ ਨੇ ਫ਼ੁਰਮਾਇਆ, "ਜਿਵੇਂ ਕਰਦੇ ਹੋ ਪਿਆਰ ਪਤਨੀ ਨੂੰ, ਪੁੱਤਰ ਨੂੰ, ਪਦਾਰਥ ਨੂੰ, ਆਪਣੀ

ਇੱਜ਼ਤ-ਆਬਰੂ ਨੂੰ। ਬੈਠੋ ਦੁਕਾਨਾਂ 'ਤੇ ਨੌਕਰੀ ਕਰੋ, ਟਿਕੇ ਰਹੋ ਘਰਾਂ-ਮਹੱਲਾਂ ਵਿਚ, ਵਿਚਰਦੇ ਰਹੋ ਬਾਗ਼ਾਂ ਵਿਚ, ਨਹਿਰਾਂ, ਨਦੀਆਂ ਕਿਨਾਰੇ, ਪਰ ਪ੍ਰਭੂ ਦੇ ਪਿਆਰ ਵਿਚ ਰਹੋ।"

"ਪਰ ਸੱਚੇ ਪਿਤਾ ਜੀਉ! ਅਣਦਿੱਸਦੇ ਨਾਲ ਕਿਵੇਂ ਪਿਆਰ ਪਵੇ ?"

ਪਾਤਸ਼ਾਹ ਨੇ ਫ਼ੁਰਮਾਇਆ, "ਜ਼ਰਾ ਸੋਚੋ! ਇਸ ਵੇਲੇ ਪੁੱਤ, ਪਤਨੀ, ਪਦਾਰਥ ਤੁਹਾਡੇ ਚੇਤਿਆਂ ਵਿਚ ਵੱਸ ਰਹੇ ਹਨ। ਪਰ ਜੋ ਨਹੀਂ ਵੱਸ ਰਿਹਾ, ਉਹ ਹੈ ਪ੍ਰਭੂ-ਪਿਤਾ-ਪਰਮਾਤਮਾ। ਜਿਵੇਂ ਪੁੱਤਰ, ਪਤਨੀ, ਪਦਾਰਥ ਤੁਹਾਡੇ ਕੋਲ ਇਸ ਵੇਲੇ ਨਹੀਂ ਹਨ ਪਰ ਉਨ੍ਹਾਂ ਦੀ ਹੋਂਦ ਤੁਹਾਡੇ ਅੰਦਰ ਵੱਸ ਰਹੀ ਹੈ, ਤਿਵੇਂ ਉਸ ਪਰਮਾਤਮਾ ਦੀ ਹੋਂਦ ਆਪਣੇ ਚੇਤੇ ਵਿਚ ਵਸਾ ਲਵੋ।" "ਪਰ ਜੋ ਵੇਖਿਆ, ਚਾਖਿਆ ਨਹੀਂ, ਉਸ ਦੀ ਹੋਂਦ ਚੰਚਲ ਚਿਤ ਵਿਚ ਕਿਵੇਂ ਵੱਸੇਗੀ ?" ਭਾਈ ਨਰਾਇਣੇ ਨੇ ਪੁੱਛਿਆ। ਸੱਚੇ ਸਤਿਗੁਰਾਂ ਨੇ ਦੱਸਿਆ, "ਜਿਵੇਂ ਨੈਣਹੀਣ, ਅੰਧਾ ਮਨੁੱਖ ਬਿਨਾਂ ਵੇਖੇ ਹੀ ਆਪਣੇ ਅੰਦਰ ਜੀਵਾਂ, ਥਾਵਾਂ ਤੇ ਪਦਾਰਥਾਂ ਦੀ ਹੋਂਦ ਨੂੰ ਵਸਾ ਲੈਂਦਾ ਹੈ। ਸੂਰਤ-ਮੂਰਤ ਜੇ ਉਹ ਨਹੀਂ ਵੇਖ ਸਕਦਾ ਤਾਂ ਵੀ ਉਸ ਦੀ ਹੋਂਦ ਨੂੰ ਆਪੇ ਵਿਚ ਵਸਾ ਲੈਂਦਾ ਹੈ। ਦੂਜਾ, ਉਹਦੇ ਨਾਮ ਨੂੰ ਆਪਣੀ ਰਸਨਾ 'ਤੇ ਬਿਠਾ ਲਵੋ। ਉਹ ਨਾਮ ਰਸਨਾ 'ਤੇ ਟਿਕਦਾ ਮਨ ਵਿਚ ਉਤਰ ਜਾਵੇਗਾ। ਉਹ ਚਿਤ ਵਿਚ ਜਾ ਕੇ ਸਿਮਰਨ ਬਣ ਜਾਵੇਗਾ। ਇਸ ਚਿਤ-ਬਿਰਤੀ ਵਿਚ ਪੱਕ ਜਾਵੇਗਾ। ਜਿਵੇਂ-ਜਿਵੇਂ ਪਰਮਾਤਮਾ ਦੀ ਯਾਦ ਵਿਚ ਮਨ ਰਚੇਗਾ, ਪਦਾਰਥਾਂ ਦੀ ਖਿੱਚ ਘਟੇਗੀ। ਜਿਵੇਂ-ਜਿਵੇਂ ਪ੍ਰਭੂ ਨਾਲ ਪ੍ਰੇਮ (ਰਾਗ) ਵੱਸੇਗਾ, ਤਿਵੇਂ-ਤਿਵੇਂ ਜਗਤ ਨਾਲ ਵੈਰਾਗ ਵਧੇਗਾ। ਜਿਵੇਂ ਕਮਲ ਦੀ ਜਲ ਤੋਂ ਨਿਰਲੇਪਤਾ ਹੁੰਦੀ ਹੈ ਤੇ ਉਸ ਦੀ ਤਾਂਘ ਵਧਦੀ ਹੈ ਸੂਰਜ ਲਈ। ਇਸੇ ਤਰ੍ਹਾਂ ਵਣਾਂ-ਖੰਡਾਂ ਵਿਚ ਭੱਜਣ ਤੋਂ ਬਿਨਾਂ ਹੀ ਵੈਰਾਗ ਹੋ ਜਾਵੇਗਾ। ਦੂਜਾ, ਜੋਗ ਦਾ ਭਾਵ ਹੈ ਜੁੜਨਾ। ਨਿਰੰਕਾਰ ਦੇ ਨਾਮ ਦਾ ਅਭਿਆਸ ਚਿਤ-ਬਿਰਤੀ ਵਿਚ ਵੱਸ ਗਿਆ, ਮਨ ਜੁੜ ਗਿਆ ਤਾਂ ਸਮਝੋ ਆਤਮਾ ਦਾ ਪਰਮਾਤਮਾ ਨਾਲ ਜੋੜ ਲੱਗ ਗਿਆ। ਫਿਰ ਕਸ਼ਟ ਵਾਲੇ ਹੱਠ-ਜੋਗ ਦੀ ਲੋੜ ਨਹੀਂ ਰਹੇਗੀ। ਪ੍ਰਭੂ ਦੀ ਯਾਦ ਵਿਚ ਜੁੜਨਾ ਹੀ ਗਿਆਨ ਹੈ।" ਪਾਤਸ਼ਾਹ ਨੇ ਅੱਗੇ ਕਿਹਾ, "ਇਹ ਭਗਤੀ ਹੀ ਹੈ ਕਿ ਸਭ ਵਿਚ ਉਸ ਦਾ ਰੂਪ ਵੇਖੋ। ਸਤਿਸੰਗਤ ਕਰਨੀ, ਸੰਗਤ ਦੀ ਹੱਥੀਂ ਸੇਵਾ ਕਰਦਿਆਂ ਹੋਇਆਂ ਪ੍ਰਭੂ ਨੂੰ ਸੁਆਮੀ ਜਾਣਨਾ ਤੇ ਆਪਣੇ ਆਪ ਨੂੰ ਸੇਵਕ, ਨਿੰਦਾ ਚੁਗ਼ਲੀ ਤੋਂ ਬਚੇ ਰਹਿਣਾ, ਇਹ ਪਰਹੇਜ਼ ਹੈ।"

ਤਿੰਨੇ ਸੇਵਕ ਤ੍ਰਿਪਤ ਹੋ ਗਏ। ਸੰਸੇ ਮੁੱਕ ਗਏ। ਪਾਤਸ਼ਾਹ ਨੇ ਨਾਮ ਦੀ ਦਾਤ ਬਖ਼ਸ਼ੀ। ਇਉਂ ਭਾਈ ਦੀਪਾ ਜੀ, ਭਾਈ ਬੂਲਾ ਜੀ, ਭਾਈ ਨਰਾਇਣ ਜੀ ਨਿਹਾਲ ਹੋ ਗਏ।

ਨਾਮ ਨਾਲ ਪਰਉਪਕਾਰ ਵੀ ਜਾਰੀ ਰੱਖਣੇ ਹਨ!

ਗੁਰੂ ਅੰਗਦ ਸਾਹਿਬ ਜੀ ਨਾਨਕ ਨਿਰਮਲ ਪੰਥ ਦੀ ਗੱਦੀ ਉੱਤੇ ਬੈਠ ਕੇ ਜਨ-ਸਾਧਾਰਨ ਦਾ ਕਲਿਆਣ ਕਰ ਰਹੇ ਸਨ। ਤਿੰਨ ਅਭਿਲਾਸ਼ੀ ਭਾਈ ਲਾਲੂ, ਭਾਈ ਦੁਰਗਾ ਤੇ ਭਾਈ ਜੀਵਣ (ਜੀਵੰਦਾ) ਪਾਤਸ਼ਾਹ ਦੇ ਦਰਬਾਰ ਆਏ ਅਤੇ ਨਮਸ਼ਕਾਰ ਕਰਕੇ ਬੇਨਤੀ ਕੀਤੀ, "ਹੇ ਸਤਿਗੁਰੂ! ਸਾਡਾ ਉੱਧਾਰ ਕਿਵੇਂ ਹੋਵੇਗਾ?" ਸਤਿਗੁਰਾਂ ਉਪਦੇਸ਼ ਕਰਦਿਆਂ ਕਿਹਾ, "ਕਰਮ ਕਰ ਕੇ ਸੁਭਾਅ ਬਣਦਾ ਹੈ। ਸੁਭਾਅ ਸੁਖ-ਦੁਖ ਦਾ ਦਾਤਾ ਹੈ। ਇਸ ਸੁਭਾਅ ਦੇ ਮੜ੍ਹੱਪਣ ਫਿਰ ਉਲਟ ਕਰਮ ਕਰਕੇ ਨਿਕਲਦੇ ਹਨ। ਇਸ ਦੇ ਨਾਲ ਪਰਮਾਤਮਾ ਦੇ ਗੁਣ ਗਾਇਨ ਦੀ ਸਹਾਇਤਾ ਲੈਣੀ ਹੈ। ਇਸ ਨਾਲ ਅੰਦਰੋਂ ਕਰਮਾਂ ਦੀ ਮੈਲ ਉਤਰੇਗੀ। ਕਰਮਾਂ ਦੀ ਪੱਕੀ ਜੰਮੀ ਤਹਿ ਪ੍ਰਭੂ ਦੇ ਗੁਣ ਗਾਇਨ ਨਾਲ ਹੀ ਉਤਰਦੀ ਹੈ। ਪਰਉਪਕਾਰ ਕਰੋ ਤੇ ਗੁਰੂ ਦੀ ਬਾਣੀ ਇਕਾਗਰ-ਚਿਤ ਹੋ ਕੇ ਨੇਮ ਨਾਲ ਪੜ੍ਹਿਆ ਕਰੋ।" ਉਪਦੇਸ਼ ਸੁਣ ਕੇ ਤਿੰਨੇ ਵਾਪਸ ਚਲੇ ਗਏ। ਕੁਝ ਸਾਲਾਂ ਬਾਅਦ ਮੁੜ ਦਰਸ਼ਨਾਂ ਲਈ ਆਏ ਤਾਂ ਹਜ਼ੂਰ ਨੇ ਆਗਿਆ ਕੀਤੀ, "ਤੁਸੀਂ ਸੇਵਾ ਤੇ ਉਪਕਾਰ ਕੀਤੇ ਹਨ। ਤੁਹਾਡੀ ਮਤਿ ਤੋਂ ਕਰਮਾਂ ਦੀ ਮੈਲ ਉਤਰੀ ਹੈ ਜੋ ਤੁਸੀਂ ਆਪ ਮਹਿਸੂਸ ਕਰਦੇ ਹੋ। ਤੁਹਾਡਾ ਸੁਭਾਅ ਹਰ ਸਮੇਂ ਮਾਇਆ ਇਕੱਠੀ ਕਰਨ ਕਰਕੇ ਸੁਆਰਥੀ ਹੋ ਗਿਆ ਸੀ। ਸੁਆਰਥ ਸਿਧੀ ਵਿਚ ਪਰਪੱਕਤਾ ਨਾਲ ਹਉਮੈ ਹੋਰ ਪੱਕ ਜਾਂਦੀ ਹੈ। ਸੋ ਭਾਈ! ਸੁਆਰਥੀ ਸੁਭਾਅ ਬਦਲਣ ਲਈ ਤੁਹਾਨੂੰ ਪਰਉਪਕਾਰ ਕਰਨ ਦੀ ਸਿੱਖਿਆ ਦਿੱਤੀ ਸੀ। ਇਸ ਨਾਲ ਤੁਹਾਡਾ ਸੁਭਾਅ ਬਦਲ ਕੇ ਪਰ-ਸੁਆਰਥ ਦਾ ਹੋ ਗਿਆ। ਇਸ ਨਾਲ ਅੰਦਰਲੀ ਹਉਮੈ ਘਟੀ ਹੈ। ਫਿਰ ਬਾਣੀ ਪੜ੍ਹ ਕੇ ਤੁਸੀਂ ਹਰੀ ਦੇ ਗੁਣ ਗਾਏ ਹਨ, ਉਸ ਨਾਲ ਅੰਦਰੋਂ ਮੈਲ ਲੱਥੀ ਹੈ। ਤੁਸੀਂ ਗੁਰਬਾਣੀ ਦਾ ਅਭਿਆਸ ਜਾਰੀ ਰੱਖਣਾ ਹੈ ਤੇ ਨਾਲ ਨਾਮ ਜਪਣਾ ਹੈ ਤਾਂ ਜੋ ਨਿਰੰਕਾਰ ਦੇ ਨਾਲ ਮਨ ਠਹਿਰ ਜਾਏ। ਨਾਮ ਸਿਮਰਨ ਕਰਨਾ ਹੈ ਤਾਂ ਕਿ ਮਨ ਪ੍ਰਭੂ ਵਿਚ ਲੀਨ ਹੋਣ ਦੇ ਰਸਤੇ ਪੈ ਜਾਵੇ। ਨਾਮ ਨਾਲ ਪਰਉਪਕਾਰ ਵੀ ਜਾਰੀ ਰੱਖਣੇ ਹਨ! ਪਰਉਪਕਾਰ ਦਾ ਵਿਸਥਾਰ ਇਸ ਪ੍ਰਕਾਰ ਹੈ: ਪਹਿਲਾ ਉਪਕਾਰ ਹੈ, ਸਰੀਰ ਨਾਲ ਕਿਸੇ ਦਾ ਕੰਮ ਸੁਆਰਨਾ। ਦੂਜਾ ਹੈ, ਆਪਣੀ ਕਮਾਈ ਦੇ ਧਨ ਨਾਲ

ਆਪਣਾ ਨਿਰਬਾਹ ਤੋਰਨਾ ਅਤੇ ਉਸ ਵਿੱਚੋਂ ਕੁਝ ਬਚਾ ਕੇ, ਭਲੇ ਅਰਥ ਲਾਉਣਾ। ਇਹ ਦੂਜਿਆਂ ਦਾ ਭਲਾ ਜੇਕਰ ਗੁਰ-ਪਰਮੇਸ਼ਰ ਨਮਿਤ ਕੀਤਾ ਸਮਝੀਏ ਤਾਂ ਮਨ ਹੋਰ ਨਿਰਮਲ ਹੁੰਦਾ ਹੈ। ਨਿਰਮਲ ਮਨ ਵਿਚ ਨਾਮ ਚੰਗਾ ਟਿਕਦਾ ਹੈ। ਜਦੋਂ ਨਾਮ ਚੱਲ ਪਵੇ ਅਤੇ ਮਨ ਪ੍ਰਭੂ-ਪ੍ਰੇਮ ਵਿਚ ਰਸ-ਮਿਚ ਜਾਵੇ ਤਾਂ ਯਥਾਸ਼ਕਤ ਬਚਨਾਂ ਨਾਲ ਹੋਰਨਾਂ ਨੂੰ ਕਰਤਾਰ ਦੇ ਪ੍ਰੇਮ ਵਿਚ ਲਾਉਣਾ, ਇਹ ਤੀਜਾ ਵੱਡਾ ਪਰਉਪਕਾਰ ਹੈ। ਨਾਮ ਦੀ ਮਹਿਮਾ ਦੱਸਣੀ ਤੇ ਜੀਵਾਂ ਦਾ ਉੱਧਾਰ ਕਰਨਾ ਹੈ ਜੋ ਉਹ ਪ੍ਰਭੂ-ਚਰਨਾਂ ਦੇ ਭੌਰੇ ਬਣ ਕੇ ਲੋਕ ਸੁਖੀ, ਪਰਲੋਕ ਸੁਹੇਲਾ ਕਰ ਲੈਣ। ਸੰਸਾਰ ਨੂੰ ਪ੍ਰਭੂ-ਨਾਮ ਵਿਚ ਤੇ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਵਿਚ ਲਾਉਣਾ ਸਭ ਤੋਂ ਵੱਡਾ ਉਪਕਾਰ ਹੈ। ਇਹ ਸੇਵਾ ਬੜੀ ਔਖੀ ਹੈ। ਇਹੀ ਸੇਵਾ ਸਫਲ ਹੁੰਦੀ ਹੈ।" ਭਾਈ ਗੁਰਦਾਸ ਜੀ ਨੇ ਭਾਈ ਲਾਲੂ ਨੂੰ ਲਾਲ, ਭਾਈ ਦੁਰਗਾ ਜੀ ਨੂੰ ਬੁੱਧੀਮਾਨ ਅਤੇ ਭਾਈ ਜੀਵਣ (ਜੀਵੰਦ) ਨੂੰ ਪਰਉਪਕਾਰੀ ਕਹਿ ਵਡਿਆਈ ਕੀਤੀ ਹੈ:

ਲਾਲ ਸੁ ਲਾਲੂ ਬੁਧਿਮਾਨ ਦੁਰਗਾ ਜੀਵੰਧੁ ਪਰਉਪਕਾਰੀ॥

(ਵਾਰ 11:15)

...ਸੰਸਾਰੂ ਨਾਲੇ ਨਿਰੰਕਾਰੀ

ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥
ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ ॥

(ਆਸਾ ਮ: ੧, ਪੰਨਾ 419)

ਸ੍ਰੀ ਗੁਰੂ ਅੰਗਦ ਸਾਹਿਬ ਜੀ ਖਡੂਰ ਸਾਹਿਬ ਵਿਚ ਗੁਰਸਿੱਖੀ ਦਾ ਚਵਰ ਝੁਲਾ ਰਹੇ ਸਨ। ਗੁਰੂ-ਪਿਆਰ ਦੇ ਬੱਧੇ ਤੇ ਮਨ ਦੀਆਂ ਭਾਵਨਾਵਾਂ, ਸ਼ੰਕੇ, ਪ੍ਰਸ਼ਨ ਤੇ ਜੀਵਨ ਦੀ ਸਾਰਥਿਕਤਾ ਤੇ ਉੱਧਾਰ ਲਈ ਬਹੁਤ ਸਾਰੇ ਪ੍ਰਾਣੀ ਗੁਰੂ-ਦਰਬਾਰ ਵਿਚ ਆਉਂਦੇ ਸਨ। ਭਾਈ ਜੱਗਾ ਕੋਮਲ-ਭਾਵ ਵਾਲਾ ਪੁਰਖ ਸੰਸਾਰ ਦੇ ਵਿਚ ਦੁੱਖਾਂ ਨੂੰ ਵੇਖ ਕੇ ਦੁਖੀ ਸੀ। ਉਹ ਇਕ ਜੋਗੀ ਕੋਲ ਗਿਆ ਤੇ ਉਸ ਨੂੰ ਪੁੱਛਿਆ ਕਿ ਜਨਮ ਮਰਨ ਦੇ ਬੰਧਨ ਤੋਂ ਛੁਟਕਾਰਾ ਕਿਵੇਂ ਪਾਇਆ ਜਾ ਸਕਦਾ ਹੈ? ਜੋਗੀ ਨੇ ਕਿਹਾ ਕਿ ਸੰਸਾਰ ਦਾ ਪਹਿਲਾ ਬੰਧਨ ਤਾਂ ਘਰ ਹੈ। ਪਹਿਲਾਂ ਇਸ ਤੋਂ ਛੁੱਟਣ ਲਈ ਘਰ ਛੱਡ ਆ, ਫਿਰ ਤੇਰੇ ਜਨਮ ਮਰਨ ਦੇ ਬੰਧਨ ਮੈਂ ਕੱਟਾਂਗਾ। ਇਨ੍ਹਾਂ ਬੰਧਨਾਂ ਤੋਂ ਛੁਟਕਾਰੇ ਲਈ ਪੁੱਛਾਂ ਪੁੱਛਦੇ ਨੂੰ ਦੀਨ ਦੁਨੀਆਂ ਦੇ ਸਭ ਦੁੱਖਾਂ ਤੋਂ ਛੁਟਕਾਰਾ ਪਵਾਉਣ ਵਾਲੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਦੱਸ ਪਈ। ਉਹ ਮਨ ਦੇ ਵਲਵਲੇ ਲੈ ਕੇ ਗੁਰੂ-ਦਰਬਾਰ ਵਿਚ ਪੁੱਜਾ। ਸਤਿਗੁਰਾਂ ਨੇ ਭਾਈ ਜੱਗੇ ਦੀ ਤੀਬਰਤਾ ਨੂੰ ਵੇਖ ਕੇ ਕਿਹਾ, "ਭਾਈ ਦੱਸੋ, ਕਿਵੇਂ ਆਏ ਹੋ?"

ਭਾਈ ਜੱਗੇ ਨੇ ਕਿਹਾ, "ਸਤਿਗੁਰੂ ਜੀਉ! ਜਗਤ ਵਿਚ ਦੁਖ ਹੈ। ਜੇ ਕੋਈ ਨੇਕੀ ਕਰਦਾ ਹੈ ਤਾਂ ਅੱਗੋਂ ਦੁਖ ਹੀ ਪੱਲੇ ਪੈਂਦੇ ਹਨ। ਕਦੀ ਕੋਈ ਦੁਖ ਆਣ ਚਿੰਬੜਦਾ ਹੈ ਅਤੇ ਕਦੀ ਕੋਈ ਹੋਰ ਦੁਖ ਆ ਟਪਕਦਾ ਹੈ। ਸਿਆਣੇ ਲੋਕਾਂ ਕੋਲ ਗਿਆ। ਕਿਸੇ ਆਖਿਆ ਕਿ ਘਰ-ਬਾਰ ਛੱਡ ਦੇ, ਕਿਸੇ ਕੁਝ ਆਖਿਆ, ਕਿਸੇ ਕੁਝ। ਪਰ ਪਾਤਸ਼ਾਹ! ਹੱਥੀਂ ਕਮਾਈ ਕਰ ਕੇ ਖਾਈਦਾ ਹੈ। ਘਰ ਛੱਡ ਦਰ-ਦਰ ਮੰਗਣ ਨੂੰ ਦਿਲ ਨਹੀਂ ਮੰਨਦਾ। ਆਪ ਜੀ ਦੀ ਜਸ-ਕੀਰਤੀ ਸੁਣ ਕੇ ਆਇਆ ਹਾਂ, ਰਸਤਾ ਦੱਸੋ।"

ਸਤਿਗੁਰਾਂ ਕਿਹਾ, "ਭਾਈ ਜੱਗਿਆ! ਜੇ ਸਾਰਾ ਸੰਸਾਰ ਜੋਗੀ, ਵੈਰਾਗੀ, ਤਿਆਗੀ ਹੋ ਕੇ ਬੈਠ ਜਾਵੇ ਤਾਂ ਜਗਤ ਦਾ ਨਾਂ ਮਿੱਟ ਜਾਵੇਗਾ। ਦੇਖ, ਕੋਈ

ਬੀਜਦਾ ਹੈ, ਕੋਈ ਵੱਢਦਾ ਹੈ, ਕੋਈ ਪੀਂਹਦਾ ਹੈ ਤਾਂ ਹੀ ਆਟੇ ਦਾ ਬੁਕ ਜੋਗੀ ਦੇ ਖੱਪਰ ਵਿਚ ਪਵੇਗਾ।" ਏਨੇ ਨੂੰ ਕਿਸੇ ਗੁਰਸਿੱਖ ਦੇ ਬਾਣੀ ਪੜ੍ਹਨ ਦੀ ਆਵਾਜ਼ ਆਈ :

ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ॥

(ਵਾਰ ਮਲਾਰ, ਮ: ੧, ਪੰਨਾ 1290)

ਇਹ ਸੁਣ ਕੇ ਭਾਈ ਜੱਗਾ ਬੋਲਿਆ ਕਿ "ਇਹ ਤਾਂ ਅਨਿਆਂ ਹੈ। ਦਾਨ ਲੈਣ ਵਾਲੇ ਨੂੰ ਸੁਰਗ ਤੇ ਦਾਨ ਦੇਣ ਵਾਲੇ ਨੂੰ ਨਰਕ।" ਪਾਤਸ਼ਾਹ ਨੇ ਕਿਹਾ, "ਜੋ ਦੁਖ ਸੰਸਾਰ ਵਿਚ ਵੇਖਿਆ ਹੈ ਇਸ ਦੀ ਹੋਂਦ ਹੈ, ਪਰ ਇਹ ਘੱਟ ਸਕਦਾ ਹੈ। ਇਸ ਨੂੰ ਘਟਾਉਣ ਲਈ ਪ੍ਰੇਮ-ਪਿਆਰ ਤੇ ਭਰਾਤਰੀ-ਭਾਵ ਦੀ ਜ਼ਰੂਰਤ ਹੈ। ਜੇ ਸਾਰੇ ਇਕ ਦੂਜੇ ਨੂੰ ਪਿਆਰ ਕਰਨ ਲੱਗ ਜਾਣ ਤਾਂ ਦੁਖ ਘਟੇਗਾ ਤੇ ਸੁਖ ਵਧੇਗਾ, ਪਰ ਇਹ ਹੁੰਦਾ ਨਹੀਂ।" "ਕਿਵੇਂ ਹੋਵੇਗਾ ? ਕਿਰਪਾ ਕਰੋ ?" ਭਾਈ ਜੱਗੇ ਨੇ ਸਤਿਗੁਰਾਂ ਨੂੰ ਬੇਨਤੀ ਕੀਤੀ। ਪਾਤਸ਼ਾਹ ਨੇ ਬਚਨ ਕੀਤਾ, "ਪਹਿਲਾਂ ਜਗਤ ਦੇ ਪਿਤਾ ਪ੍ਰਭੂ-ਪਰਮਾਤਮਾ ਵਿਚ ਭਰੋਸਾ ਪੈਦਾ ਹੋਣਾ ਚਾਹੀਦਾ ਹੈ ਕਿ ਉਹ ਸਭ ਦਾ ਰਚਨਹਾਰ ਹੈ, ਕਰਤਾਰ ਹੈ। ਅਸੀਂ ਸਾਰੇ ਉਸ ਦੇ ਬੱਚੇ ਹਾਂ। ਉਸ ਦੀ ਯਾਦ ਹਿਰਦੇ ਵਿਚ ਵਸਾਉਣੀ ਹੈ। 'ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥' ਇਸ ਯਾਦ ਨਾਲ ਦੂਜੇ ਪ੍ਰਾਣੀਆਂ ਨਾਲ ਭਰਾਤਰੀ-ਭਾਵ ਵੀ ਯਾਦ ਰਹਿੰਦਾ ਹੈ। ਦੂਜਾ, ਜਦੋਂ ਨਿਰੰਕਾਰ ਦੀ ਯਾਦ ਵਧੇਗੀ ਤਾਂ ਮਨ ਨਿਰਮਲ ਹੋ ਜਾਵੇਗਾ। ਇਸ ਤਰ੍ਹਾਂ ਦੋਵੇਂ ਕਾਰਜ ਹੋ ਜਾਣਗੇ।" "ਪਰ ਰਹਿਮਤਾਂ ਦੇ ਦਾਤਾ! ਅਸੀਂ ਸਾਰਾ ਦਿਨ ਕੰਮ-ਕਾਜ ਦੇ ਵਿਹਾਰ ਕਰਨੇ ਹੁੰਦੇ ਹਨ," ਭਾਈ ਜੱਗੇ ਨੇ ਕਿਹਾ। ਦਾਤਾਰ ਪਿਤਾ ਨੇ ਅੱਗੋਂ ਕਿਹਾ, "ਕਾਰ-ਵਿਹਾਰ ਜ਼ਰੂਰ ਕਰੋ। ਸੁਹਣੀ ਤਰ੍ਹਾਂ ਨਾਲ, ਨੇਕ-ਨੀਅਤੀ ਨਾਲ ਕਰੋ। ਕਾਰ-ਵਿਹਾਰ ਕਰਦਿਆਂ ਵਿਚ ਜੋ ਸਮਾਂ ਮਿਲਦਾ ਹੈ, ਉਸ ਵੇਲੇ ਨਿਰੰਕਾਰ ਦੀ ਸੰਭਾਲ ਕੀਤੀ ਜਾ ਸਕਦੀ ਹੈ। ਪਰ ਭਾਈ! ਇਸ ਦੀ ਪਹਿਲਾਂ ਸਵੇਰੇ ਨੀਂਹ ਬੰਨ੍ਹ ਲਈਂ। ਰਾਤ ਨੂੰ ਵਕਤ ਸਿਰ ਸੌਂ ਜਾਈਂ, ਸਾਝਰੇ ਸਵੇਰੇ ਜਾਗ ਉੱਠੀਂ। ਉਸ ਵੇਲੇ ਸਾਵਧਾਨ ਹੋ ਕੇ ਨਿਰੰਕਾਰ ਦੇ ਚਿੰਤਨ ਵਿਚ ਕੁਝ ਸਮਾਂ ਬੈਠ ਜਾਈਂ। ਇਸ ਸਵੇਰ ਦੀ ਕਮਾਈ ਦਾ ਅਸਰ ਸਾਰਾ ਦਿਨ ਰਹਿੰਦਾ ਹੈ। ਦਿਨ ਵੇਲੇ ਜਦੋਂ ਵਿਹਲ ਮਿਲੇ, ਉਸ ਵੇਲੇ ਪ੍ਰਭੂ ਦੀ ਯਾਦ ਦੁਹਰਾ ਲਈਂ। ਰਾਤ ਸੌਣ ਸਮੇਂ ਫਿਰ ਘੜੀ ਦੀ ਘੜੀ ਕਰਤਾ ਪੁਰਖ ਦੀ ਯਾਦ ਵਿਚ ਬੈਠ ਗਏ। ਇਸ ਨੀਂਦ ਵਿਚ ਵੀ ਕਮਾਈ ਹੋ ਜਾਂਦੀ ਹੈ। ਗ੍ਰਿਹਸਤੀ ਇਸ ਤਰ੍ਹਾਂ ਜਿੰਨੀ ਕਮਾਈ ਕਰਦਾ ਹੈ, ਉਹ ਉਸ ਦੇ ਪੱਲੇ ਰਹਿੰਦੀ ਹੈ, ਪਰ ਅਤੀਤ ਦੀ ਕਮਾਈ ਵੰਡੀਂਦੀ ਰਹਿੰਦੀ ਹੈ।"

"ਪਾਤਸ਼ਾਹ ਜੀ! ਇਹ ਕਿਵੇਂ ?"

"ਅਤੀਤ ਜਿਨ੍ਹਾਂ ਦੀ ਕਮਾਈ ਵਿੱਚੋਂ ਅੰਨ, ਪਾਣੀ, ਬਸਤਰ ਆਦਿ ਲਵੇਗਾ, ਉਨ੍ਹਾਂ ਲਈ ਕਿਰਤ ਹੋਵੇਗਾ। ਉਨ੍ਹਾਂ ਲਈ ਅਸ਼ੀਰਵਾਦ ਮੂੰਹ ਤੋਂ ਨਿਕਲੇਗਾ। ਇਸ ਤਰ੍ਹਾਂ ਕਮਾਈ ਵਿੱਚੋਂ ਕੁਝ ਤਾਂ ਹਿੱਸਾ ਦੇਵੇਗਾ ਹੀ ਨਾ। ਜਿਵੇਂ ਗਾਂ ਨੂੰ ਘਾਹ ਪਾਈਦਾ ਹੈ ਤੇ ਗਾਂ ਦੁੱਧ ਦਿੰਦੀ ਹੈ। ਘਾਹ ਦੀ ਤ੍ਰਿਣ ਖਾ ਕੇ ਦੁੱਧ ਰਤਨ ਮਿਲਦਾ ਹੈ, ਤਿਵੇਂ ਹੀ ਅਤੀਤ ਅੰਨ ਲਵੇਗਾ ਤੇ ਅਸ਼ੀਰਵਾਦ ਦੇਵੇਗਾ। ਕਮਾਈ ਵਿੱਚੋਂ ਵੰਡੇਗਾ। ਕਿਰਤ ਕਰ ਕੇ ਖਾਣ ਵਾਲਾ ਜੋ ਭਗਤੀ ਕਰਦਾ ਹੈ ਤਾਂ ਉਸ ਦੀ ਸਾਰੀ ਕਮਾਈ ਉਸ ਦੇ ਕੋਲ ਰਹਿੰਦੀ ਹੈ। ਦੂਜਾ, ਉਸ ਨੇ ਆਪਣੀ ਕਿਰਤ ਵਿੱਚੋਂ ਜੋ ਕੁਝ ਦਾਨ ਕੱਢਿਆ, ਉਸ ਧਨ ਨਾਲ ਉਹ ਬੰਦਗੀ ਵਾਲੇ ਘਾਲੀ ਦੀ ਸੇਵਾ ਕਰ ਕੇ ਖ਼ੁਸ਼ੀ ਹਾਸਲ ਕਰ ਲੈਂਦਾ ਹੈ ਤੇ ਇਸ ਤਰ੍ਹਾਂ ਉਸ ਦਾ ਲਾਹਾ ਵਧ ਗਿਆ।" ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਨ ਹੈ :

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥ *(ਵਾਰ ਸਾਰੰਗ, ਮ: ੧, ਪੰਨਾ 1245)*

ਇਸ ਤਰ੍ਹਾਂ ਭਾਈ ਜੱਗਾ ਧਰਣੀ ਸਤਿਗੁਰਾਂ ਦੇ ਬਚਨ ਸੁਣ ਕੇ ਨਿਹਾਲ ਹੋ ਗਿਆ। ਉਸ ਨੇ ਪਾਤਸ਼ਾਹ ਤੋਂ ਨਾਮ-ਦਾਨ ਲਿਆ ਤੇ ਫਿਰ ਗ੍ਰਿਹਸਥ ਵਿਚ ਰਹਿ ਕੇ ਘਾਲ-ਕਮਾਈ ਕੀਤੀ। ਨਿਰੰਕਾਰ ਦੇ ਪਿਆਰਿਆਂ ਦੀ ਸੇਵਾ ਕਰ ਕੇ ਗੁਰਮੁਖ ਬਣ ਗਿਆ। ਭਾਈ ਗੁਰਦਾਸ ਜੀ ਨੇ ਭਾਈ ਜੱਗਾ ਬਾਰੇ ਫ਼ੁਰਮਾਇਆ ਹੈ :

ਜਗਾ ਧਰਣੀ ਜਾਣੀਐ ਸੰਸਾਰੂ ਨਾਲੇ ਨਿਰੰਕਾਰੀ ॥

(ਵਾਰ 11:15)

ਵਿਣੁ ਗੁਣ ਕੀਤੇ ਭਗਤਿ ਨ ਹੋਇ

ਸ੍ਰੀ ਗੁਰੂ ਅੰਗਦ ਸਾਹਿਬ ਜੀ ਦਾ ਦਰਬਾਰ ਲੱਗਾ ਹੋਇਆ ਸੀ। ਭਾਈ ਖਾਨੂ ਤੇ ਭਾਈ ਮਾਹੀਆ ਦੋਵੇਂ ਪਿਉ ਪੁੱਤਰ ਅਤੇ ਭਾਈ ਗੋਬਿੰਦ ਭੰਡਾਰੀ ਖੱਤਰੀ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆਏ। ਬੰਦਨਾ ਕਰਦਿਆਂ ਹੋਇਆਂ ਅਰਜ਼ ਕੀਤੀ, "ਗ਼ਰੀਬ ਨਿਵਾਜ਼ ਸਤਿਗੁਰ ਜੀਉ! ਮੁਕਤੀ ਲਈ ਕੋਈ ਇਕ ਐਸਾ ਗੁਣ ਦੱਸੋ ਜਿਸ ਵਿਚ ਸਭ ਗੁਣ ਪ੍ਰਾਪਤ ਹੋ ਜਾਣ।" ਗ਼ਰੀਬ ਨਿਵਾਜ਼ ਸਤਿਗੁਰ ਜੀ ਨੇ ਬਚਨ ਕਰਦਿਆਂ ਕਿਹਾ, "ਨਿਰੰਕਾਰ ਦੀ ਭਗਤੀ ਸਭ ਗੁਣਾਂ ਦਾ ਗੁਣ ਹੈ।" "ਹੇ ਪਾਤਿਸ਼ਾਹ! ਭਗਤੀ ਕਿੰਨੇ ਪ੍ਰਕਾਰ ਦੀ ਹੈ?" ਤਾਂ ਹੁਕਮ ਹੋਇਆ, "ਤਿੰਨ ਪ੍ਰਕਾਰ ਦੀ ਭਗਤੀ ਹੈ। ਪ੍ਰਿਥਮ ਨੌਧਾ-ਭਗਤੀ ਹੈ, ਦੂਜੀ ਪ੍ਰੇਮਾ-ਭਗਤੀ ਹੈ, ਤੀਜੀ ਪਰਾ-ਭਗਤੀ ਹੈ।" ਭਾਈ ਖਾਨੂੰ, ਭਾਈ ਮਾਹੀਆ ਤੇ ਭਾਈ ਗੋਬਿੰਦ ਨੇ ਹੱਥ ਜੋੜਦਿਆਂ ਅਰਦਾਸ ਕੀਤੀ, "ਪਾਤਸ਼ਾਹ! ਅਸੀਂ ਨਾਸਮਝ ਜੀਵ ਹਾਂ, ਸਭ ਖੋਲ੍ਹ ਕੇ ਦੱਸਣ ਦੀ ਕ੍ਰਿਪਾਲਤਾ ਕਰੋ।" ਸਤਿਗੁਰ ਅੰਗਦ ਸਾਹਿਬ ਜੀ ਨੇ ਬਚਨ ਕੀਤਾ, "ਨੌਧਾ-ਭਗਤੀ ਨੌਂ ਪ੍ਰਕਾਰ ਦੀ ਹੈ। ਜੇ ਨੌਵਾਂ ਵਿੱਚੋਂ ਇਕ ਵੀ ਪ੍ਰਾਪਤ ਹੋ ਜਾਵੇ, ਉਹ ਵੀ ਕਲਿਆਣ ਕਰ ਦਿੰਦੀ ਹੈ। ਜੇ ਭਗਤੀ ਕਰੀਏ ਤਾਂ ਹੀ ਨਿਰੰਕਾਰ ਨਾਲ ਮੇਲ ਹੁੰਦਾ ਹੈ। ਪਹਿਲੀ ਸਰਵਣ ਭਗਤੀ ਹੈ। ਨਿਰੰਕਾਰ ਦੇ ਬਚਨ ਸ਼ਰਧਾ ਨਾਲ ਸਰਵਣ ਕਰਨੇ ਭਾਵ ਸੁਣਨੇ ਹੁੰਦੇ ਹਨ। ਦੂਜੀ ਭਗਤੀ ਕਥਾ ਕੀਰਤਨ ਕਰਨਾ ਹੈ। ਤੀਜੀ ਸਿਮਰਨ ਭਗਤੀ ਹੈ। ਸਵਾਸ-ਸਵਾਸ ਪ੍ਰਭੂ ਦਾ ਸਿਮਰਨ ਕਰੀਦਾ ਹੈ। ਚੌਥੀ ਚਰਨ ਸੇਵ ਭਗਤੀ ਹੈ ਭਾਵ ਪਰਮਾਤਮਾ ਦੇ ਚਰਨਾਂ ਦਾ ਧਿਆਨ ਕਰਨਾ। ਗੁਰਮੁਖ-ਜਨਾਂ ਦੇ ਚਰਨ ਧੋਵਣੇ, ਪੱਖੇ ਪਾਣੀ ਦੀ ਟਹਿਲ ਕਰਨੀ ਹੈ। ਪੰਜਵੀਂ ਅਰਚਨਾ ਭਗਤੀ ਹੈ। ਗੁਰਮੁਖਾਂ ਤੇ ਲੋੜਵੰਦਾਂ ਲਈ ਉੱਤਮ ਭੋਜਨ ਤੇ ਬਸਤ੍ਰਾਂ ਦੀ ਸੇਵਾ ਕਰਨੀ ਹੁੰਦੀ ਹੈ। ਛੇਵੀਂ ਬੰਦਨਾ ਭਗਤੀ ਹੈ ਤੇ ਗੁਰੂ ਦੇ ਚਰਨਾਂ ਤੇ ਗੁਰਦੁਆਰਿਆਂ ਦੀ ਸਦਾ ਬੰਦਨਾ, ਨਮਸਕਾਰ ਤੇ ਪਰਦਖਣਾ ਕਰਨੀ ਹੁੰਦੀ ਹੈ। ਸੱਤਵੀਂ ਦਾਸ ਭਗਤੀ ਹੈ, ਭਾਵ ਆਪਣੇ ਆਪ ਨੂੰ ਦਾਸ ਜਾਣਨਾ ਤੇ ਪਰਮਾਤਮਾ ਨੂੰ ਸੁਆਮੀ ਜਾਣਨਾ। ਸਭ ਤਨ-ਮਨ-ਧਨ ਪਰਮੇਸ਼ਰ ਦਾ ਸਮਝਣਾ ਹੁੰਦਾ ਹੈ। ਅੱਠਵੀਂ ਸਖਾ ਭਗਤੀ ਹੈ, ਇਸ ਵਿਚ ਪ੍ਰਭੂ ਨੂੰ ਸਖਾ ਭਾਵ ਮਿੱਤਰ ਜਾਣਨਾ ਜੋ ਹਮੇਸ਼ਾ ਮੀਤ ਦਾ ਭਲਾ ਹੀ ਕਰਨਗੇ। ਨੌਵੀਂ

ਆਤਮ ਨਿਵੇਦਨ ਭਗਤੀ ਹੈ। ਇਸ ਰਾਹੀਂ ਤਨ-ਮਨ-ਧਨ ਸਭ ਵਾਹਿਗੁਰੂ ਨੂੰ ਸੌਂਪ ਛੱਡਣਾ, ਆਪਣਾ ਕੁਝ ਨਾ ਜਾਣਨਾ ਹੁੰਦਾ ਹੈ। ਦੂਜੀ ਪ੍ਰੇਮਾ-ਭਗਤੀ ਕਹਿੰਦੇ ਹਨ। ਜਿਵੇਂ ਬ੍ਰਿਛ ਦਾ ਫਲ ਜਦੋਂ ਸਾਵੇ ਰੰਗ ਦਾ ਹੁੰਦਾ ਹੈ ਤਾਂ ਕੌੜਾ ਹੁੰਦਾ ਹੈ। ਪੀਲੇ ਰੰਗ ਦਾ ਖੱਟਾ ਅਤੇ ਲਾਲ ਰੰਗ ਦਾ ਸਵਾਦ ਮਿੱਠਾ ਹੁੰਦਾ ਹੈ, ਇਸੇ ਤਰ੍ਹਾਂ ਜੋ ਪ੍ਰਭੂ ਦੇ ਪ੍ਰੇਮੀ ਹਨ, ਏਹੋ ਉਨ੍ਹਾਂ ਦੇ ਲੱਛਣ ਹੁੰਦੇ ਹਨ। ਪ੍ਰਿਥਮੇ ਰੁਦਨ ਕਰਦੇ ਹਨ ਤੇ ਉੱਭੇ ਸਾਹ ਲੈਂਦੇ ਹਨ ਤਾਂ ਉਨ੍ਹਾਂ ਦਾ ਮੂੰਹ ਪਹਿਲੇ ਸਾਵਾਂ ਹੁੰਦਾ ਹੈ ਅਤੇ ਜਿਉਂ ਜਿਉਂ ਉਨ੍ਹਾਂ ਦਾ ਮੂੰਹ ਪੀਲਾ ਹੁੰਦਾ ਹੈ ਅਤੇ ਜਿਵੇਂ-ਜਿਵੇਂ ਗੁਰਮੁਖ ਜਨਾਂ ਦੀ ਸੰਗਤ ਹੁੰਦੀ ਹੈ, ਤਿਉਂ-ਤਿਉਂ ਉਨ੍ਹਾਂ ਦੇ ਬਚਨਾਂ ਨਾਲ ਮੁਖ ਲਾਲ ਹੋਈ ਜਾਂਦਾ ਹੈ, ਤਾਂ ਨਿਰੰਕਾਰ ਨਾਲ ਪ੍ਰੀਤ ਰੂਪੀ ਮਿਸ਼ਠਾਨ ਉਨ੍ਹਾਂ ਵਿਚ ਪ੍ਰਾਪਤ ਹੁੰਦੀ ਹੈ। ਇਸ ਨਾਲ ਗਿਆਨ ਦੀ ਸਮਝ ਉਨ੍ਹਾਂ ਨੂੰ ਹੋ ਜਾਂਦੀ ਹੈ। ਜਿਉਂ-ਜਿਉਂ ਭਗਤ ਗਿਆਨ ਦਾ ਅਭਿਆਸ ਕਰਦੇ ਹਨ, ਤਿਉਂ-ਤਿਉਂ ਪਰਾ-ਭਗਤੀ ਪ੍ਰਾਪਤ ਹੁੰਦੀ ਹੈ। ਆਤਮਾ ਤੇ ਪਰਮਾਤਮਾ ਵਿਚ ਅਭੇਦਤਾ ਨਜ਼ਰੀਂ ਪੈਂਦੀ ਹੈ। ਜੋ ਸਤਿ-ਚਿਤ-ਅਨੰਦ ਰੂਪ ਈਸ਼ਵਰ ਹੈ, ਉਹੀ ਸਤਿ-ਚਿਤ-ਅਨੰਦ ਰੂਪ ਆਤਮਾ ਹੈ ਪਰ ਇਹ ਸਹਿਕਾਮਤਾ ਦਾ ਭੇਦ ਹੈ। ਆਤਮਾ ਅਗਿਆਨ ਕਰਕੇ ਸਹਿਕਾਮੀ ਹੈ ਤੇ ਪਰਮਾਤਮਾ ਗਿਆਨ ਕਰਕੇ ਨਿਹਕਾਮੀ ਹੈ। ਕਾਮਨਾ ਤੇ ਨਿਹਕਾਮਤਾ ਦੋਵੇਂ ਕਲਪਿਤ ਹਨ। ਜੋ ਈਸ਼ਵਰ ਨਿਹਕਾਮਤਾ ਦੇ ਭੇਦ ਤਿਆਗ ਦੇਵੇ ਅਤੇ ਆਤਮਾ ਸਹਿਕਾਮਤਾ ਤਿਆਗ ਦੇਵੇ ਤਾਂ ਦੋਵੇਂ ਬ੍ਰਹਮ ਰੂਪ ਹਨ।"

ਇਸ ਤਰ੍ਹਾਂ ਭਾਈ ਖਾਨੂ, ਭਾਈ ਮਾਹੀਏ ਅਤੇ ਭਾਈ ਗੋਬਿੰਦ ਨੇ ਗਿਆਨ ਪ੍ਰਾਪਤ ਕੀਤਾ ਅਤੇ ਭਗਤੀ ਵਿਚ ਲੱਗ ਗਏ ਤੇ ਭਗਤੀ ਕਰਦਿਆਂ ਉਹ ਮੁਕਤੀ ਨੂੰ ਪ੍ਰਾਪਤ ਕਰ ਗਏ। ਭਾਈ ਗੁਰਦਾਸ ਜੀ ਨੇ ਭਾਈ ਖਾਨੂ, ਭਾਈ ਮਾਹੀਏ ਅਤੇ ਭਾਈ ਗੋਬਿੰਦ ਭੰਡਾਰੀ ਨੂੰ ਗੁਣਾਂ ਦੇ ਗਾਹਕ ਦੱਸਦਿਆਂ ਵਰਣਨ ਕੀਤਾ ਹੈ :

ਖਾਨੂ ਮਈਆ ਪਿਉ ਪੁਤੁ ਹੈ ਗੁਣ ਗਾਹਕ ਗੋਵਿੰਦ ਭੰਡਾਰੀ॥

(ਵਾਰ 11:15)

ਬਿਨੁ ਸੇਵਾ ਫਲੁ ਕਬਹੁ ਨ ਪਾਵਸਿ

ਭੱਟ ਕਲ੍ਹ ਸਹਾਰ ਜੀ ਨੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਮਨੋ-ਕਾਮਨਾਵਾਂ ਪੂਰੀਆਂ ਕਰਨ ਵਾਲੇ, ਰੋਗ ਨਿਵਾਰਣ ਵਾਲੇ, ਤ੍ਰਿੰਨ ਤਾਪਾਂ (ਆਧਿ, ਬਿਆਧਿ, ਪਰਵਿਰਤ) ਨੂੰ ਦੂਰ ਕਰਨ ਵਾਲੇ ਦੱਸਿਆ, ਜੋ ਧੰਨ ਗੁਰੂ ਨਾਨਕ ਸਾਹਿਬ ਜੀ ਦੀ ਪਾਵਨ ਛੋਹ ਦੇ ਪਰਸਨ ਕਰਕੇ ਜਗਤ-ਗੁਰੂ ਹਨ ਅਤੇ ਉਨ੍ਹਾਂ ਦੇ ਦਰ 'ਤੇ ਆ ਕੇ ਜੀਵਾਂ ਦੀ ਲਿਵ ਇਕ-ਰਸ ਵਾਹਿਗੁਰੂ ਵਿਚ ਲੱਗ ਜਾਂਦੀ ਹੈ:

ਕਲਿਪ ਤਰੁ ਰੋਗ ਬਿਦਾਰੁ ਸੰਸਾਰ ਤਾਪ
ਨਿਵਾਰ ਆਤਮਾ ਤ੍ਰਿਬਿਧਿ ਤੇਰੈ ਏਕ ਲਿਵ ਤਾਰ॥
ਕਹੁ ਕੀਰਤਿ ਕਲ ਸਹਾਰ ਸਪਤ ਦੀਪ
ਮਝਾਰ ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ॥੩॥

(ਸਵਈਏ ਮਹਲੇ ਦੂਜੇ ਕੇ ੨, ਪੰਨਾ 1391)

ਇੰਜ ਹੀ ਇਕ-ਰਸ ਲਿਵ ਲੱਗੀ ਵਾਲਾ ਭਾਈ ਜੋਧ ਰਸੋਈਆ ਧੰਨ ਗੁਰੂ ਅੰਗਦ ਸਾਹਿਬ ਜੀ ਦੇ ਹਜ਼ੂਰ ਰਹਿੰਦਾ ਸੀ। ਜਾਤ ਦਾ ਉਹ ਬ੍ਰਾਹਮਣ ਸੀ। ਗੁਰੂ ਅੰਗਦ ਸਾਹਿਬ ਜੀ ਦੇ ਦਰਬਾਰ ਬੜੇ ਮਨ ਨਾਲ ਸੇਵਾ ਕਰਿਆ ਕਰਦਾ ਸੀ। ਨਿੱਤ ਗੁਰੂ ਕੇ ਲੰਗਰਾਂ ਵਿਚ ਦਿਨ-ਰਾਤ ਸੇਵਾ ਕਰਦਾ ਰਹਿੰਦਾ। ਸਤਿਗੁਰਾਂ ਦੇ ਹਜ਼ੂਰ ਰਹਿਣ ਕਰਕੇ ਦੁਨਿਆਵੀ ਮਾਇਆ ਤੋਂ ਉਹ ਨਿਰਲੇਪ ਰਹਿੰਦਾ ਸੀ। ਲੰਗਰ ਵਿਚ ਸਾਰਾ ਖਾਣਾ ਪਕਾ ਕੇ ਸਿੱਖਾਂ ਨੂੰ ਛਕਾਉਂਦਾ ਰਹਿੰਦਾ। ਆਪ ਉਨ੍ਹਾਂ ਸਿੱਖਾਂ ਦੀਆਂ ਪਤਲਾਂ ਧੋ ਕੇ ਪੀ ਲੈਂਦਾ ਤੇ ਸੰਤੁਸ਼ਟ ਰਹਿੰਦਾ। ਉਹ ਮਨ ਵਿਚ ਚਿਤਵਦਾ ਕਿ ਏਹ ਜੋ ਸਤਿਗੁਰ ਦੇ ਸਿੱਖ ਹਨ, ਜਿੰਨੀ ਟਹਿਲ-ਸੇਵਾ ਇਨ੍ਹਾਂ ਦੀ ਮੈਂ ਕਰਾਂਗਾ, ਮੇਰਾ ਭਲਾ ਹੋਵੇਗਾ। ਇਹ ਹੀ ਸਤਿਗੁਰ ਦੀ ਸੇਵਾ ਹੈ। ਸਤਿਗੁਰਾਂ ਦਾ ਧਿਆਨ ਧਰਦਿਆਂ ਹੋਇਆਂ ਦਿਨ ਜਾਂ ਰਾਤ ਕਿਸੇ ਵੇਲੇ ਵੀ ਕੋਈ ਸਿੱਖ ਦਰਬਾਰ ਚੱਲ ਆਉਂਦਾ, ਉਸ ਨੂੰ ਉਸੇ ਸਮੇਂ ਲੰਗਰ ਪ੍ਰਸ਼ਾਦ ਛਕਾਉਂਦਾ। ਕਿਸੇ ਤਰ੍ਹਾਂ ਦਾ ਆਲਸ ਉਸ ਵਿਚ ਨਹੀਂ ਸੀ। ਧੰਨ ਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਨ ਹੈ ਕਿ ਸਤਿਗੁਰ ਦੀ ਸੇਵਾ ਬਿਨਾਂ ਕੋਈ ਫਲ ਪ੍ਰਾਪਤ ਨਹੀਂ ਹੁੰਦਾ ਅਤੇ ਇਹ ਸੇਵਾ ਹੀ ਪਰਮ ਸ੍ਰੇਸ਼ਟ ਅਮਲ ਹੈ। ਗੁਰਵਾਕ ਹੈ:

ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ॥੨॥
ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ॥

ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ ॥
ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ ॥

(ਮਾਰੂ ਮ: ੧, ਪੰਨਾ 992)

ਸਤਿਗੁਰੂ ਅੰਗਦ ਸਾਹਿਬ ਜੀ ਭਾਈ ਜੋਧ ਦੀ ਸੇਵਾ ਤੋਂ ਬਹੁਤ ਪ੍ਰਸੰਨ ਸਨ। ਮਿਹਰਾਂ ਦੇ ਦਾਤੇ ਨੇ ਗੁਰੂ-ਘਰ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਭਾਈ ਜੋਧ ਦਾ ਭਵ-ਸਾਗਰ ਤੋਂ ਪਾਰ-ਉਤਾਰਾ ਕਰ ਦਿੱਤਾ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਭਾਈ ਜੋਧ ਨੂੰ ਦੇਵਤਾ ਅਤੇ ਗੁਰ-ਸੇਵਾ ਵਿਚ ਭਰਪੂਰ ਪੁਰਸ਼ ਕਿਹਾ ਹੈ :

ਜੋਧੁ ਰਸੋਈਆ ਦੇਵਤਾ ਗੁਰ ਸੇਵਾ ਕਰਿ ਦੁਤਰ ਤਾਰੀ ॥

(ਵਾਰ 11:15)

ਇਤੁ ਮਦਿ ਪੀਤੈ ਨਾਨਕਾ

ਸ੍ਰੀ ਖਡੂਰ ਸਾਹਿਬ ਵਿਖੇ ਇਕ ਜਵਾਹਰ ਮੱਲ ਨਾਮੀ ਚੌਧਰੀ ਰਹਿੰਦਾ ਸੀ। ਬਹੁਤ ਜ਼ਿਆਦਾ ਸ਼ਰਾਬ ਪੀਣ ਕਰਕੇ ਉਸ ਨੂੰ ਲੋਕ ਮਲੂਕਾ ਸ਼ਰਾਬੀ ਵੀ ਕਹਿੰਦੇ ਸਨ। ਸ੍ਰੀ ਗੁਰੂ ਅੰਗਦ ਸਾਹਿਬ ਦੀ ਅਗਵਾਈ ਤੇ ਸ਼ੋਭਾ ਸੁਣ ਕੇ ਦੂਰ-ਨੇੜਿਓਂ ਬਹੁਤ ਸਾਰੀ ਸੰਗਤ ਤੇ ਸੰਤ ਮਹਾਤਮਾ ਗੁਰੂ-ਦਰਬਾਰ ਵਿਚ ਆਉਣ ਲੱਗ ਪਏ। ਗੁਰੂ-ਦਰਬਾਰ ਦੀ ਚੜ੍ਹਤ ਵੇਖ ਕੇ ਚੌਧਰੀ ਜਵਾਹਰ ਮੱਲ ਈਰਖਾ ਕਰਨ ਲੱਗ ਪਿਆ। ਉਹ ਨਿੱਤ ਆਈਆਂ ਸੰਗਤਾਂ ਨੂੰ ਤੰਗ ਕਰਦਾ ਤੇ ਕਈ ਵਾਰ ਸ਼ਰਾਬ ਪੀ ਕੇ ਬੋਲ-ਕੁਬੋਲ ਵੀ ਬੋਲਦਾ। ਇਸ ਸੰਬੰਧ ਵਿਚ ਕਈ ਸਿੱਖਾਂ ਨੇ ਗੁਰੂ ਸਾਹਿਬ ਨੂੰ ਵੀ ਦੱਸਿਆ, ਪਰ ਪਾਤਸ਼ਾਹ ਨੇ ਕਿਹਾ, "ਕੋਈ ਨਹੀਂ, ਜੋ ਮਾੜੇ ਕਰਮ ਕਰਦਾ ਹੈ, ਉਸ ਦਾ ਫਲ ਪਾ ਲੈਂਦਾ ਹੈ। ਤੁਸੀਂ ਉਸ ਵਰਗਾ ਨਹੀਂ ਬਣਨਾ। ਉਸ ਵੱਲ ਧਿਆਨ ਨਾ ਦੇਵੋ।"

ਜ਼ਿਆਦਾ ਸ਼ਰਾਬ ਪੀਣ ਨਾਲ ਮਲੂਕੇ ਸ਼ਰਾਬੀ ਨੂੰ ਮਿਰਗੀ ਪੈਣ ਲੱਗ ਪਈ। ਇਸ ਬਿਮਾਰੀ ਨੇ ਉਸ ਨੂੰ ਬਹੁਤ ਦੁਖੀ ਕੀਤਾ। ਖਡੂਰ ਸਾਹਿਬ ਦੇ ਜੋਗੀ ਨੇ ਵੀ ਕਈ ਓਹੜ-ਪੋਹੜ ਕਰ ਲਏ ਪਰ ਮਿਰਗੀ ਨਾ ਹਟੀ। ਸਾਕ-ਸੰਬੰਧੀਆਂ ਤੇ ਪਿੰਡ ਦੇ ਲੋਕਾਂ ਨੇ ਉਸ ਨੂੰ ਸਮਝਾਇਆ ਕਿ ਗੁਰੂ-ਨਿੰਦਿਆ ਛੱਡ ਕੇ ਗੁਰੂ ਪਾਤਸ਼ਾਹ ਦੇ ਚਰਨੀਂ ਲੱਗ, ਸਭ ਦੁਖ ਦੂਰ ਹੋ ਜਾਣਗੇ। ਲੋਕਾਂ ਦੇ ਸਮਝਾਉਣ 'ਤੇ ਮਲੂਕਾ ਗੁਰੂ ਅੰਗਦ ਪਾਤਸ਼ਾਹ ਜੀ ਦੇ ਦਰਬਾਰ ਗਿਆ। ਪਾਤਸ਼ਾਹ ਨੇ ਚੌਧਰੀ ਮਲੂਕੇ ਨੂੰ ਸੁਖ-ਸਾਂਦ ਪੁੱਛੀ ਤਾਂ ਮਲੂਕੇ ਨੇ ਕਿਹਾ, "ਹੇ ਸਤਿਗੁਰ ਜੀ! ਮੈਨੂੰ ਮਿਰਗੀ ਦਾ ਭਾਰਾ ਦੁਖ ਲੱਗ ਗਿਆ ਹੈ, ਕ੍ਰਿਪਾ ਦਇਆ ਕਰ ਕੇ ਇਹ ਮਿਰਗੀ ਦਾ ਦੁਖ ਦੂਰ ਕਰ ਦਿਉ।"

ਦਿਵਸ਼ ਏਕ ਪ੍ਰਭ ਪੈ ਗਇਓ ਕਹੀ ਬ੍ਰਿਥਾ ਦੂਖ ਸਭ ਜਾਇ।
ਹੇ ਤਪਾ ਦਇਆਲ ਸਭ ਦੁਖ ਹਰੋ ਮਮ ਮ੍ਰਿਗੀ ਦੇਹ ਛੁਡਾਇ ॥੬॥

(ਮਹਿਮਾ ਪ੍ਰਕਾਸ਼, ਭਾਗ ਦੂਜਾ, ਸਾਖੀ 8)

"ਮਲੂਕਿਆ! ਤੂੰ ਸ਼ਰਾਬ ਛੱਡ ਦੇ, ਮਿਰਗੀ ਤੈਨੂੰ ਛੱਡ ਦੇਵੇਗੀ।" ਮਲੂਕੇ ਨੇ ਪਾਤਸ਼ਾਹ ਨੂੰ ਬਚਨ ਦਿੱਤਾ ਅਤੇ ਉਸ ਨੇ ਸ਼ਰਾਬ ਛੱਡ ਦਿੱਤੀ। ਦਿਨਾਂ ਵਿਚ ਮਲੂਕਾ ਨੌਂ-ਬਰ-ਨੌਂ ਹੋ ਗਿਆ। ਗੁਰੂ-ਸੰਗਤ ਦੀ ਨਿੱਤ ਸੇਵਾ ਕਰਨ ਲੱਗ

ਪਿਆ। ਜਦੋਂ ਕਈ ਸਾਲ ਲੰਘ ਗਏ। ਇਕ ਦਿਨ ਖਡੂਰ ਦੇ ਜੋਗੀ ਨੇ ਮਲੂਕੇ ਨੂੰ ਕਿਹਾ, "ਮਲੂਕਿਆ! ਤੂੰ ਇਲਾਕੇ ਦਾ ਚੌਧਰੀ ਹੈਂ, ਖਾਣਾ-ਪੀਣਾ ਤੁਹਾਡਾ ਹੱਕ ਹੈ, ਇਸ ਲਈ ਸ਼ਰਾਬ ਪੀਉ ਤੇ ਮਾਸ ਖਾਉ।" ਕਮਜ਼ੋਰ-ਦਿਲ ਮਲੂਕਾ ਜੋਗੀ ਦੀਆਂ ਗੱਲਾਂ ਵਿਚ ਆ ਗਿਆ ਤੇ ਮੁੜ ਸ਼ਰਾਬ ਪੀਣ ਲੱਗ ਪਿਆ। ਕੁਝ ਦਿਨਾਂ ਬਾਅਦ ਸ਼ਰਾਬ ਦੇ ਨਸ਼ੇ ਵਿਚ ਘੁੰਮਣ-ਘੇਰੀਆਂ ਖਾਂਦਾ ਕੋਠੇ ਤੋਂ ਥੱਲੇ ਡਿੱਗ ਪਿਆ ਤੇ ਮਰ ਗਿਆ। ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਚੌਧਰੀ ਮਲੂਕੇ ਦੇ ਮਰਨ ਦਾ ਪਤਾ ਲੱਗਾ ਤਾਂ ਸਾਰੀ ਸੰਗਤ ਨੂੰ ਅਲਾਹੁਣੀਆਂ ਦਾ ਪਾਠ ਕਰਨ ਲਈ ਕਿਹਾ। ਇਸ ਦੇ ਨਾਲ ਸੰਗਤ ਨੂੰ ਉਪਦੇਸ਼ ਦਿੰਦਿਆਂ ਫ਼ੁਰਮਾਇਆ ਕਿ ਬਾਰ-ਬਾਰ ਉਹੀ ਕਰਮ ਕਰਦਿਆਂ ਇਕ ਸੁਭਾਅ ਬਣ ਜਾਂਦਾ ਹੈ। ਚੰਗੀ ਸੰਗਤ ਸੁਭਾਅ ਨੂੰ ਮੋੜਾ ਪਾ ਦਿੰਦੀ ਹੈ। ਕੁਸੰਗਤ ਮਾੜੀਆਂ ਆਦਤਾਂ ਨੂੰ ਮੁੜ ਜਗਾ ਦਿੰਦੀ ਹੈ। ਮਨਮੁਖ ਨੂੰ ਗੁਰੂ ਦੀ ਸੰਗਤ ਵਿੱਚੋਂ ਵੀ ਫਲ ਪ੍ਰਾਪਤ ਨਹੀਂ ਹੁੰਦਾ ਪਰ ਇਸ ਦੇ ਉਲਟ ਗੁਰਮੁਖ ਨੂੰ ਸਭ ਖ਼ੁਸ਼ੀਆਂ ਗੁਰੂ ਦੀ ਸੰਗਤ ਵਿੱਚੋਂ ਪ੍ਰਾਪਤ ਹੋ ਜਾਂਦੀਆਂ ਹਨ :

ਜੋ ਮਨਮੁਖ ਮਤ ਅਗਿਆਨ ਤਿਨ ਸੰਤ ਸੰਗ ਨਹੀ ਫਲ ਲਗੇ।
ਸੋ ਗੁਰਮੁਖ ਪੁਰਖ ਸੁਜਾਨ, ਹੋਇ ਸੇਵਕ ਭਾਇ ਸਭ ਪਦ ਲਹੇ ॥੧੨॥

(ਮਹਿਮਾ ਪ੍ਰਕਾਸ਼, ਭਾਗ ਦੂਜਾ, ਸਾਖੀ 8)

ਇਸ ਲਈ ਮੌਤ ਨੂੰ ਯਾਦ ਰੱਖੋ ਤੇ ਮਾੜੇ ਕੰਮਾਂ ਵਿਚ ਪਰਵਿਰਤ ਨਾ ਹੋਵੋ।

ਦਾਤਾ ਤੋਂ ਦਾਤਾ ਮੰਗੀਏ, ਦਾਤਾਂ ਨਹੀਂ

ਭਾਈ ਬਖਤਾਵਰ ਹਰੀਕੇ (ਅੰਮ੍ਰਿਤਸਰ) ਦਾ ਰਹਿਣ ਵਾਲਾ ਇਲਾਕੇ ਦਾ ਚੌਧਰੀ ਸੀ। ਇਲਾਕੇ ਦੇ 70-72 ਪਿੰਡਾਂ ਦਾ ਮਾਲੀਆ ਉਸ ਕੋਲ ਹੁੰਦਾ ਸੀ। ਮਾਇਆ ਦਾ ਉਸ ਨੂੰ ਬਹੁਤ ਹੰਕਾਰ ਸੀ। ਗੁਰੂ ਅੰਗਦ ਸਾਹਿਬ ਜੀ ਇਕ ਵਾਰ ਮੱਤੇ ਦੀ ਸਰਾਂ ਤੋਂ ਆਉਂਦੇ ਹੋਏ ਬਿਆਸ-ਸਤਲੁਜ ਨਦੀਆਂ ਦੇ ਸੰਗਮ ਕੰਢੇ ਵੱਸੇ ਹਰੀਕੇ ਨਗਰ ਵਿਚ ਠਹਿਰੇ। ਇਥੇ ਗੁਰੂ ਅੰਗਦ ਸਾਹਿਬ, ਗੁਰੂ ਨਾਨਕ ਸਾਹਿਬ ਜੀ ਦੀ ਸ਼ਰਨ ਜਾਣ ਤੋਂ ਪਹਿਲਾਂ ਵਪਾਰ ਕਰਦੇ ਹੁੰਦੇ ਸਨ। ਇਥੋਂ ਹੀ ਸੰਘਰ ਜਾ ਕੇ ਹੱਟੀ ਪਾ ਲਈ ਸੀ। ਚੌਧਰੀ ਬਖਤਾਵਰ ਉਸ ਸਮੇਂ ਤੋਂ ਪਾਤਸ਼ਾਹ ਦਾ ਜਾਣੂ ਸੀ। ਹੋਰ ਵੀ ਕਈ ਮੇਲੀ-ਗੇਲੀ, ਜਾਣੂ-ਪਛਾਣੂ ਏਥੇ ਰਹਿੰਦੇ ਸਨ। ਸਤਿਸੰਗਤ ਵਿਚ ਨਾਮ ਦਾ ਪ੍ਰਵਾਹ ਚੱਲਦਾ ਰਿਹਾ। ਚੌਧਰੀ ਬਖਤਾਵਰ ਨੇ ਸੁਨੇਹਾ ਘੱਲਿਆ ਕਿ ਮੈਂ ਆ ਰਿਹਾ ਹਾਂ। ਪਾਤਸ਼ਾਹ ਨੇ ਉਸ ਦੇ ਸਤਿਕਾਰ ਲਈ ਕਿਹਾ ਕਿ ਬੈਠਣ ਲਈ ਸੁਹਣਾ ਮੂਹੜਾ ਡਾਹ ਦਿਉ। ਜਦ ਉਹ ਆਇਆ ਤਾਂ ਆਪਣੀ ਸਰਦਾਰੀ ਦੇ ਹੰਕਾਰ ਵਿਚ ਬਿਨਾਂ ਕੋਈ ਦੁਆ-ਸਲਾਮ ਕੀਤਿਆਂ, ਬਿਨਾਂ ਕੁਝ ਬੋਲਿਆਂ, ਸਿੱਧਾ ਗੁਰੂ ਸਾਹਿਬ ਦੇ ਪਲੰਘ 'ਤੇ ਸਿਰਹਾਣੇ ਵੱਲ ਬੈਠ ਗਿਆ। ਸਹਿਨਸ਼ੀਲ ਪਾਤਸ਼ਾਹ ਨੇ ਆਖਿਆ, "ਆਓ ਚੌਧਰੀ ਜੀ, ਜੀ ਆਇਆਂ ਨੂੰ, ਰਾਜ਼ੀ ਪ੍ਰਸੰਨ ਹੋ ?" ਚੌਧਰੀ ਨੇ ਕਿਹਾ, "ਹਾਂ ਬੜੇ ਸੁਖੀ ਹਾਂ।" ਇਹ ਕਹਿ ਕੇ ਚੌਧਰੀ ਬਖਤਾਵਰ ਨੇ ਸੰਗਤਾਂ ਵੱਲ ਵੇਖਿਆ ਤਾਂ ਸਮਝ ਗਿਆ ਕਿ ਉਸ ਦੇ ਬੈਠਣ ਨੂੰ ਸੰਗਤ ਨੇ ਅਸੱਭਿਆ ਸਮਝਿਆ ਹੈ। ਉਹ ਆਪੇ ਹੀ ਬੋਲ ਪਿਆ, "ਕਿਉਂ ਘੂਰ-ਘੂਰ ਵੇਂਹਦੇ ਹੋ ? ਇਹ ਗੁਰੂ ਹੈ ਤਾਂ ਮੈਂ ਵੀ ਚੌਧਰੀ ਹਾਂ, ਬਹੱਤਰ ਪਿੰਡਾਂ ਦਾ। ਨਾਲੇ ਬੇਲੀ ਹਾਂ, ਛੋਟੀ ਉਮਰ ਦੇ ਦੋਵੇਂ।" ਪਾਤਸ਼ਾਹ ਇਹ ਸੁਣ ਕੇ ਮੁਸਕਰਾ ਪਏ। ਸੰਗਤ ਚੁੱਪ ਹੋ ਗਈ। ਉਸੇ ਖੁੱਲ੍ਹੀ-ਡੁੱਲ੍ਹੀ ਸੁਰ ਵਿਚ ਫਿਰ ਬੋਲਿਆ, "ਸਾਈਂ ਨੇ ਵਿਤੋਂ ਵੱਧ ਦੇ ਦਿੱਤਾ ਹੈ, ਮੈਂ ਅੱਗੋਂ ਹੋਰ ਵਧਾਉਂਦਾ ਪਿਆ ਹਾਂ। ਤੁਹਾਨੂੰ ਭੀ ਲੱਭ ਪਿਆ ਹੈ ਹੋਰ ਕੁਛ, ਜੋ ਸੁਣਿਆ ਹੈ ਕਿ ਲੋਕਾਂ ਨੂੰ ਦੇਂਦੇ ਹੋ। ਸਾਨੂੰ ਭੀ ਦੇ ਦਿਓ ਪੁਰਾਣੇ ਬੇਲੀਆਂ ਨੂੰ।"

ਪਾਤਸ਼ਾਹ ਬੋਲੇ, "ਚੌਧਰੀ ਜੀ, ਖੱਟਦੇ ਕਮਾਉਂਦੇ ਹੋਏ ਮੈਨੂੰ ਸੋਝੀ ਆਈ ਕਿ ਇਥੋਂ ਚੱਲਣਾ ਹੀ ਅਟੱਲ ਸਚਾਈ ਹੈ। ਕਿਸੇ ਨੇ ਇਥੇ ਸਦਾ-ਥਿਰ ਨਹੀਂ ਰਹਿਣਾ। ਮੈਂ ਤਾਂ ਭੱਜ ਕੇ ਸਦਾ ਰਹਿਣ ਦੀ ਸੋਝੀ ਵਾਲੇ ਦੀ ਸ਼ਰਨ ਜਾ ਪਿਆਂ।

ਉਸ ਨੇ ਮੈਨੂੰ ਅਣਹੋਂਦ ਦਾਨ ਦਿੱਤਾ ਤੇ ਜਾਚ ਦੱਸੀ ਕਿ ਇਸ ਨੂੰ ਵੰਡਿਆ ਕਰ। ਤੈਨੂੰ ਦਾਤੇ ਨੇ ਹੋਂਦ ਦਿੱਤੀ ਹੈ ਜਿਸ ਦਾ ਤੈਨੂੰ ਮਾਣ ਹੈ। ਪਰ ਦੁਨੀਆਂ ਦਾ ਵਰਤਾਰਾ ਇਹ ਹੈ ਕਿ ਸਾਈਂ ਜਿਸ ਨੂੰ ਬਹੁਤੀ ਦਿੰਦਾ ਹੈ, ਓਨੀ ਬਹੁਤੀ ਦਾ ਹਿਸਾਬ ਵੀ ਉਸ ਤੋਂ ਲੈਂਦਾ ਹੈ। ਜਿਸ ਨੂੰ ਥੋੜ੍ਹੀ ਦਿੰਦਾ ਹੈ, ਉਸ ਦਾ ਥੋੜ੍ਹਾ ਲੇਖਾ ਹੁੰਦਾ ਹੈ। ਜਿਸ ਨੂੰ ਅਣਹੋਂਦ ਦਿੰਦਾ ਹੈ ਉਸ ਦਾ ਲੇਖਾ ਦੇਣ ਵੇਲੇ ਹੀ ਨਿੱਬੜ ਜਾਂਦਾ ਹੈ।" ਚੌਧਰੀ ਦੇ ਅੰਦਰ ਬਹੁਤੀ ਮਾਇਆ ਦਾ ਮਾਣ ਸੀ ਪਰ ਸਾਹਿਬਾਂ ਦੇ ਬੋਲਾਂ ਦੇ ਬਾਣਾਂ ਨੇ ਚੜ੍ਹੇ ਤੀਰ ਵਾਂਗ ਘਾਉ ਕਰ ਦਿੱਤਾ। ਆਤਮਾ ਝੰਜੋੜੀ ਗਈ। "ਸਾਈਂ ਲੇਖਾ ਵੀ ਲਵੇਗਾ ?" "ਹਾਂ ਥੋੜ੍ਹੀ ਵਾਲੇ ਦਾ ਥੋੜ੍ਹਾ, ਬਹੁਤੀ ਵਾਲੇ ਦਾ ਬਹੁਤਾ।" ਪਾਤਸ਼ਾਹ ਨੇ ਦੱਸਿਆ। ਹਜ਼ੂਰ ਨੇ ਅੱਗੇ ਕਿਹਾ ਕਿ ਭਾਈ ! ਸੰਸਾਰ ਇਕ ਖੇਲ ਅਖਾੜਾ ਹੈ, ਇਹ ਮੁੱਕਦਾ ਹੈ। ਮੌਤ ਇਸ ਨੂੰ ਮੁਕਾ ਦਿੰਦੀ ਹੈ। ਕਿਥੇ ਹਨ ਪਿਤਾ-ਪਿਤਾਮਾ ਬਹੁਤੀਆਂ ਵਾਲੇ ? ਚਲੇ ਗਏ ਬਹੁਤੀਆਂ ਛੱਡ ਕੇ। ਚੌਧਰੀ ਜੀ ! ਇਥੇ ਜਗਤ-ਅਖਾੜੇ ਵਿਚ ਜਿਸ ਨੂੰ ਸਾਈਂ ਥਾਪੜਾ ਦੇਵੇਗਾ, ਉਹ ਜਿੱਤ ਜਾਵੇਗਾ। ਅੱਗੇ ਬਹੁਤੀ ਮਾਇਆ, ਬਹੁਤੇ ਜ਼ੋਰ ਅਤੇ ਉੱਚੀ ਜਾਤ ਦੀ ਪੁੱਛ ਨਹੀਂ, ਅੱਗੇ ਤਾਂ ਜੀਉ ਨਿਵਦਾ ਹੈ। ਗੁਰੂ ਨਾਨਕ ਪਾਤਸ਼ਾਹ ਦਾ ਵਾਕ ਹੈ :

ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ॥
ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥
ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥

(ਵਾਰ ਆਸਾ, ਮ: ੧, ਪੰਨਾ 469)

ਚੌਧਰੀ ਦਾ ਅੰਦਰ ਕੰਬ ਗਿਆ ਤੇ ਨਰਮ ਹੋ ਕੇ ਪੁੱਛਿਆ, "ਫਿਰ ਕੀ ਹੋਵੇ ਜੀ ?" ਸਾਹਿਬਾਂ ਨੇ ਕਿਹਾ, "ਆਪਣਾ ਜਨਮ ਸੁਆਰ। ਨਵਾਂ ਨਰੋਆ ਹੋ ਜਾ। ਬਹੁਤੀ ਮਿਲੀ ਦਾ ਮਾਣ ਛੱਡ ਕੇ ਥੋੜ੍ਹੀ ਵਾਲਿਆਂ ਨਾਲ ਵੰਡ ਕੇ ਖਾ, ਲੋੜਵੰਦਾਂ 'ਤੇ ਖ਼ਰਚ। ਫੇਰ ਦੇਣ ਵਾਲੇ ਨੂੰ ਸਾਲਾਹ, ਕਹਿ, 'ਧੰਨ ਦਾਤਾ ! ਤੂੰ ਦੇਣਹਾਰ ਹੈਂ, ਉਸ ਨੂੰ ਯਾਦ ਰੱਖ, ਪਿਆਰ ਕਰ। ਉਹ ਜੋ ਤੈਨੂੰ ਚਾਨਣ ਦੇਵੇ ਬਹੁਤੀ ਨੂੰ ਸਫਲ ਕਰਨ ਦਾ, ਉਸ ਤੋਂ ਹੋਰ ਨਾ ਮੰਗ, ਉਸ ਤੋਂ ਉਸ ਨੂੰ ਮੰਗ। ਦਾਤਾ ਤੋਂ ਦਾਤਾਂ ਨਾ ਮੰਗ, ਦਾਤਾ ਮੰਗ। ਦਾਤਾਂ ਨਾਲੋਂ ਦਾਤਾ ਵਧੇਰੇ ਮੁੱਲਵਾਨ ਹੈ। ਦਾਤਾ ਤੋਂ ਇਹ ਮੰਗ ਕਿ ਮੇਰੇ ਅੰਦਰ ਵੱਸੋ। ਉਸ ਨੂੰ ਪਿਆਰ ਕਰ, ਉਹ ਅੰਦਰ ਵੱਸ ਜਾਏਗਾ। ਜਦੋਂ ਅੰਦਰ ਵੱਸ ਗਿਆ ਤਾਂ ਸਭ ਸੁਖ ਹੋਣਗੇ। ਕੋਈ ਲੇਖਾ ਨਹੀਂ ਪੁੱਛੇਗਾ।" ਪਾਤਸ਼ਾਹ ਦੇ ਪਾਵਨ ਬਚਨ ਸੁਣ ਕੇ ਚੌਧਰੀ ਬਖਤਾਵਰ ਦੀ ਸੁਰਤ ਪ੍ਰਭੂ ਦੇ ਘਰ ਚੜ੍ਹ ਗਈ। ਚੌਧਰੀ ਨੇ ਪਾਤਸ਼ਾਹ ਦੇ ਚਰਨਾਂ 'ਤੇ ਸਿਰ ਰੱਖ ਦਿੱਤਾ। ਦਾਤਾ ਨੇ ਨਾਮ ਦੀ ਦਾਤ ਦੇ ਕੇ ਮਾਇਆ ਦੇ ਅਭਿਮਾਨੀ ਚੌਧਰੀ ਬਖਤਾਵਰ ਦਾ ਉਧਾਰ ਕੀਤਾ ਤੇ ਸਿੱਖ ਬਣਾਇਆ।

ਅਗੈ ਜਾਤਿ ਨ ਜੋਰੁ ਹੈ

ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੀਨ-ਦੁਖੀਆਂ ਨੂੰ ਤਾਰਦੇ ਹੋਏ ਪਿੰਡ ਡੱਲੇ ਪਹੁੰਚੇ। ਡੱਲੇ ਪਿੰਡ ਦੀ ਸੰਗਤ ਪਹਿਲਾਂ ਹੀ ਗੁਰੂ ਨਾਨਕ ਪਾਤਸ਼ਾਹ ਦੇ ਘਰ ਪ੍ਰਤੀ ਸ਼ਰਧਾ ਤੇ ਪਿਆਰ ਰੱਖਦੀ ਸੀ। ਡੱਲੇ ਵਾਸੀਆਂ ਵਿੱਚੋਂ ਭਾਈ ਪ੍ਰਿਥੀ ਮੱਲ ਭੱਲਾ ਅਤੇ ਭਾਈ ਤੁਲਸਾ ਭੱਲਾ ਧੰਨ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨੂੰ ਆਏ। ਉਨ੍ਹਾਂ ਦੇ ਮਨ ਵਿਚ ਭੱਲਾ ਜਾਤ ਦਾ ਹੰਕਾਰ ਸੀ। ਪਾਤਸ਼ਾਹ ਨੂੰ ਦੋਹਾਂ ਨੇ ਨਮਸਕਾਰ ਕੀਤੀ ਅਤੇ ਕਿਹਾ ਕਿ ਪਾਤਸ਼ਾਹ! ਅਸੀਂ ਵੀ ਤੁਹਾਡੀ ਜਾਤ ਦੇ ਹਾਂ, ਭਾਵ ਭੱਲੇ ਹਾਂ। ਤੁਹਾਡੀ ਤੇ ਸਾਡੀ ਇੱਕੋ ਜਾਤ ਹੀ ਹੈ:

ਪ੍ਰਿਥੀਮੱਲ ਅਰ ਤੁਲਸਾ ਦੋਇ।
ਹੁਤੇ ਜਾਤ ਕੇ ਭੱਲੇ ਸੋਇ।
ਸੁਨਿ ਦਰਸ਼ਨ ਕੋ ਤਬਿ ਚਲਿ ਆਏ।
ਨਮੋ ਕਰੀ ਬੈਠੇ ਢਿਗ ਥਾਏ।
ਉਰ ਹੰਕਾਰੀ ਗਿਰਾ ਉਚਾਰੀ।
'ਏਕੋ ਜਾਤਿ ਹਮਾਰ ਤੁਮਾਰੀ'।

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 40, ਪੰਨਾ 1486)

ਮਿਹਰਾਂ ਦੇ ਦਾਤੇ ਨੇ ਭਾਈ ਪ੍ਰਿਥੀ ਮੱਲ ਅਤੇ ਭਾਈ ਤੁਲਸੇ ਦੇ ਮਨ ਵਿੱਚੋਂ ਜਾਤ ਦਾ ਅਭਿਮਾਨ ਤੋੜਨ ਲਈ ਫ਼ੁਰਮਾਇਆ, "ਭਾਈ! ਗੁਰੂ ਦੀ ਜਾਤ ਕੋਈ ਨਹੀਂ ਹੈ। ਜਾਤ-ਪਾਤ ਸੱਚ ਨਹੀਂ, ਝੂਠ ਹੈ।" ਪਾਤਸ਼ਾਹ ਨੇ ਹੋਰ ਕਿਹਾ ਕਿ ਸਰੀਰ ਇਥੇ ਦੀ ਭਾਵ ਸੰਸਾਰ ਦੀ ਹੀ ਉਪਜ ਹੈ। ਇਥੇ ਹੀ ਇਨ੍ਹਾਂ ਰਹਿਣਾ ਹੈ। ਅੱਗੇ ਜਾਤ ਨਹੀਂ ਜਾਣੀ। ਪਾਤਸ਼ਾਹ ਨੇ ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਪਾਵਨ ਬੋਲ ਉਚਾਰਿਆ:

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥

(ਵਾਰ ਆਸਾ, ਮ: ੧, ਪੰਨਾ 468)

ਪਾਤਸ਼ਾਹ ਨੇ ਹੋਰ ਫ਼ੁਰਮਾਇਆ ਕਿ ਅੱਗੇ ਨਿਰੰਕਾਰ ਦੇ ਘਰ ਜਾਤ ਦਾ ਜ਼ੋਰ ਨਹੀਂ ਚੱਲਦਾ। ਉਥੇ ਤਾਂ ਬੱਸ ਜੋ ਨਿਰੰਕਾਰ ਦਾ ਨਾਮ ਜਪਦੇ ਹਨ ਅਤੇ

ਨਿਸ਼ਕਾਮ ਸੇਵਾ ਕਰਦੇ ਹਨ, ਉਹੀ ਪ੍ਰਵਾਨ ਚੜ੍ਹਦੇ ਹਨ। ਕੇਵਲ ਉਸ ਦਾ ਨਾਮ ਸਦੀਵ ਕਾਲ ਰਹਿਣ ਵਾਲਾ ਹੈ, ਜਾਤ ਦਾ ਜ਼ੋਰ ਨਹੀਂ। ਇਸ ਦੀ ਥਾਂ ਮਨ ਨੀਵਾਂ ਕਰ ਕੇ ਕੀਤੀ ਸੇਵਾ ਘਾਲ ਹੀ ਥਾਇ ਪੈਂਦੀ ਹੈ:

ਇਮ ਸ਼੍ਰੀ ਨਾਨਕ ਬਾਕ ਉਚਾਰਾ।
ਆਗੇ ਜਾਤ ਨ ਜੋਰ ਸਿਧਾਰਾ।
ਉਪਜੈਂ ਤਨ ਇਤਹੀ ਬਿਨਸੰਤੇ।
ਆਗੇ ਸੰਗ ਨ ਕਿਸੇ ਚਲੰਤੇ॥੧੨॥
ਸਿਮਰਯੋ ਜਿਨ ਸਤਿਨਾਮ ਸਦੀਵਾ।
ਸਿੱਖਨ ਸੇਵ ਕਰੀ ਮਨ ਨੀਵਾ।
ਤਿਨ ਕੀ ਪਤਿ ਲੇਖੇ ਪਰਿ ਜਾਇ।
ਜਾਤਿ ਕੁਜਾਤਿ ਨ ਪਰਖਹਿੰ ਕਾਇ॥੧੩॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ; ਰਾਸਿ 1, ਅੰਸੂ 40, ਪੰਨਾ 1486)

ਸਤਿਗੁਰਾਂ ਦਾ ਇਹ ਉਪਦੇਸ਼ ਪਾ ਕੇ ਭਾਈ ਪ੍ਰਿਥੀ ਮੱਲ ਅਤੇ ਭਾਈ ਤੁਲਸਾ ਜੀ ਦਾ ਹੰਕਾਰ ਦੂਰ ਹੋ ਗਿਆ ਅਤੇ ਉਹ ਸੰਗਤ ਅਤੇ ਨਿਰੰਕਾਰ ਦੇ ਸਿਮਰਨ ਵਿਚ ਆਪਣਾ ਜੀਵਨ ਬਤੀਤ ਕਰਨ ਲੱਗ ਪਏ। ਭਾਈ ਗੁਰਦਾਸ ਜੀ ਦੀ ਵਾਰ ਵਿਚ ਦੋਹਾਂ ਬਾਰੇ ਇਹ ਵਰਣਨ ਹੋਇਆ ਹੈ:

ਪਿਰਥੀ ਮਲ ਤੁਲਸਾ ਭਲਾ ਮਲਣ ਗੁਰ ਸੇਵਾ ਹਿਤਕਾਰੀ॥

(ਵਾਰ 11:16)

ਗੁਰ ਸੇਵਾ ਹਿਤਕਾਰੀ

ਡੱਲੇ ਵਾਸੀ ਸੰਗਤ ਧੰਨ ਗੁਰੂ ਅਮਰਦਾਸ ਜੀ ਦੇ ਚਰਨੀਂ ਲੱਗ ਕੇ ਸੰਸਾਰ ਰੂਪੀ ਭਵ-ਸਾਗਰ ਤੋਂ ਤਰਨ ਲਈ ਪਾਤਸ਼ਾਹ ਜੀ ਪਾਸੋਂ ਰਹਿਮਤ ਦੀਆਂ ਬਰਕਤਾਂ ਮੰਗ ਰਹੀ ਸੀ, ਤਰਕੀਬਾਂ ਪੁੱਛ ਰਹੀ ਸੀ। ਬਖ਼ਸ਼ਿਸ਼ਾਂ ਲਈ ਝੋਲੀ ਅੱਡੀ ਵਾਰੋ-ਵਾਰੀ ਨਤ-ਮਸਤਕ ਹੋ ਰਹੀ ਸੀ। ਜਿਉਂ ਹੀ ਭਾਈ ਪ੍ਰਿਥੀ ਮੱਲ ਤੇ ਭਾਈ ਤੁਲਸਾ ਜੀ ਉਪਦੇਸ਼ ਲੈ ਕੇ ਪਿੱਛੇ ਹੱਟੇ ਤਾਂ ਭਾਈ ਮੱਲਣ ਆਇਆ, ਪਾਤਸ਼ਾਹ ਦੇ ਚਰਨਾਂ 'ਤੇ ਮੱਥਾ ਟੇਕਿਆ, ਹੱਥ ਜੋੜ ਅਰਜ਼ ਕੀਤੀ, "ਹੇ ਰਹਿਮਤਾਂ ਦੇ ਮਾਲਕ! ਮੈਨੂੰ ਵੀ ਉਪਦੇਸ਼ ਦੇਵੋ, ਜਿਸ ਨਾਲ ਤਨ ਦੇ ਕਲੇਸ਼ ਮਿਟ ਜਾਵਣ ਅਤੇ ਇਸ ਦੇਹੀ ਦਾ ਕਲਿਆਣ ਹੋ ਜਾਵੇ।" ਨਿਰੰਕਾਰ ਦੇ ਸਾਕਾਰ ਰੂਪ ਨੇ ਮਿਹਰਾਂ ਦੀ ਨਜ਼ਰ ਨਾਲ ਤੱਕਦਿਆਂ ਬਚਨ ਕੀਤੇ, "ਹੇ ਭਾਈ! ਹੰਕਾਰ ਦਾ ਤਿਆਗ ਕਰ ਕੇ ਸੰਤ ਪੁਰਸ਼ਾਂ, ਗੁਰਮੁਖ ਜਨਾਂ ਦੀ ਸੇਵਾ ਨਾਲ ਹੀ ਸੁਖ ਪ੍ਰਾਪਤ ਹੁੰਦੇ ਹਨ। ਇਸ ਲਈ ਮਨ ਵਿਚ ਸ਼ਰਧਾ ਧਾਰ ਕੇ ਭੋਜਨ ਬਣਾ ਕੇ, ਪ੍ਰੀਤ ਨਾਲ ਭੋਜਨ ਛਕਾਉਣਾ ਹੈ। ਬਸਤਰ ਬਣਾ ਕੇ ਲੋੜਵੰਦ ਗੁਰਸਿੱਖਾਂ ਨੂੰ ਗੁਰੂ ਨਮਿਤ ਦੇਣੇ ਅਤੇ ਅਸ਼ੀਰਵਾਦ ਲੈਣਾ ਹੈ। ਬਿਨਾਂ ਕਿਸੇ ਦਬਾਅ ਜਾਂ ਅਹਿਸਾਨ ਦੇ ਸਤਿਨਾਮ ਦਾ ਸਿਮਰਨ ਕਰਨਾ, ਇਸ ਨਾਲ ਤੇਰੀ ਕਲਿਆਣ ਹੋਵੇਗੀ।"

ਮੱਲਣ ਆਨਿ ਪਰਯੋ ਗੁਰ ਸ਼ਰਨੀ।
ਕਰਿ ਬੰਦਨ ਪਦ, ਬਿਨਤੀ ਬਰਨੀ।
'ਮੋਕਹੁ ਕੁਛ ਦੀਜਹਿ ਉਪਦੇਸ਼।
ਜਿਸ ਤੇ ਮਿਟੈਂ ਕਲੇਸ਼ ਅਸ਼ੇਸ਼' ॥੧੪॥
ਸਤਿਗੁਰ ਕਹਯੋ 'ਤਯਾਗ ਹੰਕਾਰਾ।
ਸੰਤਨ ਸੇਵੋ ਹੋਹਿਂ ਸੁਖਾਰਾ।
ਸ਼ਰਧਾ ਧਰਿ ਅਹਾਰ ਕਰਿਵਾਵਹੁ।
ਚਰਨ ਪਖਾਰਹੁ ਰੁਚਿ ਤ੍ਰਿਪਤਾਵਹੁ ॥੧੫॥
ਬਸਤ੍ਰ ਬਨਾਇ ਗੁਰਨ ਹਿਤ ਦੇਹੋ।
ਛੁਧਤਿ ਨਗਨ ਤੇ ਆਸ਼ਿਖ ਲੇਹੋ।
ਸੱਤਿਨਾਮ ਸਿਮਰਹੁ ਤਜਿ ਕਾਨ।
ਹੋਹਿ ਅੰਤ ਕੋ ਤੁਵ ਕੱਲਯਾਨ' ॥੧੬॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 40, ਪੰਨਾ 1487)

ਇਸ ਤਰ੍ਹਾਂ ਭਾਈ ਮੱਲਣ ਗੁਰੂ ਦੇ ਬਚਨਾਂ ਨੂੰ ਮਨ-ਚਿਤ ਵਿਚ ਵਸਾ ਕੇ ਗੁਰਮੁਖ-ਜਨਾਂ ਦੀ ਸੇਵਾ ਕਰਨ ਲੱਗ ਪਿਆ ਅਤੇ ਸੰਸਾਰ ਭਵ-ਸਾਗਰ ਤੋਂ ਤਰ ਗਿਆ। ਭਾਈ ਗੁਰਦਾਸ ਜੀ ਨੇ ਭਾਈ ਮੱਲਣ ਜੀ ਨੂੰ ਸੇਵਾ ਕਰਨ ਕਰਕੇ ਹਿਤੂ ਸਿੱਖ ਕਿਹਾ ਹੈ :

ਪਿਰਥੀ ਮਲ ਤੁਲਸਾ ਭਲਾ ਮਲਣ ਗੁਰ ਸੇਵਾ ਹਿਤਕਾਰੀ॥

(ਵਾਰ 11:16)

ਗੁਰ ਸਬਦ ਕੋ ਕਰਿਹੁ ਬਿਚਾਰ

ਧੰਨ ਗੁਰੂ ਅਮਰਦਾਸ ਜੀ ਦੀ ਉਪਮਾ ਕਹਿਣੀ ਕੋਈ ਸੌਖੀ ਗੱਲ ਨਹੀਂ। ਭੱਟ ਭੱਲ੍ਹ ਜੀ ਆਪਣੇ ਸਵੱਯੇ ਵਿਚ ਦੱਸਦੇ ਹਨ ਕਿ ਕੋਈ ਜੀਵ ਧਿਆਨ ਜਾਂ ਜੰਤਰ ਦੁਆਰਾ ਬੱਦਲਾਂ ਦੀਆਂ ਕਣੀਆਂ ਤਾਂ ਭਾਵੇਂ ਗਿਣ ਲਵੇ, ਸਮੁੰਦਰ ਦਾ ਪੇਟ ਮਾਪ ਲਵੇ, ਗੰਗਾ ਦੀਆਂ ਲਹਿਰਾਂ ਦਾ ਹਿਸਾਬ-ਕਿਤਾਬ ਕਰ ਲਵੇ ਪਰ ਉਹ ਸ੍ਰੀ ਗੁਰੂ ਅਮਰਦਾਸ ਜੀ ਦੇ ਗੁਣ ਨਹੀਂ ਗਿਣ ਸਕਦਾ। ਆਪਣੀ ਉਪਮਾ ਦੇ ਲਖਾਇਕ ਉਹ ਆਪ ਹੀ ਹਨ :

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥

(ਸਵਈਏ ਮਹਲੇ ਤੀਜੇ ਕੇ ੩, ਪੰਨਾ 1396)

ਅਣਗਿਣਤ ਗੁਣਾਂ ਦੇ ਮਾਲਕ ਸ੍ਰੀ ਗੁਰੂ ਅਮਰਦਾਸ ਜੀ ਜਗਤ ਦਾ ਕਲਿਆਣ ਕਰਦੇ ਹੋਏ ਪਿੰਡ ਡੱਲੇ ਪਹੁੰਚੇ। ਸਿੱਖ ਆਪਣੇ ਗੁਰੂ ਦੀ ਚਰਨ-ਛੋਹ ਪ੍ਰਾਪਤ ਕਰਨ ਲਈ ਵਹੀਰਾਂ ਘੱਤ ਕੇ ਆ ਰਹੇ ਸਨ। ਕਈ ਕਰਮਾਂ ਦੇ ਮਾਰੇ, ਕਈ ਸ਼ੰਕਿਆਂ 'ਚ ਫਸੇ ਵੀ ਆ ਰਹੇ ਸਨ। ਇਨ੍ਹਾਂ ਵਿੱਚੋਂ ਭਾਈ ਰਾਮੂ, ਭਾਈ ਦੀਪਾ, ਭਾਈ ਉਗਰਸੈਨ ਅਤੇ ਭਾਈ ਨਗੌਰੀਆ ਵੀ ਆਏ। ਪਾਤਸ਼ਾਹ ਦੇ ਚਰਨ ਪਰਸ ਕੇ ਬੈਠ ਗਏ। ਚਾਰੇ ਕਿਰਤ ਕਰਨ ਵਾਲੇ ਸਿੱਖ ਸਨ। ਉਨ੍ਹਾਂ ਚਾਰਾਂ ਨੇ ਉੱਠ ਕੇ ਅਰਜ਼ ਕੀਤੀ, "ਹੇ ਦੀਨ-ਦੁਨੀਆਂ ਦੇ ਸਤਿਗੁਰੂ ਪਾਤਸ਼ਾਹ ! ਅਸੀਂ ਦੁਨੀਆਦਾਰ ਹਾਂ, ਧੰਦਿਆਂ ਵਿਚ ਉਲਝੇ ਰਹਿੰਦੇ ਹਾਂ, ਕੀ ਸਾਡੀ ਵੀ ਕਲਿਆਣ ਹੋਵੇਗੀ ? ਹੇ ਸਤਿਗੁਰੂ ! ਸਾਡੇ ਉੱਤੇ ਵੀ ਬਖ਼ਸ਼ਿਸ਼ ਕਰੋ ਕਿ ਸਾਡਾ ਵੀ ਜੀਵਨ ਘੜਿਆ ਜਾਵੇ।" ਮਿਹਰਾਂ ਦੇ ਦਾਤੇ ਨੇ ਸਭ ਸੁਣਿਆ। ਬਚਨਾਂ ਦੀ ਵਰਖਾ ਕਰਦਿਆਂ ਫ਼ੁਰਮਾਇਆ, "ਭਾਈ, ਜਿਸ ਵੇਲੇ ਵੀ ਕੋਈ ਲੋੜਵੰਦ ਸਿੱਖ ਆਵੇ, ਉਸ ਸਮੇਂ ਪਰਸ਼ਾਦਾ ਸ਼ਰਧਾ ਨਾਲ ਤਿਆਰ ਕਰ ਕੇ ਛਕਾਉਣਾ ਹੈ। ਕਿਰਤ ਭਾਵੇਂ ਦਿਨ-ਰਾਤ ਕਰੋ, ਸਿੱਖ ਲਈ ਇਸ ਦੀ ਮਨਾਹੀ ਨਹੀਂ ਹੈ, ਪਰ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਚਾਰ ਘੜੀ ਗੁਰੂ-ਸ਼ਬਦ ਦੀ ਵੀਚਾਰ ਕਰਨੀ ਹੈ। ਚਾਰ ਘੜੀਆਂ ਅੰਮ੍ਰਿਤ ਵੇਲੇ ਦੀ ਗੱਲ ਸਮਝਾਉਂਦਿਆਂ ਕਿਹਾ ਕਿ ਜਿਵੇਂ ਬੇੜੀ ਭਾਰ ਨਾਲ ਭਰੀ ਹੁੰਦੀ ਹੈ ਪਰ ਉਹ ਪਾਣੀ ਤੋਂ ਚਾਰ ਉਂਗਲਾਂ ਬਾਹਰ ਰਹੇਗੀ ਤਾਂ ਸਭ ਨੂੰ ਪਾਰ ਲਾ ਦਿੰਦੀ ਹੈ ਪਰ ਜੇ ਇਹ ਚਾਰ ਉਂਗਲਾਂ ਉੱਪਰ ਨਾ ਰਹੇ ਤਾਂ ਭਾਰ ਨਾਲ ਡੁੱਬ ਜਾਂਦੀ ਹੈ। ਇਸੇ ਤਰ੍ਹਾਂ ਮਨੁੱਖ ਅੱਠੇ ਪਹਿਰ

ਘਰ-ਬਾਰੀ ਕੰਮਾਂ ਵਿਚ ਲੱਗਿਆ ਰਹਿੰਦਾ ਹੈ। ਗੁਰਬਾਣੀ ਦਾ ਪਾਠ ਧਿਆਨ ਲਾ ਕੇ ਕਰਨਾ ਹੈ:

ਉੱਗ੍ਰਸੈਨ ਅਰੁ ਰਾਮੂ ਦੀਪਾ।
ਆਇ ਨਗੌਰੀ ਗੁਰੂ ਸਮੀਪਾ॥੧੭॥
ਕਰਿ ਬੰਦਨ ਬੂਝਯੋ ਉਪਦੇਸ਼।
ਗੁਰ ਬੋਲੇ ਕਰਿ ਕ੍ਰਿਪਾ ਵਿਸ਼ੇਸ਼।
ਸਿੱਖ ਜਿਸ ਸਮੇਂ ਆਇ ਕਰਿ ਮਿਲੇ।
ਦੇਹੁ ਤਯਾਰ ਕਰਿ ਭੋਜਨ ਭਲੇ॥੧੮॥
ਅੰਮ੍ਰਿਤ ਵੇਲਾ ਕਰਿਹੁ ਸ਼ਨਾਨ।
ਗੁਰ ਕੋ ਸ਼ਬਦ ਪਠਹੁ ਕਰਿ ਧਯਾਨ।
ਅਰਥ ਵਿਚਾਰ ਉਚਾਰਨ ਕਰੀਅਹਿ।
ਕਿਧੌਂ ਸੁਨੋ ਕਰਿ ਨਿਰਨੈ ਧਰੀਅਹਿ॥੧੯॥
ਚਤੁਰ ਘਟੀ ਸਭ ਕਾਜ ਬਿਸਾਰਹੁ।
ਅਰਥ ਸੁਨਹੁ ਕੈ ਆਪ ਉਚਾਰਹੁ।
ਸਲਿਤਾ ਮਹਿਂ ਨੌਕਾ ਬਹੁ ਭਰੀਯਤਿ।
ਚਤੁਰੰਗਲ ਜਲ ਵਹਿਰ ਨਿਹਰੀਯਤਿ॥੨੦॥
ਭਰੀ ਭਾਰ ਸੋਂ ਉਤਰਹਿ ਪਾਰ।
ਤਿਮਿ ਜਗ ਕਾਰਜ ਕੇ ਬਿਵਹਾਰ।...॥੨੧॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 40, ਪੰਨਾ 1487)

"ਇਸ ਲਈ ਆਪਣੇ ਮਨ ਨੂੰ ਜਗਤ ਦੇ ਜੰਜਾਲਾਂ ਤੋਂ ਬਾਹਰ ਰੱਖ ਕੇ ਸੰਸਾਰੀ ਕਾਰ-ਵਿਹਾਰਾਂ ਵਿੱਚੋਂ ਸਮਾਂ ਕੱਢ ਕੇ ਚਾਰ ਘੜੀਆਂ ਨਿਰੰਕਾਰ ਦਾ ਸਿਮਰਨ ਕਰਨਾ ਹੈ, ਕਿਉਂਕਿ ਪਰਮੇਸ਼ਰ ਪ੍ਰੇਮ ਨਾਲ ਹੀ ਪ੍ਰਸੰਨ ਹੁੰਦਾ ਹੈ। ਜਦੋਂ ਪ੍ਰਭੂ ਪ੍ਰਸੰਨ ਹੋ ਜਾਵੇ ਤਾਂ ਮਨੁੱਖ ਨੂੰ ਹਲਤ-ਪਲਤ ਕਦੇ ਹਾਰ ਨਹੀਂ ਮਿਲਦੀ। ਲੋਕ ਸੁਖੀਆ ਪ੍ਰਲੋਕ ਸੁਹੇਲਾ ਹੋ ਜਾਂਦਾ ਹੈ।" ਫਿਰ ਚਾਰਾਂ ਨੇ ਸੱਚੇ ਪਾਤਸ਼ਾਹ ਧੰਨ ਗੁਰੂ ਅਮਰਦਾਸ ਜੀ ਦੇ ਉਪਦੇਸ਼ ਨੂੰ ਧੰਨ ਕਹਿ ਕੇ ਹਿਰਦੇ ਵਿਚ ਵਸਾਇਆ ਤੇ ਗੁਰੂ ਦੇ ਸਿੱਖ ਬਣੇ। ਚਾਰੇ ਸਿੱਖ ਬੜੇ ਹੀ ਅਨੰਦ-ਪ੍ਰਸੰਨ ਹੋਏ, ਸਭ ਪ੍ਰਸ਼ਨ ਮੁੱਕ ਗਏ। ਸਭ ਨੇ ਸਤਿਗੁਰਾਂ ਦਾ ਉਪਦੇਸ਼ ਪੱਲੇ ਬੰਨ੍ਹ ਲਿਆ। ਉਹ ਅੰਮ੍ਰਿਤ ਵੇਲੇ ਉੱਠਦੇ, ਇਸ਼ਨਾਨ ਕਰਦੇ। ਸ਼ਬਦ ਵਿਚਾਰ ਕਰ ਕੇ ਧਰਮ ਦੀ ਕਿਰਤ ਵਿਚ ਜੁੱਟ ਜਾਂਦੇ। ਭਾਈ ਗੁਰਦਾਸ ਜੀ ਨੇ ਇਨ੍ਹਾਂ ਚਾਰਾਂ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ:

ਰਾਮੂ ਦੀਪਾ ਉਗ੍ਰਸੈਣੁ ਨਾਗਉਰੀ ਗੁਰ ਸਬਦ ਵੀਚਾਰੀ॥

(ਵਾਰ 11:16)

ਹਉਮੈ ਵਿਚਿ ਜੀਉ ਬੰਧੁ ਹੈ
ਨਾਮੁ ਨ ਵਸੈ ਮਨਿ ਆਇ

ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ॥

(ਸਵਈਏ ਮਹਲੇ ਤੀਜੇ ਕੇ ੩, ਪੰਨਾ 1395)

ਸ੍ਰੀ ਗੁਰੂ ਨਾਨਕ ਨਿਰਮਲ ਪੰਥ ਦੇ, ਸੇਵਾ ਦੇ ਪੁੰਜ ਧੰਨ ਸ੍ਰੀ ਗੁਰੂ ਅਮਰਦਾਸ ਜੀ ਦਾ ਦਰਬਾਰ ਲੱਗਾ ਹੋਇਆ ਸੀ। ਸੰਗਤ ਗੁਰੂ ਪਾਤਸ਼ਾਹ ਦੀ ਚਰਨ-ਸ਼ਰਨ ਦੀ ਛੋਹ ਪ੍ਰਾਪਤ ਕਰ ਰਹੀ ਸੀ। ਰਹਿਮਤਾਂ ਦੀ ਬਰਸਾਤ ਲੱਗੀ ਹੋਈ ਸੀ, ਸੰਗਤਾਂ ਨਿਹਾਲ ਹੋ ਰਹੀਆਂ ਸਨ। ਭਾਈ ਮੋਹਣ ਜੀ, ਭਾਈ ਰਾਮੂ ਮਹਿਤਾ ਜੀ, ਭਾਈ ਅਮਰੂ ਜੀ ਅਤੇ ਭਾਈ ਗੋਪੀਆ ਜੀ ਚਾਰੇ ਜਣੇ ਗੁਰੂ-ਦਰਬਾਰ ਪਹੁੰਚੇ। ਹੱਥ ਜੋੜ ਅਰਜ਼ ਕੀਤੀ, "ਹੇ ਗ਼ਰੀਬ-ਨਿਵਾਜ਼ ਸੱਚੇ ਪਾਤਸ਼ਾਹ! ਸਾਡੇ 'ਤੇ ਵੀ ਬਹੁੜੀ ਕਰੋ, ਸਾਨੂੰ ਵੀ ਉਪਦੇਸ਼ ਕਰੋ ਜਿਸ ਨਾਲ ਸਾਡਾ ਵੀ ਉੱਧਾਰ ਹੋ ਜਾਵੇ।" ਸਰਬ ਲੋਕਾਈ ਦੀ ਚਿੰਤਾ ਹਰਨ ਵਾਲੇ ਪਾਤਸ਼ਾਹ ਧੰਨ ਗੁਰੂ ਅਮਰਦਾਸ ਜੀ ਨੇ ਚਹੁੰਆਂ ਨੂੰ ਉਪਦੇਸ਼ ਕਰਦਿਆਂ ਕਿਹਾ ਕਿ "ਹੇ ਭਾਈ! ਹਉਮੈ ਜੀਵ ਲਈ ਇਕ ਬੰਧਨ ਹੈ। ਇਹ ਇਸ ਤਰ੍ਹਾਂ ਦੀ ਬਲਾ ਹੈ ਜੋ ਅਣਹੋਂਦੇ ਹੀ ਆ ਜਾਂਦੀ ਹੈ ਤੇ ਨਿਰੰਕਾਰ ਵੱਲੋਂ ਮਨੁੱਖ ਨੂੰ ਭੁਲਾ ਛੱਡਦੀ ਹੈ। ਦੁੱਖਾਂ ਦਾ ਕਾਰਨ ਇਹੋ ਹਉਮੈ ਹੈ। ਇਸ ਦਾ ਤਿਆਗ ਕਰ ਦਈਏ ਤਾਂ ਅਕਾਲ ਪੁਰਖ ਨਾਲ ਗੰਢ ਬੱਝ ਜਾਂਦੀ ਹੈ। ਪ੍ਰੀਤ ਲੱਗ ਜਾਂਦੀ ਹੈ:

ਸ਼੍ਰੀ ਗੁਰ ਅਮਰਦਾਸ ਤਬਿ ਕਹਜੋ।
'ਹਉਮੈਂ ਕਰਿ ਬੰਧਨ ਕੋ ਲਹਜੋ ॥੨੫॥
ਅਣ ਹੋਵਤਿ ਹੀ ਇਹੁ ਬਨਿਆਈ।
ਬੁਰੀ ਬਲਾਇ ਸਭਿਨਿ ਲਪਟਾਈ।
ਪਰਮੇਸ਼ੁਰ ਕਹੁ ਦੇਤਿ ਭੁਲਾਇ।
ਅਨ ਹੋਵਤਿ ਦੁਖ ਦੇ ਸਮੁਦਾਇ ॥੨੬॥
ਯਾਂਤੇ ਇਸ ਕੋ ਦੀਜਹਿ ਤਯਾਗੇ।
ਪ੍ਰਭੁ ਕੇ ਸੰਗ ਗੰਢ ਤਬਿ ਲਾਗੇ।'...॥੨੭॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 40, ਪੰਨਾ 1488)

"ਹੇ ਸੱਚੇ ਪਾਤਸ਼ਾਹ! ਇਹ ਬੁਰੀ ਬਲਾ ਹਉਮੈ ਕਿਵੇਂ ਮਰਦੀ ਏ ? ਇਸ ਤੋਂ ਅਸੀਂ ਕਿਵੇਂ ਛੁੱਟ ਸਕਦੇ ਹਾਂ ?" ਸਤਿਗੁਰਾਂ ਨੇ ਬਚਨ ਕੀਤਾ ਕਿ "ਭਾਈ ਸਿੱਖੋ! ਗੁਰੂ ਬਾਬੇ ਦੇ ਬੋਲ ਹਨ: 'ਹਉਮੈ ਬੂਝੈ ਤਾ ਦਰੁ ਸੂਝੈ'। ਇਸ ਮਨੁੱਖੀ ਸਰੀਰ (ਦੇਹ) ਨੂੰ ਝੂਠ ਸਮਝਣਾ ਹੈ, ਇਹ ਸਰੀਰ ਹੌਲੀ ਹੌਲੀ ਬਿਨਸ ਜਾਂਦਾ ਹੈ। ਇਸ ਲਈ ਇਸ ਵੱਲੋਂ ਹੌਲੀ-ਹੌਲੀ ਬਿਰਤੀ ਹਟਾਉਣੀ ਹੈ ਅਤੇ ਧਿਆਨ ਨੂੰ ਆਤਮਾ ਵੱਲ ਲਾਉਣਾ ਹੈ। ਸਹਿਣਸ਼ੀਲਤਾ ਤੇ ਖਿਮਾ ਧਾਰਨ ਕਰਨੀ ਹੈ, ਕਿਸੇ ਨਾਲ ਦਵੈਤ ਨਹੀਂ ਰੱਖਣੀ। ਕਿਸੇ ਨੂੰ ਕਠੋਰ ਬਚਨ ਨਹੀਂ ਬੋਲਣੇ। ਕਿਸੇ ਦਾ ਨਿਰਾਦਰ ਨਹੀਂ ਕਰਨਾ। ਕੋਈ ਬੁਰਾ ਭਲਾ ਕਹੇ, ਉਸ ਨੂੰ ਸਹਾਰ ਲੈਣਾ ਹੈ ਤੇ ਗ਼ੁੱਸਾ ਨਹੀਂ ਕਰਨਾ":

ਕਹਜੋ ਕਿ 'ਜਾਨਹੁ ਤਨ ਕੋ ਕੂਰਾ।
ਬਿਨਸੈ ਹੋਇ ਸਮਾਂ ਜਬਿ ਪੂਰਾ।
ਸਨੇ ਸਨੇ ਇਸ ਤੇ ਬ੍ਰਿਤਿ ਛੋਰਿ।
ਕਰਹੁ ਲਗਾਵਨ ਆਤਮ ਓਰਿ ॥੨੮॥
ਸਹਿਨਸ਼ੀਲਤਾ ਛਿਮਾ ਧਰੀਜੈ।
ਕਿਸ ਕੇ ਸੰਗ ਨ ਦ੍ਵੈਸ਼ ਰਚੀਜੈ।
ਬਾਕ ਕਠੋਰ ਅਨਾਦਰ ਕਰੇ।
ਸੁਨਿ ਕਰਿ ਤਪਹਿ ਨ ਰਿਸਿ ਕਬਿ ਧਰੇ' ॥੨੯॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 40, ਪੰਨਾ 1488)

ਭਾਈ ਮੋਹਣ ਜੀ, ਭਾਈ ਰਾਮੂ ਜੀ, ਭਾਈ ਗੋਪੀਆ ਜੀ ਤੇ ਭਾਈ ਅਮਰੂ ਜੀ ਦਾ ਤਨ-ਮਨ ਤ੍ਰਿਪਤ ਹੋ ਗਿਆ। ਪਾਤਸ਼ਾਹ ਦੇ ਬੋਲ ਉਨ੍ਹਾਂ ਪੱਲੇ ਬੰਨ੍ਹ ਲਏ, ਨਿਮਰਤਾ ਧਾਰ ਲਈ ਅਤੇ ਹਉਮੈ ਮਾਰ ਕੇ ਨਾਮ ਵੱਲ ਐਸੇ ਲੱਗੇ ਕਿ ਜੋ ਵੀ ਸਿੱਖ ਉਨ੍ਹਾਂ ਦੇ ਲਾਗੇ ਆਵੇ, ਉਹ ਵੀ ਨਾਮ ਵੱਲ ਲੱਗ ਜਾਵੇ। ਭਾਈ ਗੁਰਦਾਸ ਜੀ ਨੇ ਗੁਰਸਿੱਖਾਂ ਦਾ ਸਤਿਕਾਰ ਕਰਦਿਆਂ ਲਿਖਿਆ ਹੈ:

ਮੋਹਣੁ ਰਾਮੂ ਮਹਤਿਆ ਅਮਰੂ ਗੋਪੀ ਹਉਮੈ ਮਾਰੀ ॥

(ਵਾਰ 11:16)

ਮੜੀ ਟੋਬੜੀ ਮਠ ਅਹੁ ਗੋਰ,
ਇਨਹੂੰ ਨ ਸੇਵਹੁ ਸਭਿ ਦਿਹੁ ਛੋਰ

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਤੀਸਰੀ ਜੋਤਿ ਸ੍ਰੀ ਗੁਰੂ ਅਮਰਦਾਸ ਡੱਲੇ ਵਾਸੀ ਸੰਗਤਾਂ ਦਾ ਉਧਾਰ ਕਰ ਰਹੇ ਸਨ। ਭਾਈ ਗੋਪੀ, ਭਾਈ ਅਮਰੂ, ਭਾਈ ਮੋਹਣ, ਭਾਈ ਰਾਮੂ ਸਤਿਗੁਰਾਂ ਦਾ ਉਪਦੇਸ਼ ਪਾ ਕੇ ਆਪਣੀ ਅੰਤਰ-ਬਿਰਤੀਆਂ ਨੂੰ ਅੰਦਰ-ਵੱਲ ਜੋੜ ਕੇ ਉੱਠ ਤੁਰੇ ਤਾਂ ਭਾਈ ਸਹਾਰੂ, ਭਾਈ ਗੰਗੂ ਤੇ ਭਾਈ ਭਾਗੂ ਸਤਿਗੁਰਾਂ ਦੇ ਚਰਨੀਂ ਆਣ ਲੱਗੇ। ਸਤਿਗੁਰਾਂ ਨੂੰ ਬੰਦਨਾ ਕਰ ਕੇ ਬੈਠ ਗਏ। ਇਹ ਸਾਰੇ ਦੁਖੀ ਹਿਰਦੇ ਨਾਲ ਸਤਿਗੁਰਾਂ ਦੇ ਦਰਬਾਰ ਆਏ ਸਨ। "ਹੇ ਦੁਖ ਨਿਵਾਰਨ ਵਾਲੇ ਦਾਤਾਰ ਜੀਉ! ਸਾਡਾ ਦੁਖ ਕਿਵੇਂ ਕੱਟਿਆ ਜਾਵੇਗਾ?" ਹੱਥ ਜੋੜ ਬੇਨਤੀ ਕੀਤੀ। ਤਿਨ੍ਹਾਂ ਨੂੰ ਸੰਬੋਧਿਤ ਹੁੰਦਿਆਂ ਸਤਿਗੁਰਾਂ ਨੇ ਉਪਦੇਸ਼ ਕੀਤਾ ਕਿ "ਤੁਸਾਂ ਨੇ ਭਾਉ-ਭਗਤੀ ਕਰਨੀ ਹੈ, ਭਾਵ ਪ੍ਰੇਮ ਤੇ ਸੁਘੜਤਾ ਨਾਲ ਰਹਿਣਾ ਹੈ। ਸਭਨਾਂ ਨਾਲ ਮਿੱਠਾ ਬੋਲਣਾ ਹੈ। ਕਿਸੇ ਦੇ ਕਠੋਰ ਬੋਲਣ 'ਤੇ ਵੀ ਗ਼ੁੱਸੇ ਵਿਚ ਨਹੀਂ ਆਉਣਾ। ਗੁਰੂ ਦਾ ਪਿਆਰਾ ਜੋ ਵੀ ਅਤੇ ਜਦੋਂ ਵੀ ਆਵੇ, ਪਹਿਲਾਂ ਉਸ ਨੂੰ ਭੋਜਨ ਛਕਾਉਣਾ ਹੈ। ਐਸੀ ਸੇਵਾ ਕਰਨ ਨਾਲ ਪਵਿੱਤਰ ਹੋਈਦਾ ਹੈ। ਵਾਹਿਗੁਰੂ ਨਾਮ ਦਾ ਸਿਮਰਨ ਕਰਨਾ ਹੈ। ਗੁਰੂ-ਸ਼ਬਦ ਨੂੰ ਹਿਰਦੇ ਵਿਚ ਵਸਾ ਕੇ ਵਾਹਿਗੁਰੂ ਨਾਲ ਲਿਵ ਲੱਗ ਜਾਵੇ ਤਾਂ ਸੁੰਦਰ ਪਦ ਪ੍ਰਾਪਤ ਹੁੰਦਾ ਹੈ। ਇਸ ਤੋਂ ਇਲਾਵਾ ਮੜੀਆਂ (ਸਿਵੇ), ਤਲਾਬ (ਟੋਬੜੀ), ਮੱਠ, ਕਬਰਾਂ ਆਦਿ ਦੀ ਪੂਜਾ ਨਹੀਂ ਕਰਨੀ।" ਭਾਈ ਸੰਤੋਖ ਸਿੰਘ ਸ੍ਰੀ ਗੁਰੂ ਅਮਰਦਾਸ ਜੀ ਦੇ ਉਪਦੇਸ਼ ਨੂੰ ਇੰਜ ਬਿਆਨ ਕਰਦੇ ਹਨ:

ਗੰਗੂ ਅਪਰ ਸਹਾਰੂ ਭਾਰੂ।
ਕਰਿ ਬੰਦਨ ਬੈਠੇ ਦੁਖਿਆਰੂ ॥੩੦॥
ਤਿਨ ਕੋ ਭੀ ਉਪਦੇਸ਼ਨ ਕੀਨਿ।
'ਵੰਡ ਖਾਹੁ ਧਰਿ ਭਾਉ ਪ੍ਰਬੀਨ।
ਮਧੁਰ ਗਿਰਾ ਸਭਿ ਸੰਗ ਉਚਾਰਹੁ।
ਕਹਿਨ ਕਠੋਰ ਨਹੀਂ ਰਿਸ ਧਾਰਹੁ ॥੩੧॥
ਗੁਰ ਸਿੱਖਨ ਕੋ ਪ੍ਰਥਮ ਅਚਾਵਹੁ।
ਸ਼ੇਸ਼ ਰਹੈ ਭੋਜਨ ਤੁਮ ਖਾਵਹੁ।

ਮਹਾਂ ਪਵਿੱਤ੍ਰ ਹੋਤਿ ਹੈ ਸੋਇ।
ਸਿੱਖਜਨ ਪੀਛੇ ਅਚੀਯਤਿ ਹੋਇ॥੩੨॥
ਸਿਮਰੋ ਵਾਹਿਗੁਰੂ ਨਿਤ ਨਾਮੂ।
ਲਿਵ ਲਾਗੇ ਪਦ ਦੇ ਅਭਿਰਾਮੂ।
ਮੜ੍ਹੀ ਟੋਬੜੀ ਮਠ ਅਹੁ ਗੋਰ।
'ਇਨਹੁੰ ਨ ਸੇਵਹੁ ਸਭਿ ਦਿਹੁ ਛੋਰ'॥੩੩॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 40, ਪੰਨਾ 1488)

ਗੁਰਮਤਿ ਲੋੜਵੰਦਾਂ ਦੀ ਸਹਾਇਤਾ ਕਰਨ ਵਾਲਾ ਮਾਰਗ ਹੈ। ਏਥੇ ਸਭ ਤੋਂ ਪਵਿੱਤਰ ਸਿੱਖ ਉਹ ਹੁੰਦਾ ਹੈ ਜੋ ਦੂਜੇ ਨੂੰ ਛਕਾ ਕੇ ਫੇਰ ਆਪ ਛਕੇ। ਗੁਰਸਿੱਖਾਂ ਦੀ ਐਸੀ ਕਰਨੀ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਥਾਂ-ਪਰ-ਥਾਂ ਵਰਣਨ ਕੀਤਾ ਹੈ :

ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ॥
ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪ ਖਵੰਦਾ॥
ਕਲੀਕਾਲ ਪਰਗਾਸ ਕਰਿ ਗੁਰੁ ਚੇਲਾ ਚੇਲਾ ਗੁਰ ਸੰਦਾ॥
ਗੁਰਮੁਖ ਗਾਡੀ ਰਾਹੁ ਚਲੰਦਾ॥੧੧॥ *(ਵਾਰ 40)*

ਇਸ ਤਰ੍ਹਾਂ ਸਤਿਗੁਰਾਂ ਪਾਸੋਂ ਉਪਦੇਸ਼ ਲੈ ਕੇ ਭਾਈ ਸਹਾਰੂ, ਭਾਈ ਗੰਗੂ ਤੇ ਭਾਈ ਭਾਗੂ ਭਾਉ-ਭਗਤੀ ਵਿਚ ਲੱਗ ਗਏ। ਭਾਈ ਗੁਰਦਾਸ ਜੀ ਨੇ ਇਨ੍ਹਾਂ ਸਿੱਖਾਂ ਦੀ ਸਿਫ਼ਤਿ-ਸਾਲਾਹ ਕਰਦਿਆਂ ਲਿਖਿਆ ਹੈ :

ਸਾਹਾਰੂ ਗੰਗੂ ਭਲੇ ਭਾਗੂ ਭਗਤੁ ਭਗਤਿ ਹੈ ਪਿਆਰੀ॥

(ਵਾਰ 11:16)

ਗ੍ਰਿਹਸਤ ਬਿਖੇ ਸੁਖ ਲਹੋ ਸੁਖਾਰੇ

ਭੱਟ ਬਾਣੀਕਾਰ "ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ" ਕਹਿ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ੋਭਾ ਦਾ ਵਰਣਨ ਕਰਦੇ ਹਨ। ਗੁਣਾਂ ਦੀ ਖਾਨ, ਭਵਜਲ ਦਾ ਪਾਰ-ਉਤਾਰਾ ਕਰਨ ਵਾਲੇ ਸਤਿਗੁਰ ਜੀ ਡੱਲੇ ਵਾਸੀ ਸੰਗਤਾਂ ਨੂੰ ਤਾਰ ਰਹੇ ਸਨ। ਦੀਨ-ਦੁਨੀਆਂ ਦੇ ਮਾਰੇ ਲੋਕ ਸਤਿਗੁਰਾਂ ਜੀ ਪਾਸੋਂ ਉਪਦੇਸ਼ ਤੇ ਅਸੀਸਾਂ ਲੈ ਰਹੇ ਸਨ। ਇੰਨੇ ਨੂੰ ਸਤਿਗੁਰਾਂ ਦਾ ਜਸ ਕੀਰਤ ਸੁਣ ਕੇ ਭਾਈ ਖਾਨੂ ਛੁਰਾ, ਭਾਈ ਤਾਰੂ, ਭਾਈ ਵੇਗਾ ਪਾਸੀ, ਭਾਈ ਉਗਰਸੈਨ, ਭਾਈ ਨੰਦੂ ਸੂਦ, ਭਾਈ ਪੂਰੋ ਅਤੇ ਭਾਈ ਝੰਟਾ (ਝੰਡਾ) ਸਤਿਗੁਰਾਂ ਦੇ ਹਜ਼ੂਰ ਆਏ ਤੇ ਚਰਨੀਂ ਆਣ ਲੱਗੇ। ਸਤਿਗੁਰਾਂ ਨੂੰ ਪ੍ਰਣਾਮ ਕਰ ਕੇ ਬੈਠ ਗਏ। ਫਿਰ ਪੁੱਛਣ ਲੱਗੇ, "ਪਾਤਿਸ਼ਾਹ ਜੀਉ! ਸਾਡੀ ਮੁਕਤੀ ਕਿਵੇਂ ਹੋਵੇਗੀ ?" ਮਿਹਰਾਂ ਦੇ ਦਾਤੇ ਨੇ ਉਨ੍ਹਾਂ ਵੱਲ ਤੱਕਿਆ ਤੇ ਉਪਦੇਸ਼ ਕਰਦਿਆਂ ਬਚਨ ਕੀਤਾ, "ਹੇ ਭਾਈ! ਸੁਣੋ ਤੇ ਸਮਝ ਲਵੋ, ਘੋਰ ਕਲਿਜੁਗ ਦਾ ਸਮਾਂ ਹੈ। ਪਹਿਲੇ ਜੁਗਾਂ ਵਿਚ ਲੋਕ ਯੱਗ ਕਰਦੇ ਸਨ ਤਾਂ ਮੁਕਤੀ ਨੂੰ ਪ੍ਰਾਪਤ ਹੁੰਦੇ ਸਨ। ਭਾਈ ਸਿੱਖੋ! ਇਸ ਕਲਿਜੁਗ ਵਿਚ ਜੋ ਗੁਰੂ ਕੇ ਸਿੱਖਾਂ ਨੂੰ ਰੀਝ ਨਾਲ ਭੋਜਨ ਖਵਾਉਂਦੇ ਹਨ, ਉਨ੍ਹਾਂ ਦਾ ਧਨ ਏਥੇ ਵੀ ਵਧਦਾ ਹੈ ਅਤੇ ਅੱਗੇ ਵੀ ਅਨੇਕ ਫਲ ਪ੍ਰਾਪਤ ਹੁੰਦੇ ਹਨ। ਨਾਲ ਹੀ ਪ੍ਰੇਮ ਸਹਿਤ ਭਗਤੀ ਨੂੰ ਆਪਣੇ ਜੀਵਨ ਦਾ ਅਧਾਰ ਬਣਾਉਣਾ ਅਤੇ ਗ੍ਰਹਿਸਤ ਵਿਚ ਰਹਿਣਾ ਹੈ। ਹਿਰਦੇ ਵਿਚ ਵਾਹਿਗੁਰੂ ਨੂੰ ਵਸਾਉਣਾ ਹੈ। ਇਸ ਤਰ੍ਹਾਂ ਕਰਨ ਨਾਲ ਜੀਵਨ ਦੇ ਸਭ ਸੁੱਖ ਪ੍ਰਾਪਤ ਹੋਣਗੇ।" ਭਾਈ ਸੰਤੋਖ ਸਿੰਘ ਇਸ ਪ੍ਰਥਾਇ ਲਿਖਦੇ ਹਨ :

ਖਾਨੁ ਛੁਰਾ ਅਰੁ ਬੇਗਾ ਪਾਸੀ।
ਨੰਦ ਸੂਦਨਾ ਹੋਇ ਹੁਲਾਸੀ।
ਉਗਰੂ, ਤਾਰੂ, ਝੰਡਾ, ਪੂਰੋ।
ਸੁਨਿ ਜਸੁ ਆਏ ਗੁਰੂ ਹਜ਼ੂਰੋ ॥੩੪॥
ਮਸਤਕ ਟੇਕਿ ਅਦਬ ਤੇ ਬੈਸੇ।
ਬੂਝਤਿ ਭਏ ਸ਼੍ਰੇਯ ਹੁਇ ਜੈਸੇ।
ਸ਼੍ਰੀ ਗੁਰ ਅਮਰ ਕਹਯੋ 'ਸੁਨ ਲੀਜੈ।
ਅਬਿ ਕਲਿ ਕਾਲ ਬਿਸਾਲ ਜਾਨੀਜੈ ॥੩੫॥

ਪ੍ਰਥਮ ਜੁਗਨ ਮਹਿ ਜੱਗ ਕਰੰਤੇ।
ਹੋਮਤਿ ਦੇਵਤਾਨ ਤ੍ਰਿਪਤੰਤੇ।
ਤਿਹ ਸਮ ਫਲ ਸਿਖ ਦੇਹੁ ਅਹਾਰਾ।
ਭਾਉ ਕਰਿਹੁ ਲਿਹੁ ਭਗਤਿ ਅਧਾਰਾ॥੩੬॥
ਜੀਵਤਿ ਰਹੋ ਸਰਬ ਸੁਖ ਪਾਵੋ।
ਵਹਿਗੁਰੂ ਉਰ ਬਿਖੈ ਬਸਾਵੋ।
ਗ੍ਰਿਹਸਤ ਬਿਖੇ ਸੁਖ ਲਹੋ ਸੁਖਾਰੇ।
ਜਥਾ ਕਰਨ ਤਪ ਬਿਪਨ ਮਝਾਰੇ॥੩੭॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 40, ਪੰਨੇ 1488-89)

ਇਹ ਸਾਰੇ ਪਾਤਸ਼ਾਹ ਪਾਸੋਂ ਅਸੀਸਾਂ ਪ੍ਰਾਪਤ ਕਰ ਕੇ ਗੁਰੂ-ਗੁਰੂ ਜਪਦੇ ਹੋਏ ਸਤਿਗੁਰਾਂ ਤੋਂ ਵਿਦਾ ਹੋਏ ਅਤੇ ਸਤਿਗੁਰਾਂ ਦੀ ਸਿੱਖਿਆ 'ਤੇ ਅਮਲ ਕਰਦੇ ਹੋਏ ਮੁਕਤੀ ਨੂੰ ਪ੍ਰਾਪਤ ਹੋਏ। ਭਾਈ ਗੁਰਦਾਸ ਜੀ ਇਨ੍ਹਾਂ ਗੁਰਸਿੱਖਾਂ ਬਾਰੇ ਲਿਖਦੇ ਹਨ :

ਖਾਨੂ ਛੁਰਾ ਤਾਰੂ ਤਰੇ ਵੇਗਾ ਪਾਸੀ ਕਰਣੀ ਸਾਰੀ॥
ਉਗਰੂ ਨੰਦੂ ਸੂਦਨਾ ਪੂਰੋ ਝੰਟਾ ਪਾਰਿ ਉਤਾਰੀ॥

(ਵਾਰਾਂ 11:16)

ਗੁਰ ਕੇ ਸੰਗ ਗੰਢ ਤਬ ਪਰੈ

ਡੱਲੇ ਨਗਰ ਦੇ ਚੰਗੇ ਭਾਗਾਂ ਨੂੰ ਨਿਰੰਕਾਰ ਦੀ ਜੋਤਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਤੀਸਰੇ ਸਰੂਪ ਸ੍ਰੀ ਗੁਰੂ ਅਮਰਦਾਸ ਜੀ ਨਗਰ ਵਾਸੀਆਂ ਉੱਤੇ ਰਹਿਮਤਾਂ ਬਰਸਾ ਰਹੇ ਸਨ। ਇਕ ਤੋਂ ਬਾਅਦ ਦੂਜੇ, ਸਤਿਗੁਰਾਂ ਦੀਆਂ ਬਖ਼ਸ਼ਿਸ਼ਾਂ ਨਾਲ ਝੋਲੀਆਂ ਭਰ ਰਹੇ ਸਨ। ਉੱਚੇ ਨੀਵੇਂ ਸਭ ਜਾਤਾਂ ਦੇ ਲੋਕ ਆਣ ਚਰਨੀਂ ਲੱਗ ਰਹੇ ਸਨ। ਉਨ੍ਹਾਂ ਵਿਚ ਭਾਈ ਮਾਲੀਆ ਅਤੇ ਭਾਈ ਸਹਾਰੂ ਜੋ ਜਾਤ ਦੇ ਛੀਂਬੇ ਸਨ, ਸਤਿਗੁਰਾਂ ਨੂੰ ਸਰਬ ਸੁੱਖਾਂ ਦੇ ਦਾਤਾ ਸਮਝ ਕੇ ਚਰਨੀਂ ਆਣ ਲੱਗੇ ਤੇ ਅਰਜ਼ ਕੀਤੀ, "ਹੇ ਸੱਚੇ ਪਾਤਸ਼ਾਹ ਜੀਉ! ਸਾਡਾ ਗ਼ਰੀਬਾਂ ਦਾ ਵੀ ਉੱਧਾਰ ਕਰੋ।" ਗ਼ਰੀਬ ਨਿਵਾਜ਼ ਸਤਿਗੁਰਾਂ ਜੀ ਨੇ ਉਪਦੇਸ਼ ਕਰਦਿਆਂ ਕਿਹਾ, "ਹੇ ਭਾਈ! ਗੁਰਸਿੱਖਾਂ ਦੇ ਪਾਟੇ ਬਸਤਰ ਸਿਊਂ ਦੇਵਣੇ ਹਨ। ਮੈਲੇ ਕਪੜੇ ਧੋਇਆ ਕਰੋ। ਜਿਵੇਂ ਬਸਤਰ ਸਾਫ਼ ਹੋਣਗੇ ਤਿਵੇਂ ਤੁਹਾਡੇ ਹਿਰਦੇ ਵੀ ਸਾਫ਼ ਹੋਣਗੇ, ਉੱਜਲਤਾ ਨੂੰ ਪ੍ਰਾਪਤ ਕਰਨਗੇ। ਜਿੰਨੇ ਪਾਟੇ ਸੀਤੇ ਜਾਣਗੇ, ਓਨੀ ਗੁਰੂ ਨਾਲ ਪ੍ਰੀਤ ਪੈ ਜਾਵੇਗੀ ਤੇ ਸਤਿਗੁਰ ਨਾਲ ਪ੍ਰੇਮ ਦੀ ਗੰਢ ਹੋਰ ਪੀਢੀ ਹੁੰਦੀ ਜਾਵੇਗੀ। ਸ਼ਰਧਾ ਸਹਿਤ ਗੁਰੂ ਦੀ ਸੇਵਾ ਕਰਿਆ ਕਰੋ ਤੇ ਨਾਲ ਪ੍ਰਭੂ ਦਾ ਨਾਮ ਸਿਮਰਨ ਕਰਨਾ ਹੈ। ਇੰਜ ਤੁਹਾਡਾ ਕਲਿਆਣ ਹੋਵੇਗਾ।" ਇਸ ਬਾਬਾਣੀ ਕਹਾਣੀ ਬਾਰੇ ਉਲੇਖ ਹੈ:

ਦੁਇ ਛੀਂਬੇ ਮੱਲਜਾਰ ਸਹਾਰੂ।
ਪਰੇ ਚਰਨ ਲਖਿ ਗੁਰ ਸੁਖ ਕਾਰੂ।
ਤਿਨ ਪ੍ਰਤਿ ਕਰਤਿ ਭਏ ਉਪਦੇਸ਼।
'ਸਿਖਨ ਸੇਵ ਕਰਿਹੁ ਵਿਸ਼ੇਸ਼ ॥੩੮॥
ਸੀਂਵਹੁ ਬਸਤ੍ਰ ਅੰਗ ਪਹਿਰਾਵੋ।
ਹੁਇ ਮਲੀਨ ਜੇ, ਮੈਲ ਗਵਾਵੋ।
ਉੱਜਲ ਆਛੇ ਕਰਿ ਕਰਿ ਦੇਹੁ।
ਉਰ ਉੱਜਲਤਾ ਪੁਨ ਤੁਮ ਲੇਹੁ ॥੩੯॥
ਗੁਰ ਕੇ ਸੰਗ ਗੰਢ ਤਬ ਪਰੈ।
ਸਤਿ ਸੰਗਤਿ ਮਨ ਕੀ ਮਲੁ ਹਰੈ।

ਸ਼ਰਧਾ ਧਰਿਹੁ ਕਰਹੁ ਗੁਰ ਸੇਵਾ।
ਸਿਮਰਹੁ ਨਾਮ ਸੁ ਦੇਵਨ ਦੇਵਾ' ॥੪੦॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 40, ਪੰਨਾ 1489)

ਸਿੱਖਾਂ ਦੇ ਬਸਤਰਾਂ ਨੂੰ ਧੋਣ ਤੇ ਸਿਉਣ ਦੀ ਸੇਵਾ ਕਰਦਿਆਂ ਭਾਈ ਮਾਲੀਆ ਅਤੇ ਭਾਈ ਸਹਾਰੂ ਜੀ ਨੇ ਸਤਿਗੁਰਾਂ ਨਾਲ ਆਪਣੀ ਪ੍ਰੀਤ ਪੱਕੀ ਕਰ ਕੇ ਸੱਚਖੰਡ ਦਾ ਵਾਸ ਪ੍ਰਾਪਤ ਕੀਤਾ। ਇਤਿਹਾਸ ਵਿਚ ਇਨ੍ਹਾਂ ਨੂੰ ਭਲੇ ਪੁਰਸ਼ ਕਿਹਾ ਜਾਂਦਾ ਹੈ। ਭਾਈ ਗੁਰਦਾਸ ਜੀ ਇਨ੍ਹਾਂ ਬਾਰੇ ਵਰਣਨ ਕਰਦੇ ਹਨ :

ਮਲੀਆ ਸਹਾਰੂ ਭਲੇ ਛੀਂਬੇ ਗੁਰ ਦਰਗਹ ਦਰਬਾਰੀ ॥

(ਵਾਰ 11:16)

ਪੋਥੀ ਲਿਖਹੁ ਸੁਫਲ ਗੁਰੁਬਾਨੀ

ਇਕ ਸਿੱਖ ਨੂੰ ਸ਼ਬਦ ਸਿਖਾਉਣ ਦਾ ਪੁੰਨ ਸੋਨੇ ਦੇ ਸੱਤ ਮੰਦਰ ਬਣਾ ਕੇ ਦੇਣ ਤੁਲ ਹੁੰਦਾ ਹੈ। ਭਾਈ ਗੁਰਦਾਸ ਜੀ ਐਸਾ ਲਿਖਦੇ ਹਨ :

ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,
ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ ॥੬੭੩॥ *(ਕਬਿੱਤ)*

ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਦਰਬਾਰ ਡੱਲੇ ਨਗਰ ਵਿਚ ਲੱਗਾ ਹੋਇਆ ਸੀ। ਜਿਵੇਂ ਹੀ ਭਾਈ ਮਾਲੀਆ ਤੇ ਭਾਈ ਸਹਾਰੂ ਸਤਿਗੁਰਾਂ ਦੀ ਕ੍ਰਿਪਾ ਦੇ ਪਾਤਰ ਬਣ ਕੇ ਪਾਸੇ ਹਟੇ, 'ਬੂਲਾ' ਨਾਂ ਦਾ ਇਕ ਪਾਂਧਾ ਸਤਿਗੁਰਾਂ ਨੂੰ ਨਮਸਕਾਰ ਕਰ ਕੇ ਚਰਨੀਂ ਆਣ ਲੱਗਾ ਤੇ ਆਖਣ ਲੱਗਾ, "ਪਾਤਸ਼ਾਹ ਜੀਉ ! ਮੈਂ ਟਹਿਲ-ਸੇਵਾ ਤਾਂ ਨਹੀਂ ਕਰ ਸਕਦਾ ਕਿਉਂਕਿ ਬ੍ਰਾਹਮਣ ਸਮਝ ਕੇ ਮੈਥੋਂ ਕੋਈ ਸੇਵਾ ਨਹੀਂ ਕਰਾਉਂਦਾ। ਫਿਰ ਮੇਰਾ ਕਿੰਜ ਕਲਿਆਣ ਹੋਵੇਗਾ ? ਆਪ ਹੀ ਕੋਈ ਉਪਦੇਸ਼ ਕਰੋ ਜਿਸ ਨਾਲ ਮੇਰਾ ਉੱਧਾਰ ਹੋ ਜਾਵੇ।" ਸਤਿਗੁਰ ਜੀ ਮੁਸਕਰਾ ਰਹੇ ਸਨ। ਫਿਰ ਸਤਿਗੁਰਾਂ ਬਚਨ ਕੀਤਾ, "ਹੇ ਭਾਈ ਬੂਲਾ ! ਤੂੰ ਸਤਿਸੰਗਤ ਵਿਚ ਗੁਰੂ ਕੀ ਬਾਣੀ ਦੀ ਕਥਾ ਪ੍ਰੇਮ ਨਾਲ ਕਰ ਕੇ ਸਿੱਖਾਂ ਨੂੰ ਸੁਣਾਇਆ ਕਰ। ਗੁਰੂ ਦੇ ਮਾਰਗ ਬਾਰੇ ਦੱਸਣ ਲਈ ਗੁਰਬਾਣੀ ਦੀਆਂ ਪੋਥੀਆਂ ਲਿਖ ਕੇ ਗੁਰੂ ਦੇ ਨਾਂ 'ਤੇ ਸਿੱਖਾਂ ਨੂੰ ਦੇਣੀਆਂ ਹਨ। ਕੋਈ ਇਸ ਸੇਵਾ ਬਦਲੇ ਆਪਣੇ ਆਪ ਧਨ ਦੇ ਜਾਵੇ ਤਾਂ ਸਬਰ ਸੰਤੋਖ ਨਾਲ ਵਰਤ ਲੈਣਾ ਹੈ, ਆਪ ਕਿਸੇ ਤੋਂ ਮੰਗਣਾ ਨਹੀਂ। ਤੇਰੀ ਏਹੀ ਸੇਵਾ ਹੈ। ਫਿਰ ਇਹ ਤੇਰੀ ਸ਼ੋਭਾ ਸਹਿਤ ਫਲਦਾਇਕ ਹੋਵੇਗੀ।" ਇਸ ਪ੍ਰਥਾਇ ਉਲੇਖ ਹੈ :

ਇਕ ਪਾਧਾ ਬੂਲਾ ਜਿਸ ਨਾਮੁ।
ਨਮੋ ਠਾਨਿ ਆਯੋ ਗੁਰ ਸਾਮੁ।
ਕਹਤਿ ਭਯੋ 'ਸੇਵਾ ਨਹਿਂ ਹੋਇ।
ਦਿਜ ਕੋ ਜਾਨਿ ਕਰਾਇ ਨ ਕੋਇ ॥੪੧॥
ਜਿਸ ਪ੍ਰਕਾਰ ਹੁਇ ਮਮ ਕੱਲਯਾਨ।
ਕਰੋ ਆਪ ਉਪਦੇਸ਼ ਬਖਾਨ'।
ਕਰਯੋ ਬਚਨ 'ਪਠਿ ਸਤਿਗੁਰ ਬਾਨੀ।
ਕੀਜਹਿ ਕਥਾ ਪ੍ਰੇਮ ਕੋ ਠਾਨੀ ॥੪੨॥

ਸਤਿਸੰਗਤਿ ਮਹਿਂ ਕਰਿਹੁ ਸੁਨਾਵਨਿ।
ਗੁਰਮਤਿ ਸਿੱਖਨ ਕੋ ਸਿਖਰਾਵਨਿ।
ਪੋਥੀ ਲਿਖਹੁ ਸੁਫਲ ਗੁਰੁਬਾਨੀ।
ਗੁਰ ਨਮਿੱਤ ਦੀਜਹਿ ਸਿਖ ਜਾਨੀ॥੪੩॥
ਜੇ ਕੋ ਆਪ ਦਰਬ ਦੇ ਜਾਇ।
ਧਰਿ ਸੰਤੋਖ ਬਰਤਿ ਯਹਿ ਪਾਇ।
ਨਹੀਂ ਆਪ ਜਾਚਹੁ ਕਿਸ ਪਾਸੀ।
ਇਹ ਸੇਵਾ ਬਡ ਫਲਹਿ ਪ੍ਰਕਾਸ਼ੀ॥੪੪॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 40, ਪੰਨਾ 1489)

ਭਾਈ ਬੂਲਾ ਜੀ ਨੇ ਸਤਿਗੁਰਾਂ ਦੇ ਬਚਨ ਨੂੰ ਹਿਰਦੇ ਵਿਚ ਵਸਾ ਕੇ ਪੋਥੀਆਂ ਲਿਖਣ ਦੀ ਸੇਵਾ ਅਤੇ ਸਤਿਸੰਗਤ ਵਿਚ ਗੁਰੂ-ਸ਼ਬਦ ਦੀ ਕਥਾ ਕਰਨੀ ਆਰੰਭ ਕਰ ਦਿੱਤੀ ਅਤੇ ਜੀਵਨ-ਮੁਕਤੀ ਨੂੰ ਪ੍ਰਾਪਤ ਹੋ ਗਏ। ਭਾਈ ਗੁਰਦਾਸ ਜੀ ਨੇ ਭਾਈ ਬੂਲਾ ਜੀ ਦੀ ਸੇਵਾ ਨੂੰ ਬਿਆਨ ਕਰਦਿਆਂ, ਗੁਰਬਾਣੀ ਗਾਇਨ ਕਰ ਕੇ ਸੁਣਾਉਣ ਵਾਲਾ ਅਤੇ ਲਿਖਾਰੀ ਕਹਿ ਕੇ ਪ੍ਰਸੰਸਾ ਕੀਤੀ ਹੈ :

ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣੁ ਲੇਖਾਰੀ॥

(ਵਾਰ 11:16)

ਬਖ਼ਸ਼ਿਸ਼ ਕਰਹਿੰ ਕ੍ਰਿਪਾਲ ਸਿੱਖੀ ਪੰਥ ਪ੍ਰਸਿੱਧ ਹਿੱਤ

ਗੋਇੰਦਵਾਲ ਬਉਲੀ ਦੀ ਕਾਰ-ਸੇਵਾ ਚੱਲ ਰਹੀ ਸੀ। ਸੰਗਤ ਦੂਰੋਂ-ਨੇੜਿਉਂ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਆਉਂਦੀ ਤੇ ਕਾਰ-ਸੇਵਾ ਕਰ ਕੇ ਆਪਣੇ ਆਪ ਨੂੰ ਭਾਗਾਂ ਵਾਲੀ ਸਮਝਦੀ। ਪਿੰਡ ਵੈਰੋਵਾਲ, ਜ਼ਿਲ੍ਹਾ ਤਰਨ ਤਾਰਨ ਦਾ ਵਸਨੀਕ ਭਾਈ ਮਾਣਕ ਚੰਦ, ਜੋ ਪਥਰੀਆ ਖੱਤਰੀ ਜਾਤ ਦਾ ਸੀ (ਇਸ ਦਾ ਨਾਂ ਭਾਈ ਜੀਵੜਾ ਕਰਕੇ ਵੀ ਪ੍ਰਸਿੱਧ ਹੈ), ਸਤਿਗੁਰਾਂ ਦੇ ਦਰਸ਼ਨਾਂ ਲਈ ਆਇਆ ਅਤੇ ਗੁਰੂ-ਘਰ ਵਿਚ ਬਿਰਤੀ ਜੋੜ ਲਈ, ਕਾਰ-ਸੇਵਾ ਵਿਚ ਮਨ ਲਾ ਲਿਆ। ਉਸ ਦਾ ਸਰੀਰ ਤਕੜਾ ਤੇ ਸੁੰਦਰ ਸੀ। ਬਉਲੀ ਦੀ ਕਾਰ-ਸੇਵਾ ਬੜੇ ਜ਼ੋਰ-ਸ਼ੋਰ ਨਾਲ ਚੱਲ ਰਹੀ ਸੀ। ਸਾਰੀ ਸੰਗਤ ਮਿੱਟੀ ਸਿਰ ਉੱਤੇ ਚੁੱਕ ਕੇ ਢੋਂਹਦੀ ਪਈ ਸੀ। ਮਿੱਟੀ ਪੁੱਟਦੇ-ਪੁੱਟਦੇ ਬਉਲੀ ਪਾਣੀ ਤੱਕ ਪੁੱਟੀ ਗਈ ਤਾਂ ਅੱਗੇ ਸਖ਼ਤ ਰੋੜਾਂ ਵਾਲੀ ਮਿੱਟੀ ਦਾ ਕੜ ਆ ਗਿਆ। ਸੰਗਤਾਂ ਨੇ ਕੜ ਤੋੜਨ ਦੀ ਬੜੀ ਕੋਸ਼ਿਸ਼ ਕੀਤੀ ਪਰ ਕੜ ਟੁੱਟ ਨਹੀਂ ਸੀ ਰਿਹਾ। ਸਾਰੇ ਆਪਣੀ ਆਪਣੀ ਅਕਲ ਅਨੁਸਾਰ ਜ਼ੋਰ ਲਾ ਰਹੇ ਸਨ। ਧੰਨ ਗੁਰੂ ਅਮਰਦਾਸ ਜੀ ਕੋਲ ਆਏ ਤੇ ਸਾਰੀ ਗੱਲ ਸੁਣੀ। ਸਤਿਗੁਰਾਂ ਦੀ ਸਵੱਲੀ ਨਜ਼ਰ ਭਾਈ ਮਾਣਕ ਚੰਦ ਉੱਤੇ ਪਈ ਤੇ ਬਚਨ ਕੀਤਾ, "ਹੇ ਭਾਈ ਮਾਣਕ ਚੰਦ! ਵੱਡਾ ਹਥੌੜਾ ਫੜੋ ਤੇ ਇਸ ਕੜ ਨੂੰ ਜ਼ੋਰ ਨਾਲ ਮਾਰ ਕੇ ਤੋੜ ਦੇਵੋ।" ਪਾਤਸ਼ਾਹ ਦੇ ਪਾਵਨ ਬਚਨ ਸੁਣਦੇ ਸਾਰ ਹੀ ਭਾਈ ਮਾਣਕ ਚੰਦ ਸਤਿਗੁਰਾਂ ਦੇ ਚਰਨੀਂ ਢਹਿ ਪਿਆ। ਸਤਿਗੁਰੂ ਜੀ ਨੇ ਆਪਣਾ ਪਾਵਨ ਹੱਥ ਭਾਈ ਮਾਣਕ ਚੰਦ ਦੀ ਪਿੱਠ 'ਤੇ ਧਰ ਦਿੱਤਾ। ਪਾਵਨ ਹੱਥਾਂ ਦੀ ਛੋਹ ਪ੍ਰਾਪਤ ਕਰਦੇ ਸਾਰ ਭਾਈ ਮਾਣਕ ਚੰਦ ਦੇ ਸਰੀਰ ਵਿਚ ਅੰਤਾਂ ਦਾ ਬਲ ਆ ਗਿਆ ਅਤੇ ਉਹ ਹਥੌੜਾ ਲੈ ਕੇ ਬਉਲੀ ਵਿਚ ਉਤਰ ਗਿਆ। ਹਿਰਦੇ ਵਿਚ ਸਤਿਗੁਰਾਂ ਦਾ ਧਿਆਨ ਕਰ ਕੇ ਭਾਈ ਮਾਣਕ ਚੰਦ ਨੇ ਏਨੇ ਜ਼ੋਰ ਦੀ ਹਥੌੜੇ ਮਾਰੇ ਕਿ ਸਖ਼ਤ ਰੋੜਾਂ ਵਾਲਾ ਕੜ ਟੁੱਟ ਗਿਆ। ਕੜ ਟੁੱਟਦੇ ਹੀ ਪਾਣੀ ਨੇ ਉਛਾਲ ਮਾਰਿਆ ਤੇ ਭਾਈ ਮਾਣਕ ਚੰਦ ਡੁੱਬ ਗਏ। ਭਾਈ ਮਾਣਕ ਚੰਦ ਨੂੰ ਬਾਹਰ ਕੱਢਿਆ ਤੇ ਦੇਖਿਆ ਕਿ ਸਵਾਸ ਨਹੀਂ ਹਨ। ਉਸ ਨੂੰ ਸਤਿਗੁਰਾਂ ਕੋਲ ਲਿਆਂਦਾ ਤੇ

ਸਤਿਗੁਰਾਂ ਕਿਹਾ ਕਿ ਜੋ ਮਾਣਕ ਹੁੰਦਾ ਹੈ, ਮਰਿਆ ਨਹੀਂ ਕਰਦਾ। 'ਸਤਿਗੁਰੁ ਮੇਰਾ ਮਾਰਿ ਜੀਵਾਲੈ' ਕਥਨ ਅਨੁਸਾਰ ਧੰਨ ਗੁਰੂ ਅਮਰਦਾਸ ਜੀ ਨੇ ਆਪਣਾ ਸੱਜਾ ਪੈਰ ਭਾਈ ਮਾਣਕ ਚੰਦ ਦੇ ਸਿਰ ਨੂੰ ਛੁਹਾਇਆ। ਭਾਈ ਸਾਹਿਬ ਏਵੇਂ ਉੱਠ ਬੈਠੇ ਜਿਵੇਂ ਸੁੱਤੇ ਨੂੰ ਜਗਾਇਆ ਹੋਵੇ। ਪਾਤਸ਼ਾਹ ਨੇ ਭਾਈ ਮਾਣਕ ਚੰਦ ਦੇ ਸਿਰ ਉੱਤੇ ਹੱਥ ਫੇਰਿਆ ਤਾਂ ਉਸ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਗਿਆ। ਉਸ ਦਾ ਸਾਰਾ ਹਨੇਰਾ ਦੂਰ ਹੋ ਗਿਆ। ਝੋਲੀ ਬਰਕਤਾਂ ਨਾਲ ਭਰ ਗਈ। ਪਾਤਸ਼ਾਹ ਨੇ ਭਾਈ ਮਾਣਕ ਚੰਦ ਦਾ ਨਾਮ ਭਾਈ ਜੀਵੜਾ ਰੱਖ ਦਿੱਤਾ। ਫਿਰ ਸਤਿਗੁਰਾਂ ਆਪਣੇ ਇਸ ਸੇਵਕ ਰਾਹੀਂ ਹੋਰਾਂ ਦਾ ਪਾਰ-ਉਤਾਰਾ ਕਰਵਾਉਣ ਲਈ ਪਹਿਲਾਂ ਪੰਡਤ ਮਾਈ ਦਾਸ ਨੂੰ ਕੋਲ ਬੁਲਾਇਆ ਤੇ ਬਚਨ ਕੀਤਾ, "ਹੇ ਮਾਈ ਦਾਸ! ਤੇਰਾ ਸਿੱਖਿਆ ਦਾਤਾ ਇਹ ਸਾਡਾ ਭਾਈ ਮਾਣਕ ਚੰਦ ਹੈ ਜੋ ਤੈਨੂੰ ਗੁਰੂ-ਮੰਤਰ ਦੇਵੇਗਾ ਤੇ ਗੁਰਮੁਖ ਬਣਨ ਦੀ ਜੁਗਤਿ ਦੱਸੇਗਾ।" ਭਾਈ ਮਾਣਕ ਚੰਦ ਦੀ ਸੇਵਾ ਪ੍ਰਵਾਨ ਚੜ੍ਹੀ ਤੇ ਸਤਿਗੁਰਾਂ ਨੇ ਸੰਗਤਾਂ ਨੂੰ ਬਚਨ ਕੀਤਾ ਕਿ ਸਮੂੰਹ ਸੰਗਤ ਭਾਈ ਜੀਵੜਾ ਜੀ ਦੀ ਸੰਗਤ ਕਰਿਆ ਕਰੇ। ਇਨ੍ਹਾਂ ਨੂੰ ਭਗਤਾਂ ਦਾ ਨਾਂ ਦੇ ਦਿੱਤਾ ਹੈ। ਸਭ ਕਸ਼ਟ ਦੂਰ ਹੋਣਗੇ :

ਸੱਤਯਨਾਮ ਬਹੁ ਨਰ ਉਪਦੇਸ਼ਾ।
ਸਿੱਖੀ ਕੋ ਵਿਸਤਾਰ ਵਿਸ਼ੇਖਾ।
ਬਚਨ ਕਹਯੋ ਤਤਛਿਨ ਫੁਰ ਜਾਵੈ।
ਲੋਕ ਅਨੇਕ ਪੂਜਿਬੇ ਆਵੈਂ॥੪੨॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 53, ਪੰਨਾ 1555)

ਫਿਰ ਭਾਈ ਜੀਵੜਾ ਜੀ ਨੂੰ ਆਪਣਾ ਅੱਗੇ ਮੰਜੀਦਾਰ (ਪ੍ਰਚਾਰਕ) ਥਾਪਦਿਆਂ ਹੋਇਆਂ ਬਚਨ ਕੀਤਾ ਕਿ ਹੇ ਭਾਈ ਜੀਵੜਾ! ਤੁਸੀਂ ਹੁਣ ਆਪਣੇ ਘਰ ਨੂੰ ਜਾਵੋ ਤੇ ਲੋਕਾਂ ਨੂੰ ਸਤਿਨਾਮ ਦਾ ਜਾਪ ਜਪਾਉ। ਹਰ ਥਾਂ 'ਤੇ ਭਗਤੀ ਦਾ ਵਾਸਾ ਹੋਵੇ। ਗੁਰੂ ਨਾਨਕ ਦੇ ਗੁਰਮੁਖ ਮਾਰਗ ਦਾ ਪ੍ਰਕਾਸ਼ ਕਰੋ :

ਤੁਮ ਅਬਿ ਅਪਨੇ ਗ੍ਰਿਹ ਕਉ ਜਾਵਹੁ।
ਸੱਤਯ ਨਾਮ ਕੋ ਜਾਪ ਜਪਾਵਹੁ।
ਗੁਰਮੁਖ ਮਾਰਗ ਕਰਹੁ ਪ੍ਰਕਾਸ਼।
ਜਹਿਂ ਕਹਿਂ ਹੋਵਹਿ ਭਗਤਿ ਨਿਵਾਸ॥੩੮॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 53, ਪੰਨਾ 1555)

ਇਸ ਤਰ੍ਹਾਂ ਭਾਈ ਮਾਣਕ ਚੰਦ ਜੀ, ਸਤਿਗੁਰਾਂ ਦੁਆਰਾ ਰਹਿਮਤਾਂ ਦੀ ਝੋਲੀ ਭਰ ਕੇ ਆਪਣੇ ਘਰ ਆ ਗਏ ਅਤੇ ਅੱਗੋਂ ਸਾਰੇ ਦੁੱਖਾਂ ਮਾਰੇ ਪ੍ਰਾਣੀਆਂ ਨੂੰ ਸਤਿਨਾਮ ਦਾ ਉਪਦੇਸ਼ ਦਿੱਤਾ ਤੇ ਸਿੱਖੀ ਦਾ ਬਹੁਤ ਪ੍ਰਚਾਰ-ਪ੍ਰਸਾਰ ਕੀਤਾ :

ਬਖ਼ਸ਼ਿਸ਼ ਕਰਹਿਂ ਕ੍ਰਿਪਾਲ ਸਿੱਖੀ ਪੰਥ ਪ੍ਰਸਿੱਧ ਹਿੱਤ।
ਸੇਵਕ ਹੋਤਿ ਨਿਹਾਲ ਪਾਰਬ੍ਰਹਮ ਗੁਰ ਪ੍ਰੇਮ ਚਿਤਿ ॥੪੫॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 53, ਪੰਨਾ 1555)

ਲੋਕ, ਭਾਈ ਜੀ ਦੀ ਸੰਗਤ ਕਰ ਕੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਦੇ। ਹਰ ਵਿਸਾਖੀ 'ਤੇ ਭਾਈ ਜੀਵੜਾ (ਮਾਣਕ ਚੰਦ) ਜੀ ਸਤਿਗੁਰਾਂ ਦੇ ਦਰਸ਼ਨਾਂ ਲਈ ਸਤਿਗੁਰੂ ਜੀ ਕੋਲ ਚੱਲ ਕੇ ਜਾਂਦੇ ਤੇ ਆਪਣੀਆਂ ਅਰਦਾਸ ਬੇਨਤੀਆਂ ਕਰਦੇ ਸੁਣਾਉਂਦੇ। ਸੰਸਾਰ ਵਿਚ ਉਨ੍ਹਾਂ ਦੀ ਵਡਿਆਈ ਚਾਰੇ ਪਾਸੇ ਫੈਲ ਗਈ। ਅੰਤ ਵੇਲੇ ਭਾਈ ਜੀਵੜਾ ਨੇ ਸਦਾ ਸੁਖ ਦੇਣ ਵਾਲੀ ਮੁਕਤੀ ਪ੍ਰਾਪਤ ਕਰ ਲਈ। ਇਸ ਤਰ੍ਹਾਂ ਕ੍ਰਿਪਾਲੂ ਸਤਿਗੁਰੂ ਅਮਰਦਾਸ ਜੀ ਸਿੱਖੀ ਦਾ ਮਾਰਗ ਪ੍ਰਗਟ ਕਰਨ ਹਿਤ ਆਪਣੇ ਸਿੱਖਾਂ 'ਤੇ ਬਖ਼ਸ਼ਿਸ਼ਾਂ ਕਰਦੇ ਸਨ। ਹਿਰਦਿਆਂ ਵਿਚ ਪਰਮਾਤਮਾ ਨਾਲ ਪ੍ਰੇਮ ਕਰ ਕੇ ਸੇਵਕ ਨਿਹਾਲ ਹੋ ਜਾਂਦੇ ਸਨ।

ਡਲੇ ਵਾਸੀ ਸੰਗਤਿ ਭਾਰੀ

ਡੱਲਾ ਨਗਰ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਨੂੰ ਗੁਰੂ ਚਰਨਾਂ ਦੀ ਛੋਹ ਪ੍ਰਾਪਤ ਹੈ। ਇਸ ਨਗਰ ਵਿਚ ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਚਰਨ ਪਾਏ। ਛੇਵੇਂ ਸਤਿਗੁਰਾਂ ਦਾ ਇਹ ਸਹੁਰਾ ਪਿੰਡ ਵੀ ਸੀ। ਏਥੋਂ ਦਾ ਭਾਈ ਮਹੇਸ਼ਾ ਇਕ ਧਨੀ ਸ਼ਰਧਾਲੂ ਸੀ ਜਿਸ ਨੇ ਮਾਇਆ ਦਾ ਮੋਹ ਤਿਆਗ ਕੇ ਸਤਿਗੁਰਾਂ ਦੇ ਉਪਦੇਸ਼ ਅਨੁਸਾਰ ਜੀਵਨ ਜੀਵਿਆ। ਪਿੱਛੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਮਹੇਸ਼ੇ ਨੂੰ ਮੰਜੀਦਾਰ ਥਾਪਿਆ। ਡੱਲੇ ਪਿੰਡ ਦੇ 72 ਪ੍ਰਮੁੱਖ ਸਿੱਖਾਂ ਦਾ ਜ਼ਿਕਰ ਆਉਂਦਾ ਹੈ। ਏਥੇ ਸਤਿਗੁਰਾਂ ਦੇ ਸਿੱਖਾਂ ਦੀ ਭਾਰੀ ਗਿਣਤੀ ਮੰਨੀ ਜਾਂਦੀ ਸੀ। ਸਤਿਗੁਰ ਅਮਰਦਾਸ ਜੀ ਉਚੇਚੇ ਤੌਰ 'ਤੇ ਸੰਗਤਾਂ ਨੂੰ ਨਿਹਾਲ ਕਰਨ ਲਈ ਏਥੇ ਆਏ। ਵਾਰੀ-ਵਾਰੀ ਸਭ ਸਿੱਖਾਂ ਨੇ ਗੁਰ-ਉਪਦੇਸ਼ ਪ੍ਰਾਪਤ ਕੀਤਾ। ਜਨਮ ਮਰਨ ਤੋਂ ਛੁਟਕਾਰਾ ਪਾਉਣ ਲਈ ਵੱਖ-ਵੱਖ ਤਰ੍ਹਾਂ ਗੁਰੂ-ਉਪਦੇਸ਼ ਨੂੰ ਕਮਾਇਆ। ਇਕ ਦਿਨ ਨਗਰ ਦੀ ਸਾਰੀ ਸੰਗਤ ਨੇ ਬੇਨਤੀ ਕੀਤੀ, "ਹੇ ਸਤਿਗੁਰ ਜੀਉ ! ਸਾਰੀ ਸੰਗਤ ਨੂੰ ਕੋਈ ਸਾਂਝਾ ਉਪਦੇਸ਼ ਦੇਣ ਦੀ ਕ੍ਰਿਪਾਲਤਾ ਕਰੋ।" ਤਾਂ ਸਤਿਗੁਰਾਂ ਬਚਨ ਕੀਤੇ, "ਹੇ ਭਾਈ! ਤੁਸੀਂ ਡੱਲੇ ਵਾਸੀ ਜਿੰਨੀ ਸੰਗਤ ਹੋ, ਸਭ ਨੂੰ ਇਹ ਸਾਂਝਾ ਉਪਦੇਸ਼ ਹੈ ਕਿ ਜੋ ਗੁਰਪੁਰਬਾਂ ਦੇ ਦਿਨ ਵਾਰ, ਮੱਸਿਆ, ਵਿਸਾਖੀ, ਦੀਵਾਲੀ ਆਦਿ ਹਨ, ਇਹ ਦਿਨ ਸਭਨਾਂ ਨੇ ਇਕੱਠੇ ਹੋ ਕੇ ਮਨਾਉਣੇ ਹਨ। ਮਾਇਆ ਇਕੱਠੀ ਕਰ ਕੇ ਉਤਸ਼ਾਹ ਨਾਲ ਕੜਾਹ ਪ੍ਰਸਾਦਿ ਤਿਆਰ ਕਰਨਾ ਹੈ ਤੇ ਗੁਰੂ ਨਮਿੱਤ ਸੰਗਤਾਂ ਨੂੰ ਵਰਤਾਉਣਾ ਹੈ। ਗੁਰਬਾਣੀ ਦਾ ਕੀਰਤਨ ਕਰਨਾ ਹੈ। ਬਸਤਰ ਰਹਿਤ ਗ਼ਰੀਬ ਸਿੱਖ ਨੂੰ ਨਵੇਂ ਕੱਪੜੇ ਸਿਵਾ ਕੇ ਦੇਵਣੇ ਹਨ। ਕਿਸੇ ਸਿੱਖ ਦਾ ਕੋਈ ਕਾਰਜ ਅੜ ਜਾਵੇ ਤਾਂ ਰਲ-ਮਿਲ ਕੇ ਯਥਾ-ਸ਼ਕਤ ਧਨ ਇਕੱਠਾ ਕਰ ਕੇ, ਉਸ ਦਾ ਕਾਰਜ ਸੰਵਾਰ ਦੇਣਾ ਹੈ। ਇਹ ਰੀਤ ਤੁਸੀਂ ਆਪਣੇ ਵਿਚ ਚਲਾਉ। ਜਦ ਵੀ ਸ਼ੁਭ ਦਿਹਾੜਾ ਆਵੇ, ਉਸ ਦਿਨ ਜੋੜ-ਮੇਲਾ ਕਰਿਆ ਕਰੋ। ਅੱਗੇ ਜੋ ਤੁਹਾਡੇ ਧੀਆਂ, ਪੁੱਤਰ, ਪੋਤਰੇ ਹੋਣਗੇ, ਇਹ ਰੀਤ ਇਸੇ ਢੰਗ ਨਾਲ ਕਰਿਆ ਕਰਨਗੇ। ਇਹ ਮਰਯਾਦਾ ਚਲੇਗੀ। ਸਿੱਖੀ ਸਦਾ ਤੁਹਾਡੇ ਘਰ ਹੋਵੇਗੀ, ਤੁਸੀਂ ਕੋਈ ਸੰਸਾ ਨਹੀਂ ਕਰਨਾ।" ਭਾਈ ਸੰਤੋਖ ਸਿੰਘ ਇਸ ਪ੍ਰਥਾਇ ਲਿਖਦੇ ਹਨ :

ਗੁਰ ਨਮਿੱਤ ਕਰਿ ਦਿਹੁ ਬਰਤਾਈ।
ਸ਼ਬਦ ਕੀਰਤਨ ਕਰੋ ਬਨਾਈ।
ਸਿਖ ਗਰੀਬ ਹੁਇ ਬਸਤ੍ਰ ਬਿਹੀਨ।
ਦੀਜਹਿ ਤਿਸਹਿ ਸਿਵਾਇ ਨਵੀਨ ॥੪੭॥
ਪਿਖਹੁ ਛੁਧਿਤਿ ਕੋ ਦੇਹੁ ਅਹਾਰੋ।
ਮਿਲਿ ਕਰਿ ਸਕਲ ਏਵ ਪ੍ਰਤਿਪਾਰੋ।
ਕਿਹੰ ਸਿਖ ਕੋ ਕਾਰਜ ਅਰਿ ਜਾਇ।
ਨਹਿ ਤਿਸ ਤੇ ਕਯੋਹੂੰ ਬਨਿਆਇ ॥੪੮॥
ਮਿਲਹੁ ਸਕਲ ਮਹਿਂ ਕਰਿ ਅਰਦਾਸ।
ਜਥਾਸ਼ਕਤਿ ਲੀਜਹਿ ਸਭਿ ਪਾਸਿ।
ਇਕਠੋ ਕਰਿ ਧਨ ਦਿਹੁ ਤਿਸ ਤਾਈਂ।
ਜਿਸਤੇ ਕਾਰਜ ਕੋ ਬਨਿ ਜਾਈ ॥੪੯॥
ਇਹੀ ਰੀਤਿ ਨਿਜ ਬਿਖੇ ਚਲਾਵਹੁ।
ਕਰੋ ਜੋਰ ਸ਼ੁਭ ਦਿਨ ਜਬਿ ਪਾਵਹੁ।
ਪੁੱਤ੍ਰ ਪੋਤ੍ਰੇ ਹੋਹਿ ਤੁਮਾਰੇ।
ਕਰਹਿ ਕਾਰ ਇਸ ਰੀਤੀ ਸਾਰੇ ॥੫੦॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 40, ਪੰਨਾ 1490)

ਇਸ ਪ੍ਰਕਾਰ ਸਤਿਗੁਰੂ ਅਮਰਦਾਸ ਜੀ ਨੇ ਗੁਰ-ਮਰਯਾਦਾ ਦੀ ਸਥਾਪਤੀ ਕਰ ਕੇ ਪਰਚਾਰ ਰਾਹੀਂ ਗੁਰਮੁਖ ਗਾਡੀ ਰਾਹ ਨੂੰ ਰੌਸ਼ਨ ਕੀਤਾ। ਭਾਈ ਗੁਰਦਾਸ ਜੀ ਨੇ ਡੱਲੇ ਵਾਸੀ ਸੰਗਤ ਦੀ ਪ੍ਰਸੰਸਾ ਕਰਦਿਆਂ ਇਸ ਨੂੰ ਭਾਰੀ ਭਾਵ ਵੱਡੀ ਸੰਗਤ ਕਿਹਾ ਹੈ :

ਡਲੇ ਵਾਸੀ ਸੰਗਤਿ ਭਾਰੀ ॥ *(ਵਾਰ 11:16)*

ਦਾਸਨ ਕੇ ਬਸਿ ਬਿਰਦ ਸੰਭਾਰਾ

ਜਦੋਂ ਮੁਸ਼ਕਲਾਂ ਬਣਦੀਆਂ ਹਨ ਤਾਂ ਸਭ ਸਾਕ-ਸੰਬੰਧੀ ਭੱਜ ਜਾਂਦੇ ਹਨ, ਦੁਸ਼ਮਣ ਵੀ ਉਸ ਵੇਲੇ ਤਾਕਤਵਰ ਬਣ ਜਾਂਦੇ ਹਨ। ਜਦੋਂ ਸਭ ਆਸਰੇ ਖ਼ਤਮ ਹੋ ਜਾਣ ਅਤੇ ਇਸ ਸਮੇਂ ਪਰਮਾਤਮਾ ਹਿਰਦੇ ਵਿਚ ਯਾਦ ਆਵੇ ਤਾਂ ਫਿਰ ਤੱਤੀ 'ਵਾ ਨਹੀਂ ਲੱਗਦੀ। ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਫ਼ੁਰਮਾਨ ਹੈ:

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥੧॥

(ਸਿਰੀਰਾਗੁ ਮ: ੫, ਪੰਨਾ 70)

ਅਕਾਲ ਪੁਰਖ ਆਪਣੇ ਭਗਤਾਂ ਦੀ ਸਦਾ ਪੈਜ ਰੱਖਦਾ ਹੈ। ਇਸੇ ਤਰ੍ਹਾਂ ਸਤਿਗੁਰ ਜੀ ਵੀ ਆਪਣੇ ਸੇਵਕਾਂ ਦੀ ਹਰ ਮੁਸ਼ਕਲ ਵਿਚ ਸਹਾਇਤਾ ਕਰਦੇ ਹਨ। ਸਤਿਗੁਰ ਜੀ ਦਇਆਲ ਹੋਣ ਤਾਂ ਸਭ ਬਰਕਤਾਂ ਬਖ਼ਸ਼ ਦਿੰਦੇ ਹਨ ਤੇ ਬਖ਼ਸ਼ੀਆਂ ਦਾਤਾਂ 'ਚੋਂ ਜਦੋਂ ਗੁਰੂ ਦੇ ਲੋੜਵੰਦ ਸੇਵਕਾਂ ਨੂੰ ਲੋੜ ਪੈ ਜਾਵੇ ਅਤੇ ਧਨੀ ਸਿੱਖ ਵੱਲੋਂ ਨਾਂਹ ਹੋ ਜਾਵੇ ਤਾਂ ਫਿਰ ਨਜ਼ਰ ਅਪੁੱਠੀ ਵੀ ਹੋ ਜਾਂਦੀ ਹੈ। ਗੰਗੂ ਸ਼ਾਹ ਬਸੀ ਖੱਤਰੀ ਗੜ੍ਹਸ਼ੰਕਰ (ਹੁਸ਼ਿਆਰਪੁਰ) ਦਾ ਵਸਨੀਕ ਲਾਹੌਰ ਵਿਖੇ ਆਪਣਾ ਧਨ ਦੇ ਵਣਜ ਦਾ ਵਿਹਾਰ ਕਰਦਾ ਸੀ। ਇਕ ਵਾਰ ਉਸ ਦਾ ਕਾਰੋਬਾਰ ਵਿਗੜ ਗਿਆ ਅਤੇ ਕਾਰੋਬਾਰ ਵਿਚ ਮੰਦਾ ਪੈ ਗਿਆ। ਰਕਮਾਂ ਫਸ ਗਈਆਂ। ਚਹੁੰ ਪਾਸਿਆਂ ਤੋਂ ਸੰਕਟ ਹੀ ਸੰਕਟ ਸਨ। ਬੜੇ ਉਪਾਅ ਕੀਤੇ ਪਰ ਅਸਫਲ ਰਿਹਾ। ਉਸ ਨੇ ਸਤਿਗੁਰ ਅਮਰਦਾਸ ਜੀ ਦੀ ਮਹਿਮਾ ਸੁਣ ਰੱਖੀ ਸੀ। ਅਖ਼ੀਰ ਆਪਣੀ ਟੇਕ ਸ੍ਰੀ ਗੁਰੂ ਅਮਰਦਾਸ ਜੀ ਉੱਪਰ ਰੱਖ ਲਈ ਤੇ ਇਹ ਦ੍ਰਿੜ੍ਹ ਵਿਸ਼ਵਾਸ ਕਰ ਕੇ ਕਿ ਮੈਂ ਸਤਿਗੁਰਾਂ ਦੀ ਸ਼ਰਨ ਜਾਵਾਂ ਤੇ ਮੇਰਾ ਦੁੱਖਾਂ ਤੋਂ ਪਾਰ-ਉਤਾਰਾ ਹੋ ਜਾਵੇਗਾ। ਉਹ ਗੋਇੰਦਵਾਲ ਪਹੁੰਚ ਗਿਆ। ਗੋਇੰਦਵਾਲ ਬਉਲੀ ਦੀ ਸੇਵਾ ਚੱਲ ਰਹੀ ਸੀ। ਸਭ ਸੰਗਤ ਪ੍ਰੇਮ ਨਾਲ ਸੇਵਾ ਕਰਦੀ ਪਈ ਸੀ। ਪਹਿਲੇ ਪੰਗਤ ਕਰ ਕੇ ਪ੍ਰੇਮ ਸਹਿਤ ਸਤਿਗੁਰੂ ਜੀ ਦੀ ਹਜ਼ੂਰੀ ਗਿਆ ਅਤੇ ਦਰਸ਼ਨ ਕਰ ਕੇ ਨਿਹਾਲ ਹੋ ਗਿਆ। 'ਰੱਖਿਆ ਕਰੋ, ਰੱਖਿਆ ਕਰੋ' ਬੋਲਦਾ ਚਰਨ ਕਮਲਾਂ 'ਤੇ ਢਹਿ ਪਿਆ। ਅੰਤਰਜਾਮੀ ਸਤਿਗੁਰ ਜੀ ਭਾਈ ਗੰਗੂ ਸ਼ਾਹ ਦੀ ਨਿਮਰਤਾ 'ਤੇ

ਪ੍ਰਸੰਨ ਹੋਏ ਤੇ ਪੁੱਛਿਆ, "ਦੱਸ ਭਾਈ, ਤੇਰਾ ਕੀ ਹਾਲ ਹੈ ?" ਇਹ ਸੁਣ ਕੇ ਉਸ ਨੇ ਆਪਣਾ ਸਾਰਾ ਦੁਖ ਦੱਸ ਦਿੱਤਾ ਕਿ "ਸਤਿਗੁਰ ਜੀ ! ਮੈਨੂੰ ਧਨ ਦਾ ਬਹੁਤ ਘਾਟਾ ਪੈ ਗਿਆ ਹੈ।" ਸਤਿਗੁਰ ਜੀ ਨੇ ਬਚਨ ਕੀਤਾ, "ਤੂੰ ਦਿੱਲੀ ਜਾ ਕੇ ਵਪਾਰ ਸ਼ੁਰੂ ਕਰ ਲੈ। ਸਤਿਸੰਗਤ ਦੀ ਸੇਵਾ ਕਰਿਆ ਕਰ। ਚਿੰਤਾ ਨਾ ਕਰ, ਬਹੁਤ ਧਨ ਪ੍ਰਾਪਤ ਹੋਵੇਗਾ।" ਸਤਿਗੁਰਾਂ ਦੀ ਰਹਿਮਤ ਸਦਕਾ ਭਾਈ ਗੰਗੂ ਦਾ ਕਾਰੋਬਾਰ ਚੱਲ ਪਿਆ। ਘਰ ਵਿਚ ਉਸੇ ਤਰ੍ਹਾਂ ਧਨ ਆਉਣ ਲੱਗਾ। ਉਸ ਦਾ ਵਿਸ਼ਵਾਸ ਵੱਧ ਗਿਆ ਤੇ ਉਸ ਦਾ ਨਾਮ ਸਭ ਸ਼ਹਿਰਾਂ ਵਿਚ ਫੈਲ ਗਿਆ। ਇਸ ਤਰ੍ਹਾਂ ਸਮਾਂ ਬੀਤਦਾ ਗਿਆ। ਇਕ ਵਾਰ ਇਕ ਗ਼ਰੀਬ ਬ੍ਰਾਹਮਣ ਸਤਿਗੁਰਾਂ ਦੀ ਸ਼ਰਨ ਆਇਆ ਤੇ ਬੇਨਤੀ ਕੀਤੀ, "ਹੇ ਸਤਿਗੁਰ ਜੀਉ ! ਮੇਰੇ ਘਰ ਜੁਆਨ ਲੜਕੀ ਹੈ। ਮੈਨੂੰ ਕੁਝ ਧਨ ਦਿਉ ਤਾਂ ਮੈਂ ਲੜਕੀ ਦਾ ਵਿਆਹ ਕਰ ਲਵਾਂ।" ਕਰਜ਼ੇ ਅਤੇ ਬਲਵਾਨ ਦੁਸ਼ਮਣ ਦਾ ਓਨਾ ਦੁਖ ਨਹੀਂ ਹੁੰਦਾ, ਜਿੰਨਾ ਇਕ ਪਿਤਾ ਨੂੰ ਵਿਆਹੁਣ ਯੋਗ ਲੜਕੀ ਨੂੰ ਵੇਖ ਕੇ ਹੁੰਦਾ ਹੈ।

ਸੁੱਖਾਂ ਦੀ ਪੂੰਜੀ ਸਤਿਗੁਰ ਜੀ ਨੇ 50 ਰੁਪਏ ਚਾਂਦੀ ਦੇ ਸਿੱਕਿਆਂ ਦੀ ਹੁੰਡੀ ਭਾਈ ਗੰਗੂ ਸ਼ਾਹ ਦੇ ਨਾਂ ਬਣਾ ਕੇ ਦਿੱਤੀ। ਬ੍ਰਾਹਮਣ ਨੇ ਦਿੱਲੀ ਪਹੁੰਚ ਕੇ ਹੁੰਡੀ ਵਾਲਾ ਕਾਗ਼ਜ਼ ਭਾਈ ਗੰਗੂ ਸ਼ਾਹ ਨੂੰ ਦਿੱਤਾ, ਜਿਸ ਨੂੰ ਵੇਖ ਕੇ ਉਹ ਹੈਰਾਨ ਹੋ ਗਿਆ ਤੇ ਚੁੱਪ ਰਿਹਾ ਅਤੇ ਉਸ ਨੇ ਧਨ ਵੀ ਨਾ ਦਿੱਤਾ। ਦੁਖੀ ਹਿਰਦਾ ਲੈ ਕੇ ਬ੍ਰਾਹਮਣ ਵਾਪਸ ਮੁੜ ਸਤਿਗੁਰ ਜੀ ਕੋਲ ਆਇਆ। ਅੰਤਰਜਾਮੀ ਸਤਿਗੁਰ ਨੇ ਜਾਣ ਲਿਆ ਕਿ ਗੰਗੂ ਨੂੰ ਧਨ ਦਾ ਹੰਕਾਰ ਹੋ ਗਿਆ ਹੈ। ਸਤਿਗੁਰ ਜੀ ਨੇ ਵਿਚਾਰ ਦਿੱਤੀ ਕਿ 'ਮਾਇਆ ਦਾ ਸੁਭਾਅ ਹੀ ਅਜਿਹਾ ਹੈ ਕਿ ਜਿਸ ਕੋਲ ਜਾਂਦੀ ਹੈ ਉਸ ਦੀ ਮਤ ਮਾਰੀ ਜਾਂਦੀ ਹੈ। ਗੁਰੂ ਅਤੇ ਨਿਰੰਕਾਰ ਵੀ ਉਸ ਨੂੰ ਵਿਸਰ ਜਾਂਦੇ ਹਨ। ਲਾਲਚ ਵਿਚ ਲੱਗ ਕੇ ਮਨੁੱਖ ਕਸ਼ਟਾਂ ਵਿਚ ਪੈ ਜਾਂਦਾ ਹੈ। ਪੈਸਾ ਮਨੁੱਖ ਨੂੰ ਬਾਵਰਾ ਕਰ ਦਿੰਦਾ ਹੈ। ਉਹ ਠੀਕ ਜਾਂ ਗ਼ਲਤ ਦਾ ਕੋਈ ਵਿਚਾਰ ਕਰਨ ਤੋਂ ਅਸਮਰੱਥ ਹੁੰਦਾ ਹੈ।' ਸਤਿਗੁਰਾਂ ਨੇ ਬ੍ਰਾਹਮਣ ਨੂੰ ਹੋਰ ਸਿੱਖ ਤੋਂ ਧਨ ਦਿਵਾ ਦਿੱਤਾ ਤੇ ਲੜਕੀ ਦਾ ਵਿਆਹ ਕਰ ਕੇ ਉਹ ਖ਼ੁਸ਼ ਹੋ ਗਿਆ।

ਕਰਨੀ ਰੱਬ ਦੀ, ਉਸ ਦਿਨ ਤੋਂ ਗੰਗੂ ਸ਼ਾਹ ਦਾ ਧਨ ਘਟਣਾ ਸ਼ੁਰੂ ਹੋ ਗਿਆ, ਦਿਨਾਂ ਵਿਚ ਹੀ ਉਹ ਕੰਗਾਲ ਹੋ ਗਿਆ। ਤਦ ਉਸ ਨੂੰ ਆਪਣੇ ਕੀਤੇ ਦੀ ਸੋਝੀ ਹੋਈ ਕਿ ਸਤਿਗੁਰ ਜੀ ਤੋਂ ਮੈਂ ਬੇਮੁਖ ਹੋ ਗਿਆ ਹਾਂ, ਏਸੇ ਕਰਕੇ ਮੇਰਾ ਸਾਰਾ ਧਨ ਚਲਾ ਗਿਆ ਹੈ। ਗੁਰੂ ਤੋਂ ਬਗ਼ੈਰ ਹੁਣ ਕੌਣ ਮੇਰਾ ਮਦਦਗਾਰ ਹੈ ? ਹੁਣ ਮੇਰੇ ਲਈ ਸਤਿਗੁਰੂ ਜੀ ਦਾ ਸੇਵਕ ਬਣ ਜਾਣਾ ਠੀਕ ਹੋਵੇਗਾ। ਮੈਂ ਜਗਤ ਬਖ਼ਸ਼ਿੰਦ ਸਤਿਗੁਰ ਜੀ ਦੀ ਸ਼ਰਨ ਜਾਵਾਂਗਾ ਤੇ ਹਰ ਤਰ੍ਹਾਂ ਨਾਲ ਪਾਤਸ਼ਾਹ ਦੀ ਸੇਵਾ ਮੈਂ ਦਰ ਉੱਤੇ ਜਾ ਕੇ ਕਰਾਂਗਾ, ਝਾੜੂ ਦੇਵਾਂਗਾ, ਪਾਣੀ ਢੋਵਾਂਗਾ ਤੇ ਭਾਂਡੇ ਮਾਂਜਾਂਗਾ। ਉਹ ਗੋਇੰਦਵਾਲ ਪਹੁੰਚ ਗਿਆ। ਬਉਲੀ

ਦੀ ਸੇਵਾ ਅਜੇ ਚੱਲ ਰਹੀ ਸੀ। ਭਾਈ ਗੰਗੂ ਸ਼ਾਹ ਚੁੱਪ-ਚਾਪ ਸੇਵਾ ਵਿਚ ਜੁੱਟ ਗਿਆ। ਸਤਿਗੁਰ ਜੀ ਜਾਣੀ-ਜਾਣ ਸਨ ਪਰ ਉਨ੍ਹਾਂ ਨਾ ਗੰਗੂ ਨੂੰ ਕੋਲ ਸੱਦਿਆ ਤੇ ਨਾ ਹੀ ਮੁਖ 'ਚੋਂ ਕੁਝ ਕਿਹਾ। ਕੀਮਤੀ ਕੱਪੜੇ ਪਹਿਨੇ ਗੰਗੂ ਸ਼ਾਹ ਨੇ ਸਭ ਲੋਕ-ਲਾਜ ਤੇ ਕੁਲ ਦੀ ਰੀਤ, ਖਾਣ-ਪੀਣ ਆਦਿ ਦਾ ਤਿਆਗ ਕਰ ਦਿੱਤਾ। ਸਭ ਹੋਸ਼-ਹਵਾਸ ਭੁੱਲ ਕੇ ਅਤੇ ਮਸਤ ਹੋ ਕੇ ਸੇਵਾ ਵਿਚ ਲੱਗ ਗਿਆ ਤੇ ਪ੍ਰੇਮ-ਰਸ ਵਿਚ ਡੁੱਬ ਗਿਆ। ਨਾ ਕੁਝ ਮੂੰਹ 'ਚੋਂ ਬੋਲਦਾ ਤੇ ਨਾ ਕੰਨਾਂ ਨਾਲ ਸੁਣਦਾ। ਸੰਸਾਰਕ ਕਾਰ-ਵਿਹਾਰ ਸਭ ਛੱਡ ਦਿੱਤੇ। ਸੇਵਾ-ਸਾਧਨਾ ਨਾਲ ਉਤਸ਼ਾਹ ਪੈਦਾ ਹੋ ਗਿਆ ਤੇ ਅੰਤਰ-ਆਤਮਾ ਨਾਲ ਬਿਰਤੀ ਲਗਾ ਲਈ। ਹਿਰਦੇ ਵਿਚ ਪ੍ਰੇਮ ਦਾ ਪ੍ਰਵਾਹ ਵਹਿਣ ਲੱਗਾ। ਫਿਰ ਚਿੰਤਾ ਤੇ ਦੁਖ ਇਸ ਪ੍ਰਵਾਹ ਅੱਗੇ ਠਹਿਰ ਨਾ ਸਕੇ। ਦਿਨ-ਰਾਤ ਦੇ ਧਿਆਨ ਤੇ ਸੇਵਾ-ਸਾਧਨਾ ਕਰਕੇ ਸਤਿਗੁਰਾਂ ਨਾਲ ਪ੍ਰੇਮ-ਖਿੱਚ ਇੰਨੀ ਹੋ ਗਈ ਕਿ ਸਤਿਗੁਰਾਂ ਤੋਂ ਰਿਹਾ ਨਾ ਗਿਆ। "ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ" ਦੇ ਪਾਵਨ ਵਾਕ ਅਨੁਸਾਰ ਸੇਵਕ ਦੇ ਵੱਸ ਹੋ ਕੇ ਸਤਿਗੁਰਾਂ ਨੇ ਆਪਣਾ ਧਰਮ ਸੰਭਾਲਿਆ। ਗੰਗੂ ਸ਼ਾਹ ਨੂੰ ਕੋਲ ਸੱਦਿਆ ਤੇ ਬਚਨ ਕੀਤੇ, "ਹੇ ਗੰਗੂ ਸ਼ਾਹ, ਤੇਰੇ ਭਾਗ ਖੁਲ੍ਹ ਗਏ ਹਨ ਤੇ ਸਾਰੇ ਦੁਖ ਨਾਸ਼ ਹੋ ਗਏ ਹਨ":

ਅਤਿਸ਼ੈ ਖੈਂਚ ਪ੍ਰੇਮ ਜਬਿ ਕੀਨਿ।
ਰਹਜੋ ਗਯੋ ਨਹਿ ਗੁਰੂ ਪ੍ਰਬੀਨਿ ॥੩੯॥
ਦਾਸਨ ਕੇ ਬਸਿ ਬਿਰਦ ਸੰਭਾਰਾ।
ਵਸੀ ਪ੍ਰੇਮ ਤੇ ਨਿਕਟ ਹਕਾਰਾ।
ਮੁਸਕਾਨੇ ਗੁਰ ਬਾਕ ਬਖਾਨਾ।
'ਗੰਗੋ ਸ਼ਾਹੁ ਆਉ ਦੁਖ ਹਾਨਾ' ॥੪੦॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 54, ਪੰਨਾ 1559)

ਗੰਗੂ ਸ਼ਾਹ ਚਰਨੀਂ ਢਹਿ ਪਿਆ, ਅੱਖਾਂ 'ਚੋਂ ਨੀਰ ਵਹਿ ਤੁਰਿਆ, ਫਿਰ ਭਿੱਜੀਆਂ ਅੱਖਾਂ ਨਾਲ ਕਹਿਣ ਲੱਗਾ, "ਹੇ ਬਖ਼ਸ਼ੰਦ ਤੇ ਦੁਖ ਹਰਨ ਸਤਿਗੁਰੂ! ਮਾਇਆ ਵਿਚ ਮਸਤ ਹੋ ਕੇ ਮੈਂ ਆਪ ਤੋਂ ਬੇਮੁਖ ਹੋ ਗਿਆ ਸੀ। ਆਪਣਾ ਸੇਵਕ ਜਾਣ ਮੁਆਫ਼ ਕਰ ਦਿਉ ਤੇ ਦਾਸ ਸੇਵਕ ਨੂੰ ਆਪਣੇ ਪਾਵਨ ਮੁੱਖ ਤੋਂ ਕੁਝ ਬੋਲੋ ਤੇ ਚਰਨ ਕਮਲਾਂ ਵਿਚ ਰੱਖੋ।" ਇਹ ਸੁਣ ਕੇ ਸਤਿਗੁਰ ਜੀ ਕ੍ਰਿਪਾ ਦੇ ਰਸ ਵਿਚ ਭਰ ਗਏ ਤੇ ਇਕ ਛਿਨ ਵਿਚ ਉਸ ਨੂੰ ਨਿਹਾਲ ਕਰ ਦਿੱਤਾ।

ਸਤਿਗੁਰ ਜੀ ਨੇ ਗੰਗੂ ਸ਼ਾਹ ਨੂੰ ਗੁਰ-ਮੰਤਰ ਦਿੱਤਾ। ਰਹਿਮਤਾਂ ਕਰਦਿਆਂ ਮੰਜੀਦਾਰ ਬਣਾਇਆ ਤੇ ਆਗਿਆ ਕੀਤੀ ਕਿ ਹੁਣ ਜਾਉ ਤੇ ਗੁਰਸਿੱਖੀ ਦੀ ਰੀਤ ਚਲਾਉ। ਭਾਈ ਗੰਗੂ ਸ਼ਾਹ ਸਿਰਮੌਰ (ਹਿਮਾਚਲ ਪ੍ਰਦੇਸ਼) ਦੇ ਇਲਾਕੇ ਵਿਚ ਗਏ ਅਤੇ ਸਿੱਖ ਧਰਮ ਦਾ ਪ੍ਰਚਾਰ ਕੀਤਾ।

ਸੋ ਪੰਡਿਤੁ ਦਰਗਹ ਪਰਵਾਣੁ

ਸਤਿਗੁਰਾਂ ਦੀ ਚਰਨ ਸ਼ਰਨ ਜਾਣ ਨਾਲ ਹੀ ਸਹੀ ਮਾਰਗ-ਦਰਸ਼ਨ ਪ੍ਰਾਪਤ ਹੁੰਦਾ ਹੈ। ਐਸੀ ਹੀ ਇਕ ਸਾਖੀ ਪੰਡਿਤ ਬੇਣੀ ਪ੍ਰਸਾਦ ਦੀ ਹੈ। ਲਾਹੌਰ ਚੂਹਣੀਆਂ ਪਿੰਡ ਦਾ ਰਹਿਣ ਵਾਲਾ ਬੇਣੀ ਪ੍ਰਸਾਦ ਨਾਂ ਦਾ ਇਕ ਕਰਮ-ਕਾਂਡੀ ਪੰਡਿਤ ਸੀ। ਉਹ ਵਿੱਦਿਆ ਵਿਚ ਨਿਪੁੰਨ ਅਤੇ ਕਈ ਸ਼ਾਸਤਰ ਉਸ ਨੂੰ ਕੰਠ ਸਨ। ਉਹ ਚਰਚਾ ਕਰਨ ਵਿਚ ਬੜਾ ਮਾਹਿਰ ਸੀ ਅਤੇ ਆਪਣੀ ਵਿੱਦਿਆ ਦਾ ਉਸ ਨੂੰ ਬੜਾ ਹੰਕਾਰ ਸੀ। ਉਹ ਚਰਚਾ ਸਮੇਂ ਜਿੱਤ ਅਤੇ ਹਾਰ ਲਈ ਪੋਥੀਆਂ ਦਾਅ ਉੱਤੇ ਲਾਉਂਦਾ। ਉਸ ਦੀ ਵਿੱਦਿਆ ਕਰਕੇ ਧਨੀ ਲੋਕ ਉਸ ਨੂੰ ਦਾਨ ਵੀ ਦਿੰਦੇ ਸਨ। ਉਹ ਪੋਥੀਆਂ ਦਾ ਊਠ ਲੱਦ ਕੇ ਅਤੇ ਆਪਣੇ ਮਨ ਵਿਚ ਹੰਕਾਰ ਭਰ ਕੇ, ਇਧਰ-ਉਧਰ ਘੁੰਮਦਾ-ਫਿਰਦਾ ਰਹਿੰਦਾ ਤੇ ਕਹਿੰਦਾ ਕਿ ਮੈਂ ਸਾਰੀਆਂ ਦਿਸ਼ਾਵਾਂ ਵਿਚ ਜਿੱਤ ਪ੍ਰਾਪਤ ਕਰਾਂਗਾ।

ਕਰਨੀ ਰੱਬ ਦੀ, ਸਹਿਜ ਸੁਭਾਅ ਉਹ ਗੋਇੰਦਵਾਲ ਪੁੱਜ ਗਿਆ। ਉਥੇ ਉਸ ਨੇ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੀ ਮਹਿਮਾ ਸੁਣੀ, ਜੋ ਚਾਰੇ ਪਾਸੇ ਫੈਲੀ ਹੋਈ ਸੀ। ਉਸ ਦੇ ਮਨ ਵਿਚ ਗੁਰੂ ਦੇ ਦਰਸ਼ਨ ਕਰਨ ਦਾ ਉਤਸ਼ਾਹ ਪੈਦਾ ਹੋਇਆ। ਬਉਲੀ ਨੇੜੇ ਲੋਕ ਸਤਿਗੁਰਾਂ ਦੇ ਦਰਸ਼ਨ ਕਰ ਕੇ ਚਰਨ ਕਮਲਾਂ ਉੱਤੇ ਭੇਟਾਵਾਂ ਭੇਟ ਕਰ ਰਹੇ ਸਨ ਤੇ ਮਨ ਚਾਹਿਆ ਫਲ ਪ੍ਰਾਪਤ ਕਰ ਕੇ ਮੁਕਤੀ ਦੀਆਂ ਦਾਤਾਂ ਪ੍ਰਾਪਤ ਕਰ ਰਹੇ ਸਨ। ਪੰਡਤ ਬੇਣੀ ਵੀ ਉੱਠ ਕੇ ਸਤਿਗੁਰਾਂ ਕੋਲ ਆ ਗਿਆ। ਸਤਿਗੁਰਾਂ ਨੇ ਪ੍ਰਸੰਨਤਾ ਸਹਿਤ ਸੁੱਖ-ਸਾਂਦ ਪੁੱਛੀ। ਸਾਰੀ ਸੰਗਤ ਨੂੰ ਦੇਖ ਕੇ ਪੰਡਤ ਹੰਕਾਰ ਨਾਲ ਬੋਲਿਆ, "ਤੱਪ, ਤੀਰਥ-ਰਟਨ, ਵਰਤ ਆਦਿ ਮਨ ਨਿਰਮਲ ਕਰਦੇ ਹਨ ਪਰ ਇਹ ਤੁਹਾਡੇ ਧਰਮ 'ਚ ਨਹੀਂ, ਫਿਰ ਇਹ ਮੁਕਤੀ ਕਿਵੇਂ ਪਾਉਣਗੇ ? ਤੁਸੀਂ ਜੇ ਇਨ੍ਹਾਂ ਦਾ ਭਲਾ ਚਾਹੁੰਦੇ ਹੋ ਤਾਂ ਇਨ੍ਹਾਂ ਨੂੰ ਤਪੱਸਿਆ 'ਚ ਜੋੜੋ ਤੇ ਸ਼ਾਸਤਰਾਂ ਦਾ ਉਪਦੇਸ਼ ਦਿਉ।"

ਸਤਿਗੁਰ ਜੀ ਪੰਡਤ ਦੀਆਂ ਝੱਖ ਮਾਰੀਆਂ ਸੁਣਦੇ ਰਹੇ ਤੇ ਮੁਸਕਰਾਉਂਦੇ ਰਹੇ। ਉਹ ਬੋਲ ਹਟਿਆ ਤਾਂ ਪਾਤਸ਼ਾਹ ਜੀ ਨੇ ਫ਼ੁਰਮਾਇਆ ਕਿ "ਯੱਗ, ਤੱਪ ਆਦਿ ਦੇ ਕਰਮ ਤਾਂ ਪਹਿਲੇ ਜੁਗਾਂ (ਸਤਿਜੁਗ, ਤ੍ਰੇਤਾ, ਦੁਆਪਰ) ਦੇ ਧਰਮ ਸਨ। ਕਲਿਜੁਗ ਦੇ ਲੋਕ ਇਹ ਕਰਨ ਦੀ ਸਮਰੱਥਾ ਨਹੀਂ ਰੱਖਦੇ। ਨਾ ਯੱਗ

ਕਰਨ ਲਈ ਇਹਨਾਂ ਕੋਲ ਧਨ ਹੈ ਤੇ ਨਾ ਭੋਜਨ ਤੋਂ ਬਿਨਾਂ ਇਹ ਰਹਿ ਸਕਦੇ ਹਨ। ਇਨ੍ਹਾਂ ਦਾ ਸਾਰਾ ਦਿਨ ਉਪਜੀਵਕਾ ਲਈ ਦੌੜਦਿਆਂ ਲੰਘ ਜਾਂਦਾ ਹੈ। ਫਿਰ ਇਹ ਕਰਮ-ਕਾਂਡ ਕਰਨ ਲੱਗ ਜਾਣ ਤਾਂ ਪੂਰੇ ਨਹੀਂ ਹੋਣਗੇ ਕਿਉਂਕਿ ਖਾਣ-ਪੀਣ ਦੇ ਢੰਗ ਕਰਕੇ ਪਵਿੱਤਰਤਾ ਆਦਿ ਰੱਖਣਾ ਔਖਾ ਕਾਰਜ ਹੈ। ਕਰਮ-ਕਾਂਡ ਨਾਲ ਅਬਿਚਲ (ਸਥਾਈ) ਪਦਵੀ ਨੂੰ ਨਹੀਂ ਪਾਇਆ ਜਾ ਸਕਦਾ। ਸ਼ੁਭ ਕਰਮ ਜੋ ਤੁਸੀਂ ਦੱਸੇ ਹਨ, ਇਹ ਸਭ ਹੰਕਾਰ ਵਾਲੇ ਹਨ। ਇਹ ਕਰਨ ਨਾਲ ਦੁਖ ਜ਼ਿਆਦਾ ਤੇ ਸੁਖ ਘੱਟ ਮਿਲਦਾ ਹੈ। ਇਹ ਸਾਰੇ ਨਸ਼ਟ ਹੋ ਜਾਣ ਵਾਲੇ ਹਨ।" ਸਤਿਗੁਰਾਂ ਹੋਰ ਅੱਗੇ ਕਿਹਾ ਕਿ "ਸਤਿਨਾਮ ਦਾ ਸਿਮਰਨ ਕਰਨ ਨਾਲ ਸਭ ਸ੍ਰੇਸ਼ਟ ਭੋਗਾਂ ਤੋਂ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਪ੍ਰਭੂ ਦਾ ਨਾਮ ਲੈਣ ਤੇ ਸੁਣਨ ਨਾਲ ਭਗਤੀ ਦੀ ਬਹੁਤ ਵਡਿਆਈ ਹੈ। ਕਲਿਜੁਗ ਵਿਚ ਇਸ ਦੇ ਤੁਲ ਹੋਰ ਕੋਈ ਵਡਿਆਈ ਨਹੀਂ ਹੈ":

ਸੱਤਿਨਾਮ ਕੋ ਸਿਮਰਨ ਸਾਰ।
ਭੁਕਤਿ ਮੁਕਤਿ ਦੇ ਮਹਿਦ ਉਦਾਰ।
ਸਿਮਰਨ ਸ੍ਵਨ ਭਗਤਿ ਬਡਿਆਈ।
ਇਸ ਸਮ ਕਲਿ ਨਹਿਂ ਆਨ ਬਡਾਈ ॥੨੨॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 62, ਪੰਨਾ 1595)

"ਨਾਮ ਤੋਂ ਬਿਨਾਂ ਤੱਪ, ਵਰਤ ਆਦਿ ਝੂਠੇ ਤੇ ਫੋਕੇ ਹਨ। ਹੋਰ ਕਰਮ-ਕਾਂਡ ਨਾਲ ਹੰਕਾਰ ਵੱਧਦਾ ਹੈ ਤੇ ਇਹ ਸਭ ਉਲਟੇ ਪੈਂਦੇ ਹਨ ਤੇ ਸਗੋਂ ਜਨਮ-ਮਰਨ ਦੇ ਚੱਕਰ ਹੋਰ ਪੈ ਜਾਂਦੇ ਹਨ। ਇਹ ਹੰਕਾਰ ਔਗੁਣਾਂ ਦੀ ਜੜ੍ਹ ਹੈ। ਸਿਮਰਨ ਨਾਲ ਹੰਕਾਰ ਖ਼ਤਮ ਹੋ ਜਾਂਦਾ ਹੈ। ਤੁਸੀਂ ਆਪ ਤਾਂ ਵਿੱਦਿਆ ਦੀ ਮਸ਼ਾਲ ਫੜੀ ਹੋਈ ਹੈ ਫਿਰ ਵੀ ਅੰਧਕਾਰ ਵਿਚ ਹੋ ਤੇ ਹੋਰਨਾਂ ਨੂੰ ਕਹਿੰਦੇ ਹੋ ਕਿ ਜਗਤ ਤੋਂ ਪਾਰ ਹੋ ਜਾਉ। ਤੁਸਾਂ ਮਨ ਵਿਚ ਵਿੱਦਿਆ ਦਾ ਹੰਕਾਰ ਤੇ ਤਿੰਨਾਂ ਲੋਕਾਂ ਨੂੰ ਜਿੱਤਣ ਦਾ ਸੰਕਲਪ ਵੀ ਕੀਤਾ ਹੋਇਆ ਹੈ। ਵੱਡਾ ਵੈਰੀ ਮਨ ਤਾਂ ਤੁਸੀਂ ਜਿੱਤ ਨਹੀਂ ਸਕੇ। ਹੋਰਨ੍ਹਾਂ ਨੂੰ ਜਿੱਤ ਕੇ ਕੀ ਫਲ ਪਾ ਲਿਆ ? ਸਤਿਨਾਮ ਦਾ ਸਿਮਰਨ ਕਰਨ ਨਾਲ ਹੰਕਾਰ ਮੁਕਤ ਹੋ ਕੇ ਸਾਡੇ ਤਾਂ ਹਜ਼ਾਰਾਂ ਸਿੱਖ ਤਰ ਗਏ ਹਨ। ਬ੍ਰਾਹਮਣ ਤੇ ਪੰਡਤ ਤਾਂ ਥਿਤਾਂ, ਵਾਰਾਂ, ਯੱਗ, ਵਰਤ ਆਦਿ ਦੀਆਂ ਗਿਣਤੀਆਂ-ਮਿਣਤੀਆਂ ਦੀ ਚਿੰਤਾ ਵਿਚ ਡੁੱਬੇ ਹੋਏ ਹੋਣ ਕਰਕੇ, ਹਿਰਦੇ ਦੇ ਹੰਕਾਰ ਦੀ ਧਾਰਾ ਵਿਚ ਰੁੜ੍ਹ ਜਾਂਦੇ ਹਨ। ਹੰਕਾਰ ਰਹਿਤ ਮਨੁੱਖ ਆਤਮ-ਪਦ ਨੂੰ ਪ੍ਰਾਪਤ ਕਰਦੇ ਹਨ। ਸਤਿਨਾਮ ਦਾ ਸਿਮਰਨ ਪਾਪਾਂ ਨੂੰ ਦੂਰ ਕਰਦਾ ਹੈ। ਇਸ ਲਈ ਗੁਰਬਾਣੀ ਰਾਹੀਂ ਨਿਮਰਤਾ ਨਾਲ ਸਭ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ":

ਨਿਰ ਹੰਕਾਰ ਪਰਮਪਦ ਪਾਵੈ।
ਸੱਤਜਨਾਮ ਜਪ ਦੋਸ਼ ਨਸਾਵੈ।
ਯਾਂਤੇ ਜਥਾ ਜੋਗ ਗੁਰ ਬਾਨੀ।
ਮੈਂ ਪਾਵੌਂ ਕਛੁ ਹੁਇ ਨਿਰਮਾਨੀ॥੨੯॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 62, ਪੰਨਾ 1596)

ਸਤਿਗੁਰਾਂ ਦੇ ਪਾਵਨ ਬਚਨ ਸੁਣ ਕੇ ਪੰਡਤ ਬੇਣੀ ਦੇ ਕਪਾਟ ਖੁਲ੍ਹ ਗਏ ਤੇ ਕਿਹਾ ਕਿ "ਮੈਂ ਵਿੱਦਿਆ ਪੜ੍ਹ ਕੇ ਵਿਚਾਰੀ ਹੈ ਅਤੇ ਇਸ ਦਾ ਹੰਕਾਰ ਕੀਤਾ ਹੈਂ। ਪ੍ਰਭੂ-ਭਗਤੀ ਨਹੀਂ ਕੀਤੀ। ਕਰਮ-ਕਾਂਡ ਹੀ ਮੈਂ ਕਰਦਾ ਰਿਹਾ ਹਾਂ। ਸਤਿਸੰਗਤ ਤੇ ਪ੍ਰਭੂ ਦੇ ਮਾਰਗ ਬਾਰੇ ਨਹੀਂ ਜਾਣਿਆ":

ਯਾਂਤੇ ਹਰਿ ਕੀ ਭਗਤਿ ਨ ਹੋਈ।
ਕਰਤਿ ਰਹਯੋ ਖਟ ਕਰਮ ਜਿ ਸੋਈ।
ਚਰਚਾ ਕਰਿ ਮਿਥਯਾ ਅਭਿਮਾਨੀ।
ਸਤਿਸੰਗਤਿ ਪ੍ਰਭੁ ਗਤਿ ਨਹਿ ਜਾਨੀ॥੩੧॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 62, ਪੰਨਾ 1596)

ਪੰਡਤ ਬੇਣੀ ਸਤਿਗੁਰਾਂ ਦੇ ਚਰਨਾਂ 'ਤੇ ਢਹਿ ਪਿਆ ਤੇ ਬੋਲਿਆ, "ਤਿੰਨਾਂ ਲੋਕਾਂ ਦੀ ਸੋਝੀ ਦੇਣ ਵਾਲੇ ਸਤਿਗੁਰ ਜੀਉ! ਮੈਂ ਨਿਰੰਕਾਰ ਦਾ ਮਾਰਗ ਜਾਣ ਲਿਆ ਹੈ। ਆਪਣੇ ਅੰਤਰ-ਆਤਮੇ ਧਿਆਨ ਮਾਰ ਲਿਆ ਹੈ। ਹੁਣ ਕਿਰਪਾ ਕਰੋ ਅਤੇ ਮੈਨੂੰ ਨਾਮ-ਦਾਨ ਬਖ਼ਸ਼ੋ ਅਤੇ ਮੇਰੇ ਵੱਡੇ ਦੁੱਖਾਂ ਕਲੇਸ਼ਾਂ ਦਾ ਨਾਸ਼ ਕਰ ਦਿਉ। ਮਨ ਵਿਚ ਪੰਜ ਵਿਕਾਰ ਕਿਵੇਂ ਕਾਬੂ ਆ ਸਕਦੇ ਹਨ ? ਮਨ ਸਵੱਛ ਕਿਵੇਂ ਹੋਵੇਗਾ ?" ਪੰਡਤ ਦੀ ਅਰਜ਼ ਸੁਣ ਕੇ ਦਇਆ ਦੀ ਮੂਰਤ ਭਵਜਲ ਤੋਂ ਪਾਰ-ਉਤਾਰਾ ਕਰਾਉਣ ਵਾਲੇ ਧੰਨ ਗੁਰੂ ਅਮਰਦਾਸ ਜੀ ਨੇ ਫ਼ੁਰਮਾਨ ਕੀਤਾ :

ਮਲਾਰ ਮਹਲਾ ੩ ਘਰੁ ੨ ੧ੴ ਸਤਿਗੁਰ ਪ੍ਰਸਾਦਿ॥
ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ॥
ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ॥
ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ॥
ਇਸੁ ਮਨ ਕਉ ਮਮਤਾ ਕਿਥਹੁ ਲਾਗੀ॥੧॥
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ॥
ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ॥੧॥ਰਹਾਉ॥
ਮਾਇਆ ਮਮਤਾ ਕਰਤੈ ਲਾਈ॥
ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ॥
ਗੁਰ ਪਰਸਾਦੀ ਬੂਝਹੁ ਭਾਈ॥
ਸਦਾ ਰਹਹੁ ਹਰਿ ਕੀ ਸਰਣਾਈ॥੨॥

ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥
ਅਨਦਿਨੁ ਏਕੋ ਨਾਮੁ ਵਖਾਣੈ ॥
ਸਤਿਗੁਰ ਕੀ ਓਹੁ ਦੀਖਿਆ ਲੇਇ ॥
ਸਤਿਗੁਰ ਆਗੈ ਸੀਸੁ ਧਰੇਇ ॥
ਸਦਾ ਅਲਗੁ ਰਹੈ ਨਿਰਬਾਣੁ ॥
ਸੋ ਪੰਡਿਤੁ ਦਰਗਹ ਪਰਵਾਣੁ ॥੩॥ *(ਪੰਨਾ 1261)*

ਗੁਰਬਾਣੀ ਦੇ ਇਹ ਪਾਵਨ ਬੋਲ ਸੁਣ ਕੇ ਪੰਡਤ ਬੇਣੀ ਦਾ ਮਨ ਤਨ ਸਾਫ਼ ਹੋ ਗਿਆ। ਕਰਮ-ਕਾਂਡਾਂ ਦੀ ਵਿਅਰਥਤਾ ਤੇ ਨਾਮ ਮਹਿਮਾ ਦੀ ਸੋਝੀ ਹੋ ਗਈ। ਬੈਠੇ ਬੈਠੇ ਸਮਾਧੀ ਲੱਗ ਗਈ। ਸਤਿਗੁਰਾਂ ਨੇ ਪੰਡਤ ਬੇਣੀ ਦੀ ਹਾਲਤ ਵੇਖ ਕੇ ਕਿਹਾ, "ਹੇ ਪੰਡਤ, ਤੂੰ ਧੰਨ ਹੈਂ, ਤੂੰ ਦੁੱਖਾਂ ਤੋਂ ਛੁਟਕਾਰਾ ਪਾ ਲਿਆ ਹੈ।" ਪੰਡਤ ਬੇਣੀ ਦਾ ਮਨ ਅਨੰਦ ਮਗਨ ਸੀ ਤੇ ਸਤਿਗੁਰ ਨੂੰ ਭਿੱਜੀਆਂ ਅੱਖਾਂ ਨਾਲ ਕਿਹਾ, "ਹੇ ਸਤਿਗੁਰ ਜੀਉ! ਤੁਸੀਂ ਭਗਤੀ ਦ੍ਰਿੜ੍ਹਾਉਣ ਲਈ ਹੀ ਅਵਤਾਰ ਧਾਰਿਆ ਹੈ, ਤੁਹਾਡੀ ਮਹਿਮਾ ਤੁਹਾਨੂੰ ਹੀ ਸ਼ੋਭਦੀ ਹੈ":

ਤਬਿ ਬੇਨੀ ਮਨ ਆਨੰਦ ਪਾਵਾ।
ਸਤਿਗੁਰ ਸੁਜਸ ਅਨਿਕ ਬਿਧਿ ਗਾਵਾ।
'ਭਗਤਿ ਹੇਤਿ ਅਵਤਾਰ ਗੁਸਾਈਂ।
ਮਹਿਮਾ ਤੁਮਰੀ ਤੁਮ ਬਨਿ ਆਈ' ॥੩੯॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 62, ਪੰਨਾ 1597)

ਜੋ ਗੁਰ ਮਗ ਕੋ ਮਿਲ ਢੂਲ ਚਲੇ

ਦੁਖ-ਹਰਨ ਸਤਿਗੁਰ ਜੀ ਦੀ ਹਜ਼ੂਰੀ ਵਿਚ ਜੋ ਵੀ ਜੀਵ ਆਉਂਦਾ ਹੈ ਤੇ ਸੇਵਾ ਕਰ ਕੇ ਜਦੋਂ ਸਾਹਿਬਾਂ ਦੀ ਕਿਰਪਾ ਦਾ ਪਾਤਰ ਬਣ ਜਾਂਦਾ ਹੈ ਤਾਂ ਉਸ ਦੇ ਸਭ ਦੁਖ ਕਲੇਸ਼ ਦੂਰ ਹੋ ਜਾਂਦੇ ਹਨ। ਲਾਹੌਰ ਦੇ ਖਾਈ ਪਿੰਡ ਦਾ ਵਸਨੀਕ ਪ੍ਰੇਮਾ ਜੋ ਯਤੀਮਾਂ ਦੀ ਤਰ੍ਹਾਂ ਰਹਿ ਰਿਹਾ ਸੀ, ਮਾਤਾ-ਪਿਤਾ ਮਰ ਚੁੱਕੇ ਸਨ ਤੇ ਨਾ ਕੋਈ ਹੋਰ ਭੈਣ-ਭਰਾ ਸੀ। ਉਸ ਦੇ ਸਰੀਰ ਨੂੰ ਕੋਹੜ ਪੈ ਗਿਆ। ਉਸ ਦੇ ਹੱਥ ਪੈਰ ਗਲ਼ ਗਏ। ਜ਼ਖ਼ਮਾਂ ਦੁਆਲੇ ਮੱਖੀਆਂ ਝੁਰਮਟ ਪਾਈ ਰੱਖਦੀਆਂ। ਕੋਈ ਉਸ ਨੂੰ ਨੇੜੇ ਖੜਾ ਨਾ ਹੋਣ ਦਿੰਦਾ। ਵੇਖ ਕੇ ਲੋਕਾਂ ਨੂੰ ਗਲਿਆਨ ਆਉਂਦੀ ਸੀ। ਕੋਈ ਦੇਖਦਾ ਤੱਕ ਨਹੀਂ ਸੀ ਤੇ ਲੋਕ ਉਸ ਨੂੰ ਨਫ਼ਰਤ ਕਰਦੇ ਸਨ। ਕੋਈ ਰਹਿਮ ਦਿਲ ਤਰਸ ਖਾ ਕੇ ਰੋਟੀ ਦੂਰੋਂ ਹੀ ਸੁੱਟ ਦਿੰਦਾ ਸੀ। ਉਹ ਘਿਸਰ-ਘਿਸਰ ਕੇ ਚੱਲਦਾ ਅਤੇ ਦਿਨ ਰਾਤ ਦੁਖ ਵਿਚ ਕੁਰਲਾਉਂਦਾ ਰਹਿੰਦਾ। ਇਕ ਦਿਨ ਪ੍ਰੇਮੇ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਮਹਿਮਾ ਸੁਣੀ ਤਾਂ ਉਸ ਨੂੰ ਇੰਜ ਮਹਿਸੂਸ ਹੋਇਆ ਕਿ ਉਸ ਦੇ ਹੁਣ ਦੁਖ ਕੱਟੇ ਜਾਣਗੇ। ਫਿਰ ਉਹ ਕਿਸੇ ਨਾ ਕਿਸੇ ਤਰ੍ਹਾਂ ਗੋਇੰਦਵਾਲ ਪਹੁੰਚ ਗਿਆ। ਗੁਰੂ ਕੇ ਲੰਗਰ ਦੇ ਨੇੜੇ ਪਿਆ ਰਹੇ। ਰਾਗ, ਕਵਿਤਾ, ਸ਼ਬਦ ਤਾਂ ਉਹ ਜਾਣਦਾ ਨਹੀਂ ਸੀ ਪਰ ਸਤਿਗੁਰਾਂ ਦੇ ਪ੍ਰੇਮ ਵਿਚ ਰੱਤਾ 'ਗਇਆ ਕਛੋਟਾ ਲੱਧਾ ਨੀ, ਮੈ ਗਇਆ ਕਛੋਟਾ ਲੱਧਾ' ਗਾਉਂਦਾ ਰਹਿੰਦਾ। ਜਿਸ ਦਾ ਭਾਵ ਸੀ ਕਿ ਮੈਨੂੰ ਗਵਾਚਿਆ ਸਰੀਰ ਮੁੜ ਲੱਭ ਗਿਆ ਹੈ। ਲੋਕ ਇਹ ਸੁਣ ਕੇ ਆਪਸ ਵਿਚ ਹੱਸਦੇ ਤੇ ਉਸ ਨੂੰ ਖਾਣਾ-ਪਾਣੀ ਲਿਆ ਕੇ ਦੇ ਦਿੰਦੇ। ਪਰ ਉਹ ਹਿਰਦੇ ਵਿਚ ਸਤਿਗੁਰ ਨੂੰ ਰੀਝ ਨਾਲ ਯਾਦ ਕਰਦਾ ਤੇ ਸਤਿਗੁਰਾਂ ਦੇ ਦਰਸ਼ਨਾਂ ਲਈ ਉਸ ਦੇ ਅੰਦਰ ਬਹੁਤ ਉਤਸ਼ਾਹ ਉੱਮਡਦਾ। ਸਤਿਗੁਰ ਜੀ ਤਾਂ ਜਾਣੀ-ਜਾਣ ਸਨ। ਫਿਰ ਵੀ ਸੰਗਤਾਂ ਨੇ ਸਤਿਗੁਰਾਂ ਨੂੰ ਬੇਨਤੀ ਕੀਤੀ, "ਪਾਤਸ਼ਾਹ ਜੀਓ! ਇਕ ਕੋਹੜੀ ਦੁਆਰੇ ਬੈਠਾ ਕੁਝ ਬੋਲਦਾ ਰਹਿੰਦਾ ਹੈ। ਸਾਨੂੰ ਤਾਂ ਸਮਝ ਨਹੀਂ ਆਉਂਦੀ ਤੇ ਉਸ ਦੇ ਮਨ ਵਿਚ ਆਪ ਦੇ ਦਰਸ਼ਨਾਂ ਲਈ ਬਹੁਤ ਚਾਹ ਹੈ।" ਪਾਤਸ਼ਾਹ ਨੇ ਕਿਹਾ, "ਮੈਂ ਉਸ ਦੇ ਪ੍ਰੇਮ ਨੂੰ ਜਾਣਦਾ ਹਾਂ ਤੇ ਇਸੇ ਹੀ ਪ੍ਰੇਮ ਸਦਕਾ ਮੁਕਤੀ ਪ੍ਰਾਪਤ ਹੁੰਦੀ ਹੈ।" ਇਸ ਤਰ੍ਹਾਂ ਸਮਾਂ ਗੁਜ਼ਰਦਾ ਗਿਆ। ਕਈ ਵਾਰ ਪ੍ਰੇਮ ਵਿਚ ਪ੍ਰੇਮਾ

ਆਪਣੀ ਸੁੱਧ-ਬੁੱਧ ਵੀ ਗਵਾ ਲੈਂਦਾ। ਸੁਭਾਗਾ ਸਮਾਂ ਆਇਆ, ਅੰਤਰਜਾਮੀ ਤੇ ਸਰਬ ਕਲਾ ਸਮਰੱਥ ਸਤਿਗੁਰੂ ਪ੍ਰੇਮੇ ਦੀ ਪ੍ਰੇਮਾ-ਭਗਤੀ ਤੋਂ ਪ੍ਰਸੰਨ ਹੋ ਗਏ :

ਤਿਸ ਉਰ ਕੀ ਲਖਿ ਅੰਤਰਜਾਮੀ।
ਸਰਬ ਕਲਾ ਸਮਰਥ ਗੁਰ ਸ੍ਵਾਮੀ।
ਜਾਨਯੋ ਭਗਤ ਪ੍ਰੇਮ ਜਿਹ ਜਾਗਾ।
ਅਪਰ ਆਸਰੋ ਮਨ ਕਰਿ ਤਯਾਗਾ॥੫੧॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 60, ਪੰਨਾ 1585)

ਨਿਥਾਵਿਆਂ ਦੇ ਥਾਨੁ ਤੇ ਨਿਮਾਣਿਆਂ ਦੇ ਮਾਣ ਨੇ ਆਪਣਾ ਬਿਰਦ ਪਛਾਣ ਲਿਆ। ਸਤਿਗੁਰ ਜੀ ਦਰਬਾਰ ਵਿਚ ਬੈਠੇ ਸਨ ਤਾਂ ਸੰਗਤ ਨੂੰ ਕਿਹਾ, "ਭਾਈ ਪ੍ਰੇਮੇ ਨੂੰ ਇਥੇ ਲੈ ਆਵੋ। ਸਾਡੇ ਇਸ਼ਨਾਨ ਲਈ ਜਿਹੜਾ ਜਲ ਇਕੱਠਾ ਕੀਤਾ ਹੋਇਆ ਹੈ, ਉਸ ਨੂੰ ਉਥੇ ਲਿਜਾ ਕੇ ਇਸ਼ਨਾਨ ਕਰਾਉ ਅਤੇ ਬਸਤਰ ਪਹਿਨਾਉ।" ਸਿੱਖਾਂ ਨੇ ਇਸ਼ਨਾਨ ਕਰਾ ਕੇ ਉਸ ਨੂੰ ਢੱਕ ਕੇ ਸਤਿਗੁਰਾਂ ਦੀ ਸ਼ਰਨ 'ਚ ਲਿਆਂਦਾ। ਕ੍ਰਿਪਾਲੂ ਸਤਿਗੁਰਾਂ ਨੇ ਦਇਆ ਦੀ ਦ੍ਰਿਸ਼ਟੀ ਨਾਲ ਵੇਖ ਕੇ ਉਸ ਦਾ ਮੂੰਹ ਬਾਹਰ ਕੱਢਿਆ। ਨਿਰੰਕਾਰੀ ਕਿਰਣਾਂ ਜਿਉਂ ਹੀ ਪਾਈਆਂ, ਉਸੇ ਵੇਲੇ ਉਸ ਦਾ ਸਰੀਰ ਅਰੋਗ ਤੇ ਸੁੰਦਰ ਬਣ ਗਿਆ। ਸਤਿਗੁਰ ਜੀ ਨੇ ਉਸ ਨੂੰ ਆਪਣੇ ਹੱਥੀਂ ਨਵੇਂ ਕੱਪੜੇ ਪਹਿਨਾਏ :

ਦ੍ਰਿਸ਼ਟਿ ਪਰੀ ਸਤਿਗੁਰ ਕੀ ਜਬੈ।
ਤਨ ਅਰੋਗ ਭਾ ਸੁੰਦਰ ਤਬੈ।
ਨਿਜ ਕਰਤੇ ਪੁਨ ਬਸਤ੍ਰ ਦਏ ਹੈਂ।
ਸਭਿ ਨਵੀਨ ਪਹਿਰਾਇ ਦਏ ਹੈਂ॥੫੭॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 60, ਪੰਨਾ 1585)

ਫਿਰ ਸਤਿਗੁਰਾਂ ਨੇ ਰਹਿਮਤਾਂ ਦੀ ਝੜੀ ਲਾ ਦਿੱਤੀ। ਉਸ ਨੂੰ ਗੁਰ-ਮੰਤਰ ਦਿੱਤਾ ਤੇ ਨਾਮ ਮੁਰਾਰੀ ਰੱਖ ਦਿੱਤਾ। ਸੱਚੇ ਪਾਤਸ਼ਾਹ ਜੀ ਨੇ ਸਾਰੀ ਸੰਗਤ ਵਿਚ ਆਖਿਆ, "ਜਿਸ ਕਿਸੇ ਸਿੱਖ ਘਰ ਪੁੱਤਰੀ ਹੈ, ਉਹ ਸਾਡੀ ਆਗਿਆ ਨਾਲ ਇਸ ਨੂੰ ਦੇ ਦੇਵੇ (ਭਾਵ, ਵਿਆਹ ਦੇਵੇ) ਤਾਂ ਉਹ ਲੋਕ ਪ੍ਰਲੋਕ ਦੇ ਅਨੰਦ ਮਾਣੇਗਾ।" ਭਾਈ ਸ਼ੀਹਾਂ ਉੱਪਲ ਜੱਟ ਉੱਚੀ ਕੁੱਲ ਵਾਲਾ ਉੱਠਿਆ ਤੇ ਬੇਨਤੀ ਕੀਤੀ, "ਹੇ ਪਾਤਿਸ਼ਾਹ! ਮੇਰੇ ਘਰ ਵਰ ਨੂੰ ਪ੍ਰਾਪਤ ਹੋਣ ਵਾਲੀ ਪੁੱਤਰੀ ਹੈ, ਇਸੇ ਨਾਲ ਵਿਆਹ ਦਿਉ।" ਤੁਰੰਤ ਹੀ ਪ੍ਰੇਮ ਸਹਿਤ ਮੁਰਾਰੀ ਨਾਲ ਫੇਰੇ ਕਰਵਾ ਦਿੱਤੇ ਤੇ ਪਾਤਸ਼ਾਹ ਨੇ ਨਾਲ ਉਨ੍ਹਾਂ ਨੂੰ ਸੁੱਖਾਂ ਦੇ ਭੋਗ ਤੇ ਮੁਕਤੀ ਬਖ਼ਸ਼ ਦਿੱਤੀ। ਐਸੀ ਸਤਿਗੁਰਾਂ ਦੀ ਬਖ਼ਸ਼ਿਸ਼, ਇਕ ਘੜੀ 'ਚ ਨਰਕ ਭੋਗ ਰਹੇ ਜੀਵ ਲਈ ਸਵਰਗ ਬਣਾ ਦਿੱਤਾ। ਇਕ ਤਨ ਅਰੋਗ, ਫਿਰ ਘਰ ਸੁਖ ਮਾਨਣ ਲਈ ਸੁੰਦਰ ਇਸਤਰੀ ਮਿਲ ਗਈ। ਭਾਈ ਸ਼ੀਹੇਂ ਦੀ ਪਤਨੀ ਨੂੰ ਇਸ

ਵਿਆਹ ਬਾਰੇ ਪਤਾ ਲੱਗਾ ਤਾਂ ਉਸ ਨੇ ਕਿਹਾ, "ਹੇ ਧੀਰਜਵਾਨ ਪ੍ਰਭੂ ਜੀਉ! ਤੁਸੀਂ ਇਕ ਮਾਤਾ-ਪਿਤਾ ਤੇ ਕੁਲਹੀਨ, ਬੇਨਾਵੇਂ ਤੇ ਕੋਹੜੀ ਨੂੰ ਮੇਰੀ ਪੁੱਤਰੀ ਵਿਆਹ ਦਿੱਤੀ ਹੈ।" ਤਾਂ ਇਹ ਸੁਣ ਕੇ ਕਿਰਪਾ ਦੇ ਰੰਗ ਵਿਚ ਰੰਗੇ ਹੋਏ ਧੰਨ ਗੁਰੂ ਅਮਰਦਾਸ ਜੀ ਮੁਸਕਰਾ ਪਏ ਤੇ ਬੋਲੇ, "ਇਸ ਨੂੰ ਮੇਰਾ ਪੁੱਤਰ ਜਾਣੋ, ਜਿਸ ਨਾਲ ਤੁਹਾਡੀ ਪੁੱਤਰੀ ਦਾ ਵਿਆਹ ਕੀਤਾ ਹੈ। ਇਸ ਪੁੱਤਰੀ ਦਾ ਨਾਂ ਮੱਥੋ ਹੈ ਤੇ ਇਸ ਦਾ ਨਾਂ ਮੁਰਾਰੀ ਹੈ। ਜੋ ਵੀ 'ਮੱਥੋ ਮੁਰਾਰੀ' ਦਾ ਨਾਮ ਉਚਾਰਨਗੇ, ਉਸ ਦੇ ਸਾਰੇ ਕਾਰਜ ਪੂਰੇ ਹੋਣਗੇ। ਲੋਕ ਮੱਥੋ ਮੁਰਾਰੀ ਦੀ ਪੂਜਾ ਕਰਨਗੇ। ਇਹ ਦੋਵੇਂ ਭਾਗਾਂ ਵਾਲੇ ਬਣ ਗਏ ਹਨ। ਮਨ ਵਿੱਚੋਂ ਚਿੰਤਾ ਤੇ ਗ਼ਮ ਭੁਲਾ ਦਿਉ।" ਫਿਰ ਮੱਥੋ ਮੁਰਾਰੀ ਨੂੰ ਮੰਜੀਦਾਰ ਥਾਪਦਿਆਂ ਬਚਨ ਕੀਤਾ, "ਹੇ ਭਾਈ ਮੱਥੋ-ਮੁਰਾਰੀ, ਤੁਸੀਂ ਹੁਣ ਚਲੇ ਜਾਉ ਤੇ ਗੁਰੂ ਦੀ ਸਿੱਖੀ ਦਾ ਵਾਧਾ ਕਰੋ, ਆਪਣੇ ਘਰ ਵੱਸੋ ਤੇ ਹਮੇਸ਼ਾ ਸੁੱਖਾਂ ਦੀ ਪ੍ਰਾਪਤੀ ਕਰੋ":

ਮਥੋ ਮੁਰਾਰੀ ਅਬਿ ਤੁਮ ਜਾਵਹੁ।
ਸੱਤਜ ਨਾਮ ਉਪਦੇਸ਼ ਦ੍ਰਿੜਾਵਹੁ।
ਗੁਰਸਿੱਖੀ ਜਗ ਅਧਿਕ ਬ੍ਰਿਧਾਵਹੁ।
ਨਿਜ ਗ੍ਰਿਹਿ ਬਸਹੁ ਸਦਾ ਸੁਖ ਪਾਵਹੁ ॥੭੨॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 60, ਪੰਨਾ 1587)

ਪਾਤਸ਼ਾਹ ਨੇ ਹੋਰ ਰਹਿਮਤਾਂ ਕਰਦਿਆਂ ਕਿਹਾ ਕਿ "ਜੋ ਤੁਹਾਨੂੰ ਮਿਲੇਗਾ, ਉਸ ਦਾ ਸੰਸਾਰ ਤੋਂ ਪਾਰ-ਉਤਾਰਾ ਹੋ ਜਾਵੇਗਾ":

ਤੁਝਿ ਸੋਂ ਮਿਲੈ ਸੁ ਭਵਜਲ ਤਰੈ॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 60, ਪੰਨਾ 1587)

ਇਸ ਤਰ੍ਹਾਂ ਭਾਈ ਮੱਥੋ ਮੁਰਾਰੀ ਆਪਣੇ ਘਰ ਰਹਿ ਕੇ ਸਤਿਗੁਰਾਂ ਦੀ ਮਹਿਮਾ ਕਰਨ ਲੱਗਾ। ਜਿਹੜਾ ਵੀ ਉਸ ਨੂੰ ਮਿਲਿਆ, ਉਹ ਸੁਖੀ ਹੋ ਗਿਆ। ਸਤਿਗੁਰਾਂ ਨੇ ਇਸ ਤਰ੍ਹਾਂ ਦੀਨ-ਦੁਖੀਆਂ ਦੇ ਕਾਰਜ ਕੀਤੇ ਹਨ। ਇਸੇ ਲਈ ਸਤਿਗੁਰ ਅਮਰਦਾਸ ਜੀ ਨੂੰ ਦੀਨ-ਦੁਖੀਆਂ ਉੱਤੇ ਦਇਆ ਕਰਨ ਵਾਲਾ ਕਿਹਾ ਜਾਂਦਾ ਹੈ। ਇਸ ਬਾਬਾਣੀ ਕਹਾਣੀ ਦਾ ਅੰਤ ਸਾਰ ਇਹ ਹੈ ਕਿ ਜੋ ਗੁਰੂ ਜੀ ਦੇ ਮਾਰਗ 'ਤੇ ਨਿਮਰਤਾ ਨਾਲ ਮਿਲ ਕੇ ਚੱਲੇਗਾ, ਉਸ ਨੂੰ ਸੁਖ, ਭੋਗ ਤੇ ਮੁਕਤੀ ਦੀ ਪ੍ਰਾਪਤੀ ਹੋਵੇਗੀ:

ਜੋ ਗੁਰ ਮਗ ਕੋ ਮਿਲਿ ਢੁਲਿ ਚਲੇ।
ਕਿਉਂ ਨਹਿਂ ਭੁਗਤਿ ਮੁਕਤਿ ਫਲ ਫਲੇ।

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 60, ਪੰਨਾ 1583)

ਤੇਰੀ ਘਾਲਿ ਪਰੀ ਅਬਿ ਥਾਇੰ

ਸਤਿਗੁਰੂ ਦੀ ਕ੍ਰਿਪਾਲ ਦ੍ਰਿਸ਼ਟੀ, ਇਕ ਬੂੰਦ ਨੂੰ ਮਹਾਨ ਸਾਗਰ ਬਣਾ ਦਿੰਦੀ ਹੈ। ਜਿਸ ਵੀ ਜੀਵ 'ਤੇ ਸਤਿਗੁਰ ਜੀ ਨੇ ਕਿਰਪਾ ਕੀਤੀ, ਉਹ ਨਿਹਾਲ ਹੋ ਗਿਆ, ਉਨ੍ਹਾਂ ਦੀ ਅਗਿਆਨਤਾ ਖ਼ਤਮ ਹੋ ਗਈ। ਉਹ ਲੋਕ ਤੇ ਪਰਲੋਕ ਦੀ ਵਡਿਆਈ ਪ੍ਰਾਪਤ ਕਰ ਕੇ ਆਪ ਵੀ ਤਰ ਗਏ ਤੇ ਹੋਰ ਬਹੁਤ ਸਾਰਿਆਂ ਨੂੰ ਤਾਰ ਕੇ ਲੈ ਗਏ। ਅਜਿਹੇ ਗੁਰਸਿੱਖਾਂ ਵਿਚ ਭਾਈ ਸੱਚਨ ਸੱਚ ਜੀ ਹੋਏ ਹਨ। ਜ਼ਿਲ੍ਹਾ ਸ਼ੇਖ਼ੂਪੁਰਾ ਦੀ ਤਹਿਸੀਲ ਸ਼ਰਕਪੁਰ ਦੇ ਪਿੰਡ ਮੰਦਰ ਦਾ ਵਾਸੀ ਇਕ ਸਾਧਾਰਨ ਬ੍ਰਾਹਮਣ ਸ੍ਰੀ ਗੁਰੂ ਅਮਰਦਾਸ ਜੀ ਦੀ ਮਹਿਮਾ ਸੁਣ ਕੇ ਗੁਰੂ-ਦਰਬਾਰ ਹਾਜ਼ਰ ਹੋਇਆ। ਉਹ ਪੜ੍ਹਨ-ਸੁਣਨ ਤੇ ਬੋਲਣ ਦੇ ਢੰਗ, ਮਿਲ-ਵਰਤਣ ਤੇ ਲੈਣ-ਦੇਣ ਬਾਰੇ ਕੁਝ ਨਹੀਂ ਜਾਣਦਾ ਸੀ। ਜਾਪ ਜਾਂ ਮੰਤਰ ਆਦਿ ਕੁਝ ਵੀ ਜਪਣ ਦੀ ਸਮਝ ਉਸ ਨੂੰ ਨਹੀਂ ਸੀ, ਭਾਵ ਕਿ ਅਤਿ ਸਿੱਧਾ-ਸਾਦਾ। ਜਾਂਦਿਆਂ-ਆਉਂਦਿਆਂ, ਉੱਠਦਿਆਂ-ਬੈਠਦਿਆਂ 'ਸੱਚਨ-ਸੱਚ' ਸ਼ਬਦ ਬੋਲਦਾ ਰਹਿੰਦਾ ਤੇ ਧਿਆਨ ਸਤਿਗੁਰਾਂ ਵਿਚ ਜੋੜੀ ਰੱਖਦਾ। ਗੁਰੂ ਕੇ ਲੰਗਰ ਲਈ ਰੋਜ਼ਾਨਾ ਲੱਕੜਾਂ ਲਿਆਉਂਦਾ। ਸਿੱਖ ਸੰਗਤ ਉਸ ਨੂੰ ਸੱਚਨ ਸੱਚ ਨਾਂ ਨਾਲ ਹੀ ਬੁਲਾਉਣ ਲੱਗ ਪਈ। ਆਖਾ ਉਹ ਕਦੇ ਵੀ ਕਿਸੇ ਦਾ ਨਾ ਮੋੜਦਾ। ਸੰਗਤ ਉਸ ਦੀ ਸੇਵਾ 'ਤੇ ਖ਼ੁਸ਼ ਹੁੰਦੀ। ਫਿਰ ਜਿਸ ਉੱਤੇ ਸੰਗਤ ਖ਼ੁਸ਼ ਹੋਵੇ, ਸਤਿਗੁਰੂ ਜੀ ਵੀ ਮਨੋਂ ਉਸ ਉੱਤੇ ਕਿਰਪਾਲੂ ਹੁੰਦੇ ਸਨ ਅਤੇ ਜਿਸ 'ਤੇ ਸਤਿਗੁਰੂ ਜੀ ਰੀਝ ਜਾਣ ਤਾਂ ਸਮਝੋ ਉਸ ਉੱਤੇ ਤਿੰਨਾਂ ਲੋਕਾਂ ਦੇ ਮਾਲਕ ਵਾਹਿਗੁਰੂ ਜੀ ਦਿਆਲੂ ਹੋ ਗਏ। ਜਦੋਂ ਪ੍ਰਭੂ ਜੀ ਰੀਝ ਜਾਣ ਤਾਂ ਤੀਨ ਲੋਕ ਦੀ ਸੋਝੀ ਆ ਜਾਂਦੀ ਹੈ।

ਭਾਈ ਸੱਚਨ ਸੱਚ ਸਰੀਰ ਨੂੰ ਢੱਕਣ ਲਈ ਇਕ ਕੰਬਲ ਲੈਂਦਾ ਸੀ ਜਿਸ ਕਰਕੇ ਲੋਕ ਉਸ ਨੂੰ ਭੂਰੇ ਵਾਲਾ ਵੀ ਆਖਦੇ ਸਨ। ਇਕ ਦਿਨ ਜਦੋਂ ਆਮ ਵਾਂਗ ਗੁਰੂ ਕੇ ਲੰਗਰ ਲਈ ਬਾਲਣ ਲੈਣ ਗਿਆ ਤਾਂ ਇਕ ਪਾਗਲ ਇਸਤਰੀ, ਜੋ ਨਗਨ ਹਾਲਤ ਵਿਚ ਸੀ, ਭਾਈ ਸੱਚਨ ਸੱਚ ਦੇ ਵੱਲ ਭੱਜੀ ਆਈ। ਇਹ ਹਰੀਪੁਰ ਦੇ ਰਾਜੇ ਦੀ ਨਵ-ਵਿਆਹੀ ਪਤਨੀ ਸੀ ਤੇ ਗੁਰੂ-ਦਰਬਾਰ ਵਿਚ ਘੁੰਡ ਕੱਢ ਕੇ ਸ਼ਾਮਿਲ ਹੋਈ ਸੀ, ਜਿਸ ਨੂੰ ਵੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਸਹਿਜ ਸੁਭਾਅ

ਬੋਲੇ ਸਨ, "ਇਹ ਕਮਲੀ ਕਾਹਦੇ ਲਈ ਆਈ ਹੈ ਜੇਕਰ ਇਸ ਨੂੰ ਸਾਡੇ ਦਰਸ਼ਨ ਹੀ ਨਹੀਂ ਭਾਉਂਦੇ।" ਉਹ ਸੁੱਧ-ਬੁੱਧ ਭੁੱਲ ਕੇ ਜੰਗਲਾਂ ਨੂੰ ਭੱਜ ਗਈ ਸੀ।

ਉਸ ਨੇ ਸੱਚਨ ਸੱਚ ਜੀ ਨੂੰ ਫੜ ਲਿਆ ਤੇ ਜ਼ਖ਼ਮੀ ਕਰ ਦਿੱਤਾ। ਭਾਈ ਸੱਚਨ ਸੱਚ ਜੀ ਜਦੋਂ ਦਰਬਾਰ ਪਹੁੰਚੇ ਤਾਂ ਡਰੇ ਹੋਏ ਸਨ। ਸਤਿਗੁਰਾਂ ਨੂੰ ਪਤਾ ਲੱਗਾ ਤਾਂ ਪਾਤਸ਼ਾਹ ਨੇ ਆਪਣੀ ਲੱਕੜ ਦੀ ਇਕ ਖੜਾਂਵ ਦਿੱਤੀ ਤੇ ਕਿਹਾ, "ਹੇ ਭਾਈ! ਤੂੰ ਡਰ ਨਾ, ਉਹ ਕੋਈ ਬਲਾਅ ਨਹੀਂ ਹੈ। ਹਰੀਪੁਰ ਵਾਲੇ ਰਾਜੇ ਦੀ ਰਾਣੀ ਹੈ ਜੋ ਝੱਲੀ ਹੋ ਗਈ ਸੀ। ਫਿਰ ਮਿਲੇ ਤਾਂ ਉਸ ਨੂੰ ਇਹ ਛੁਹਾ ਦੇਵੀਂ, ਉਹ ਰਾਜ਼ੀ ਹੋ ਜਾਵੇਗੀ ਅਤੇ ਉਸ ਨੂੰ ਨਾਲ ਹੀ ਲੈ ਆਵੀਂ।" ਅਗਲੇ ਦਿਨ ਭਾਈ ਸੱਚਨ ਸੱਚ ਮੁੜ ਉਸ ਪਾਸੇ ਜੰਗਲ ਨੂੰ ਲੱਕੜਾਂ ਲੈਣ ਗਏ। ਉਹ ਇਸਤਰੀ ਦੂਰੋਂ ਵੇਖ ਕੇ ਕੂਕਣ ਲੱਗੀ ਅਤੇ ਦੌੜਦੀ ਹੋਈ ਭਾਈ ਜੀ ਦੇ ਵੱਲ ਵਧੀ। ਜਦੋਂ ਉਹ ਹੱਥ ਮਾਰਨ ਲਈ ਉੱਛਲੀ ਤਾਂ ਭਾਈ ਸੱਚਨ ਸੱਚ ਨੇ ਉਸ ਦੇ ਸਿਰ ਨਾਲ ਖੜਾਂਵ ਛੁਹਾ ਦਿੱਤੀ। ਖੜਾਂਵ ਛੂੰਹਦਿਆਂ ਹੀ ਉਸ ਨੂੰ ਸੋਝੀ ਆ ਗਈ ਤੇ ਉਹ ਸਰੀਰ ਨੂੰ ਸੰਭਲਦੀ ਬਹਿ ਗਈ। ਆਪਣੀ ਹਾਲਤ ਦੇਖ ਸ਼ਰਮਸਾਰ ਹੋ ਗਈ। ਉਸ ਨੂੰ ਗੁਰੂ ਜੀ ਦੀ ਗੱਲ ਯਾਦ ਆਈ ਕਿ ਗੁਰੂ ਜੀ ਨੇ ਉਸ ਨੂੰ ਕਮਲੀ ਆਖ ਦਿੱਤਾ ਸੀ। ਫਿਰ ਉਹ ਬੋਲੀ, "ਹੇ ਗੁਰਸਿੱਖ! ਕੋਈ ਕਪੜਾ ਦੇ ਤਾਂ ਕਿ ਮੈਂ ਆਪਣਾ ਸਰੀਰ ਕੱਜ ਲਵਾਂ ਅਤੇ ਸਤਿਗੁਰਾਂ ਦੀ ਹਜ਼ੂਰੀ ਵਿਚ ਜਾ ਕੇ ਆਪਣੀ ਭੁੱਲ ਬਖ਼ਸ਼ਾਵਾਂ। ਸਤਿਗੁਰਾਂ ਦੇ ਦਰਸ਼ਨ ਕਰਨ ਨਾਲ ਸਾਰੇ ਦੋਸ਼ ਮਿਟ ਜਾਣਗੇ।" ਭਾਈ ਸੱਚਨ ਸੱਚ ਜੀ ਨੇ ਆਪਣੀ ਕੰਬਲੀ ਉਸ ਨੂੰ ਦੇ ਦਿੱਤੀ ਅਤੇ ਆਪਣੇ ਨਾਲ ਲੈ ਆਏ। ਜਦੋਂ ਦੋਵੇਂ ਸਤਿਗੁਰਾਂ ਦੇ ਸਨਮੁਖ ਹਾਜ਼ਰ ਹੋਏ ਤਾਂ ਰਹਿਮਤਾਂ ਦੇ ਮਾਲਕ ਦੀ ਕ੍ਰਿਪਾ ਦ੍ਰਿਸ਼ਟੀ ਦੇ ਭੰਡਾਰ ਕੀ ਖੁੱਲ੍ਹੇ, ਭਾਈ ਸੱਚਨ ਸੱਚ ਦੇ ਭਾਗ ਖੁੱਲ੍ਹ ਗਏ। ਪ੍ਰਸੰਨ-ਚਿੱਤ ਸਤਿਗੁਰਾਂ ਬਚਨ ਕੀਤਾ, "ਹੇ ਭਾਈ ਸੱਚਨ ਸੱਚ! ਤੇਰੀ ਘਾਲਣਾ ਸਫਲ ਹੋ ਗਈ ਹੈ। ਹੁਣ ਤੁਸੀਂ ਪਤੀ-ਪਤਨੀ ਬਣ ਕੇ ਇਕ ਥਾਂ 'ਤੇ ਰਹੋ ਅਤੇ ਘਰ ਜਾ ਕੇ ਮੇਰਾ ਧਿਆਨ ਧਰੋ":

ਕ੍ਰਿਪਾ ਕਰੀ ਪੁਨ ਕਹਯੋ ਸੁਨਹੁ ਤੁਮ ਪਤਿ ਇਸਤ੍ਰੀ ਬਨਿ ਰਹੁ ਇਕ ਥਾਇ।
ਤੇਰੀ ਘਾਲਿ ਪਰੀ ਅਬਿ ਥਾਇੰ ਸੁ ਮੇਰੋ ਧਯਾਨ ਕਰਹੁ ਘਰ ਜਾਇ ॥੩੪॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 33, ਪੰਨਾ 1459)

ਸਤਿਗੁਰਾਂ ਨੇ ਭਾਈ ਸੱਚਨ ਸੱਚ ਨੂੰ ਮੰਜੀਦਾਰ ਬਣਾਇਆ ਤੇ ਰਹਿਮਤ ਕਰਦਿਆਂ ਕਿਹਾ, "ਆਪਣੇ ਘਰ ਵੱਸੇ ਰਹੋ। ਥਾਂ-ਪਰ-ਥਾਂ ਗੁਰਮੁਖ ਮਾਰਗ ਦਾ ਪ੍ਰਕਾਸ਼ ਕਰੋ। ਮੇਰੀਆਂ ਰਹਿਮਤਾਂ ਤੇਰੇ ਰਾਹੀਂ ਵਰਸਣਗੀਆਂ":

ਬਚਨ ਫੁਰਹਿ ਤੁਵ ਬਰ ਜੁ ਸ੍ਰਾਪ ਸਭਿ, ਨਿਜ ਗ੍ਰਹਿ ਬਸਹੁ ਚਿੰਤ ਚਿਤ ਖੋਇ।
ਗੁਰਮੁਖ ਪੰਥ ਪ੍ਰਕਾਸ਼ਹੁ ਜਿਤ ਕਿਤ, ਅਜ਼ਮਤ ਸਹਤ ਭਯੋ ਤਬਿ ਸੋਇ ॥੩੫॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 33, ਪੰਨਾ 1459)

ਬੋਲਤਿ ਸਾਚ ਪਰਮ ਗਤਿ ਪਾਈ

ਸਤਿਗੁਰ ਅਮਰਦਾਸ ਜੀ ਦੀ ਸੇਵਾ ਕਰਨ ਨਾਲ ਦਾਤ ਵਿਚ ਮਿਲੇ ਅੰਮ੍ਰਿਤ-ਰਸ ਨੂੰ ਪ੍ਰਾਪਤ ਕਰ, ਵਾਹਿਗੁਰੂ ਦੇ ਨਾਮ ਨੂੰ ਹਿਰਦੇ ਵਿਚ ਸਮਾ ਕੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਗੁਰਗੱਦੀ ਉੱਤੇ ਬਿਰਾਜਮਾਨ ਹੋਏ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਕ੍ਰਿਪਾ ਨਾਲ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਬਖ਼ਸ਼ੀ ਸ੍ਰੇਸ਼ਟ ਮਤਿ ਸਦਕਾ ਸ੍ਰੀ ਗੁਰੂ ਅਮਰਦਾਸ ਜੀ ਨੇ ਨਿਰੰਕਾਰ ਦੇ ਹੁਕਮ ਨਾਲ ਦਾਤ-ਜੋਤਿ ਸਤਿਗੁਰ ਰਾਮਦਾਸ ਜੀ ਵਿਚ ਟਿਕਾ ਦਿੱਤੀ। ਭੱਟ ਕਲ੍ਯ ਸਹਾਰ ਜੀ ਇਸ ਬਾਰੇ ਇੰਜ ਬਿਆਨ ਕਰਦੇ ਹਨ :

ਨਾਨਕ ਪ੍ਰਸਾਦਿ ਅੰਗਦ ਸੁਮਤਿ ਗੁਰਿ ਅਮਰਿ ਅਮਰੁ ਵਰਤਾਇਓ ॥
ਗੁਰ ਰਾਮਦਾਸ ਕਲ੍ਯੁਚਰੈ ਤੈਂ ਅਟਲ ਅਮਰ ਪਦੁ ਪਾਇਓ ॥੫॥

(ਸਵਈਏ ਮਹਲੇ ਚਉਥੇ ਕੇ 8, ਪੰਨਾ 1397)

ਸਹਿਜ ਦੇ ਘਰ, ਸੰਜਮ, ਸਤਿ, ਸੰਤੋਖ, ਸਾਊ ਸੁਭਾਅ, ਪ੍ਰੇਮਾ-ਭਗਤੀ ਦੇ ਪ੍ਰਵਾਹ, ਅੰਮ੍ਰਿਤ ਦੇ ਸੋਮੇ, ਮੁਕਤੀ ਦਾਤਾ, ਸ੍ਰੀ ਗੁਰੂ ਰਾਮਦਾਸ ਜੀ ਦਾ ਦਰਬਾਰ ਲੱਗਾ ਹੋਇਆ ਸੀ। ਖੱਤਰੀ ਜਾਤ ਦਾ ਭਾਈ ਤੀਰਥਾ ਸਭਰਵਾਲ ਸਤਿਗੁਰ ਰਾਮਦਾਸ ਜੀ ਦੀ ਸ਼ਰਨ ਆਇਆ। ਸਤਿਗੁਰ ਜੀ ਅੱਗੇ ਅਰਦਾਸ ਕੀਤੀ, "ਹੇ ਸਤਿਗੁਰ ਜੀ! ਸਾਡਾ ਕਿਵੇਂ ਉੱਧਾਰ ਹੋਵੇਗਾ? ਕੋਈ ਐਸਾ ਉਪਦੇਸ਼ ਦੇਵੋ ਜਿਸ ਨੂੰ ਧਾਰਨ ਕਰਨ ਨਾਲ ਮੁਕਤੀ ਪ੍ਰਾਪਤ ਹੋ ਜਾਵੇ। ਪਾਤਸ਼ਾਹ ਜੀ! ਆਪ ਜੀ ਦੇ ਪਾਵਨ ਮੁਖਾਰਬਿੰਦ ਤੋਂ ਜੋ ਬਚਨ ਸੁਣਦੇ ਹਾਂ, ਉਨ੍ਹਾਂ ਸਦਕਾ ਸਾਰੇ ਪਾਪ ਹੀ ਦੂਰ ਹੋ ਜਾਂਦੇ ਹਨ ਤੇ ਮਨ ਨੂੰ ਚੈਨ ਆ ਜਾਂਦਾ ਹੈ" :

ਸਭਰਵਾਲ ਸਿਖ ਤੀਰਥਾ ਆਇ ਗੁਰੂ ਕੇ ਪਾਸ।
ਨਮਸਕਾਰ ਕਰਿ ਬੈਠਿਗਾ ਧਰਹਿ ਸ਼੍ਰੇਯ ਕੀ ਆਸ ॥੧॥
'ਸ਼੍ਰੀ ਗੁਰ ਮੈਂ ਆਯੋ ਤੁਵ ਸ਼ਰਨੀ।
ਸ਼੍ਰੇਯ ਦੇ ਜੁ ਉਪਦੇਸ਼ਹੁ ਕਰਨੀ।
ਰਾਵਰਿ ਮੁਖ ਤੇ ਸੁਨਹਿੰ ਜੁ ਬੈਨ।
ਬਿਨਸਹਿੰ ਪਾਪ ਹੋਤਿ ਚਿਤ ਚੈਨ' ॥੨॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 17, ਪੰਨਾ 1709)

ਜਗਤ ਉੱਧਾਰਨ ਸਤਿਗੁਰੂ ਨੇ ਭਾਈ ਤੀਰਥਾ ਨੂੰ ਉਪਦੇਸ਼ ਕਰਦਿਆਂ ਬਚਨ ਕੀਤਾ, "ਹੇ ਭਾਈ ਤੀਰਥਾ! ਸੱਚ ਜੇਹਾ ਕੋਈ ਧਰਮ ਨਹੀਂ ਹੈ। ਸੱਚ ਨਿਰੰਕਾਰ ਦਾ ਹੀ ਸਰੂਪ ਹੈ। ਸੱਚ ਤੋਂ ਹੀ ਸੱਚਾ ਨਿਵਾਸ ਪ੍ਰਾਪਤ ਹੁੰਦਾ ਹੈ। ਇਸ ਵਾਸਤੇ ਮੁਖ ਤੋਂ ਵੀ ਸੱਚ ਬੋਲਣਾ ਹੈ ਤੇ ਹਿਰਦਿਉਂ ਵੀ ਸਚਿਆਰ ਰਹਿਣਾ ਹੈ। ਸਤਿਗੁਰ ਸੱਚੇ ਮਨੁੱਖ ਦੇ ਸੰਗੀ ਹੁੰਦੇ ਹਨ ਅਤੇ ਸੱਚ ਸਭ ਤੋਂ ਚੰਗਾ ਸਾਥੀ ਹੈ। ਸਭ ਕਾਰੋਬਾਰੀ ਧੰਧਿਆਂ ਵਿਚ ਸੱਚ ਬੋਲਣਾ ਹੈ। ਝੂਠ ਦੇ ਤੁਲ ਹੋਰ ਕੋਈ ਪਾਪ ਨਹੀਂ। ਜੋ ਗੁਰੂ ਦਾ ਸਿੱਖ ਹੈ, ਉਹ ਝੂਠ ਨਹੀਂ ਬੋਲਦਾ, ਪਰ ਜਿਥੇ ਝੂਠ ਬੋਲਣ ਨਾਲ ਪ੍ਰਾਣੀ ਦਾ ਮਰਨ ਤੋਂ ਬਚਾਅ ਹੋ ਜਾਵੇ ਜਾਂ ਉਸ ਉਪਰੋਂ ਕੋਈ ਵੱਡਾਂ ਸੰਕਟ ਟਲ ਜਾਵੇ, ਉਥੇ ਝੂਠ ਸੱਚ ਦੇ ਬਰਾਬਰ ਹੈ।" ਭਾਈ ਤੀਰਥਾ ਨੇ ਸਤਿਗੁਰਾਂ ਜੀ ਦੇ ਪਾਵਨ ਬਚਨ ਨੂੰ ਸੁਣਿਆ ਅਤੇ ਉਸ ਨੂੰ ਆਪਣੇ ਮਨ ਵਿਚ ਧਾਰ ਕੇ ਉਪਦੇਸ਼ ਅਨੁਸਾਰ ਕਮਾਈ ਕਰਨ ਲੱਗ ਪਿਆ। ਉਸ ਨੇ ਸੱਚ ਬੋਲ ਕੇ ਮੁਕਤੀ ਪ੍ਰਾਪਤ ਕੀਤੀ। ਭਾਈ ਸੰਤੋਖ ਸਿੰਘ ਨੇ ਇਸ ਪ੍ਰਸੰਗ ਨੂੰ ਇੰਜ ਬਿਆਨ ਕੀਤਾ ਹੈ :

ਤਬਿ ਸ਼੍ਰੀ ਰਾਮਦਾਸ ਉਪਦੇਸ਼ਾ।
ਸਚੁ ਸਮ ਅਪਰ ਨ ਪੁੰਨ ਵਿਸ਼ੇਸ਼ਾ।
ਸਚੁ ਸਰੂਪ ਪਰਮੇਸ਼ਰ ਕੇਰਾ।
ਸਚੁ ਤੇ ਪਾਯਹਿ ਸਾਚੁ ਬਸੇਰਾ ॥੩॥
ਦੁਹਿ ਲੋਕਨ ਮਹਿਂ ਸੁਖ ਲਹਿ ਸਾਚੋ।
ਸੁਰ ਸਨਮਾਨਹਿਂ ਜੋ ਸਚੁ ਰਾਚੋ।
ਸਾਚੁ ਪੁਰਖ ਕੇ ਸਤਿਗੁਰ ਸੰਗੀ।
ਬਡਿ ਪੁੰਨਨਿ ਤੇ ਸਾਚੁ ਪ੍ਰਸੰਗੀ ॥੪॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 17, ਪੰਨਾ 1710)

ਭਾਈ ਗੁਰਦਾਸ ਜੀ ਨੇ ਭਾਈ ਤੀਰਥਾ ਨੂੰ ਸਨਮੁਖ ਸਿੱਖਾਂ ਵਿਚ ਗਿਣਿਆ ਹੈ :

ਸਨਮੁਖ ਭਾਈ ਤੀਰਥਾ ਸਭਰਵਾਲ ਸਭੇ ਸਿਰਦਾਰਾ ॥

(ਵਾਰ 11:17)

ਤਬਿ ਸਤਿਗੁਰ ਕੋ ਪਰਿ ਹੈ ਲਾਜ

ਜਦੋਂ ਸੇਵਕ ਸਭ ਚਿੰਤਾਵਾਂ ਛੱਡ ਸਤਿਗੁਰ ਦਾ ਪੱਲਾ ਫੜ ਲਵੇ ਤਾਂ ਸਤਿਗੁਰ ਜੀ ਵੀ ਆਪਣੇ ਸੇਵਕਾਂ ਦੀ ਲਾਜ-ਪਤਿ ਰੱਖਦੇ ਹਨ। ਜਗਿਆਸੂ ਹਿਰਦਿਆਂ ਵਿਚ ਰਾਜ ਜੋਗ ਦੇ ਗਿਆਨ ਦਾ ਪ੍ਰਕਾਸ਼ ਕਰਨ ਵਾਲੇ, ਸਿੱਖ ਸੇਵਕਾਂ ਦੇ ਓਟ-ਆਸਰਾ, ਜਗਤ ਉਧਾਰਨ, ਨਉ-ਨਿਧ ਦੇ ਖ਼ਜ਼ਾਨੇ, ਭਗਤ-ਜਨਾਂ ਨੂੰ ਭਵ-ਸਾਗਰ ਤੋਂ ਤਾਰਨ ਵਾਲੇ, ਵਿਕਾਰਾਂ ਦੀ ਜ਼ਹਿਰ ਨੂੰ ਦੂਰ ਕਰਨ ਵਾਲੇ ਸਤਿਗੁਰ ਰਾਮਦਾਸ ਜੀ ਨੇ ਜਿਨ੍ਹਾਂ ਵੀ ਜੀਵਾਂ ਉੱਤੇ ਮਿਹਰ ਕੀਤੀ, ਉਹ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋ ਗਏ। ਭੱਟ ਕਲ੍ਯ ਸਹਾਰ ਜੀ ਦਾ ਫ਼ੁਰਮਾਨ ਹੈ :

ਤੇ ਮੁਕਤੇ ਭਏ ਸਤਿਗੁਰ ਸਬਦਿ ਮਨਿ ਗੁਰ ਪਰਚਾ ਪਾਇਅਉ ॥
ਗੁਰ ਰਾਮਦਾਸ ਕਲ੍ਯੁਚਰੈ ਤੈ ਸਬਦ ਨੀਸਾਨੁ ਬਜਾਇਅਉ ॥੯॥

(ਸਵਈਏ ਮਹਲੇ ਚਉਥੇ ਕੇ 8, ਪੰਨਾ 1397)

ਸ੍ਰੀ ਗੁਰੂ ਰਾਮਦਾਸ ਜੀ ਸੰਗਤਾਂ ਨੂੰ ਉਪਦੇਸ਼ ਕਰ ਰਹੇ ਸਨ। ਜਿਵੇਂ ਹੀ ਭਾਈ ਤੀਰਥਾ ਸਭਰਵਾਲ ਉਪਦੇਸ਼ ਲੈ ਕੇ ਉੱਠਿਆ ਤਾਂ ਭਾਈ ਪੂਰੋ, ਭਾਈ ਮਾਣਕ ਚੰਦ ਤੇ ਭਾਈ ਬਿਸ਼ਨ ਦਾਸ 'ਜਨਮ ਮਰਨ ਤੋਂ ਮੁਕਤੀ ਹੋਵੇ' ਇਹ ਆਸ ਲੈ ਕੇ ਸਤਿਗੁਰਾਂ ਦੇ ਹਜ਼ੂਰ ਆਏ। ਸਤਿਗੁਰਾਂ ਦੇ ਚਰਨ ਕਮਲਾਂ 'ਤੇ ਨਮਸਕਾਰ ਕੀਤੀ ਤੇ ਸਤਿਗੁਰਾਂ ਦੇ ਰੂਹਾਨੀ ਦਰਸ਼ਨ ਪਾਏ। ਫਿਰ ਅਰਜ਼ ਕੀਤੀ, "ਹੇ ਸੱਚੇ ਪਾਤਸ਼ਾਹ! ਅਸਾਂ ਨੂੰ ਐਸਾ ਉਪਦੇਸ਼ ਕਰੋ ਜਿਸ ਕਰਕੇ ਸਾਡਾ ਜਨਮ-ਮਰਨ ਕੱਟਿਆ ਜਾਵੇ ਤੇ ਸਣੇ ਕੁਟੰਬ ਤੇ ਪਰਿਵਾਰ ਸਾਡਾ ਉੱਧਾਰ ਹੋਵੇ" :

ਬਿਸ਼ਨਦਾਸ ਮਾਣਕ ਚੰਦ ਪੂਰੋ।
ਤੀਨਹੁ ਆਏ ਗੁਰੂ ਹਜ਼ੂਰੋ ॥੩੫॥
ਚਰਨ ਕਮਲ ਪਰ ਕਰਯੋ ਪ੍ਰਣਾਮ।
ਬੈਠਿ ਕਰਯੋ ਦਰਸ਼ਨ ਅਭਿਰਾਮ।
ਹਾਥ ਜੋਰ ਕਰਿ ਅਰਜ਼ ਗੁਜਾਰੀ।
'ਜਨਮ ਮਰਨ ਤੇ ਲੇਹੁ ਉਬਾਰੀ' ॥੩੬॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 17, ਪੰਨਾ 1712)

ਸਰਬ-ਕਲਿਆਣਕਾਰੀ ਸਤਿਗੁਰੂ ਰਾਮਦਾਸ ਜੀ ਨੇ ਦਇਆ-ਦ੍ਰਿਸ਼ਟੀ ਕਰਦਿਆਂ ਬਚਨ ਕੀਤਾ ਕਿ 'ਹੇ ਭਾਈ! ਤੁਸੀਂ ਗੁਰੂ ਦੇ ਸਿੱਖਾਂ ਦੀ ਟਹਿਲ-ਸੇਵਾ ਕਰਿਆ ਕਰੋ। ਆਪ ਭੀ ਸੇਵਾ ਕਰਨੀ ਹੈ ਅਤੇ ਆਪਣੀ ਪਤਨੀ, ਪੁੱਤਰੀ ਤੇ ਪੁੱਤਰ ਨੂੰ ਸਿੱਖਿਆ ਦੇਵੋ ਤੇ ਉਨ੍ਹਾਂ ਤੋਂ ਵੀ ਟਹਿਲ-ਸੇਵਾ ਕਰਵਾਉਣੀ ਹੈ। ਇਸ ਤਰ੍ਹਾਂ ਜਾਣਨਾ ਜਿਵੇਂ ਅਸੀਂ ਵਾਹਿਗੁਰੂ ਜੀ ਦੇ ਟਹਿਲੀਏ ਹਾਂ, ਸੇਵਕ ਹਾਂ, ਤਿਵੇਂ ਹੀ ਸਾਡੇ ਧੀਆਂ ਪੁੱਤਰ ਸਭ ਵਾਹਿਗੁਰੂ ਦੇ ਟਹਿਲੀਏ ਹਨ। ਸਭ ਸਤਿਗੁਰ ਕੋਲ ਸੇਵਕ ਹਨ। ਜਿਵੇਂ ਮਾਲਕ ਦੇ ਘਰ ਦਾ ਘੋੜਾ ਬੰਨ੍ਹਿਆ ਹੋਵੇ ਤੇ ਨੌਕਰ ਉੱਤੇ ਚੜ੍ਹ ਕੇ ਮਾਲਕ ਦੇ ਘਰੇ ਛੱਡ ਜਾਵੇ, ਫਿਰ ਸਾਰੀ ਚਿੰਤਾ ਮਾਲਕ ਨੂੰ ਹੁੰਦੀ ਹੈ। ਉਹ ਹੀ ਉਸ ਦਾ ਖਾਣ-ਪੀਣ ਦਾ ਪ੍ਰਬੰਧ ਕਰ ਕੇ, ਉਸ ਦੀ ਪਾਲਣਾ ਕਰਦਾ ਹੈ।'

ਉਸੇ ਤਰ੍ਹਾਂ ਤੁਸੀਂ ਆਪਣੇ ਸਾਰੇ ਪਰਿਵਾਰ ਨੂੰ ਸਤਿਗੁਰੂ ਜੀ ਦੇ ਦਰਬਾਰ ਵਿਚ ਸੌਂਪ ਜਾਵੋ, ਉਨ੍ਹਾਂ ਨਾਲੋਂ ਆਪਣਾ ਮੋਹ ਛੱਡ ਦਿਉ ਤੇ ਇਹ ਸਮਝੋ ਕਿ ਇਹ ਤਾਂ ਬੇੜੀ ਦੇ ਮੇਲ ਦੀ ਤਰ੍ਹਾਂ ਹੈ। ਫਿਰ ਸਤਿਗੁਰ ਜੀ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ। ਵਾਹਿਗੁਰੂ ਹੀ ਸਭ ਚਿੰਤਾਵਾਂ ਦੂਰ ਕਰਦਾ ਹੈ। ਸਾਰੇ ਕਸ਼ਟ ਦੂਰ ਕਰ ਕੇ, ਸਤਿਗੁਰੂ ਜੀ ਮੁਕਤੀ ਦਿਵਾ ਦਿੰਦੇ ਹਨ। ਇਸ ਵਾਰਤਾ ਨੂੰ ਭਾਈ ਸੰਤੋਖ ਸਿੰਘ ਨੇ ਇੰਜ ਬਿਆਨ ਕੀਤਾ ਹੈ:

ਕਰਯੋ ਵਾਕ ਤਬਿ ਸ਼੍ਰੀ ਗੁਰਦੇਵਾ।
'ਕਰਹੁ ਆਪ ਗੁਰ ਸਿੱਖਜਨਿ ਸੇਵਾ॥੩੭॥
ਬਨਿਤਾ, ਸੁਤ, ਤਨੁਜਾ, ਸਿਖਰਾਵਹੁ।
ਕਹਿ ਤਿਨ ਤੇ ਸੇਵਾ ਕਰਿਵਾਵਹੁ।
ਲਖਹੁ-ਵਾਹਿਗੁਰੂ ਕੇ ਹਮ ਦਾਸ।
ਤਿਮ ਸੁਤ ਸੁਤਾ ਦਾਸ ਗੁਰ ਪਾਸ॥੩੮॥
ਜਥਾ ਖਸਮ ਕੇ ਦਰ ਪਰ ਘੋਰਾ।
ਚਾਕਰ ਚੜ੍ਹਿ ਆਵਹਿ ਦੇ ਛੋਰਾ।
ਤਬਿ ਸਭਿ ਚਿੰਤ ਖਸਮ ਕੋ ਹੋਇ।
ਖਾਨ ਪਾਨ ਦੇ ਪੋਖਹਿ ਸੋਇ॥੩੯॥
ਤਿਮ ਅਪਨੋ ਸਗਰੋ ਪਰਵਾਰ।
ਸੌਂਪਹਿ ਸਤਿਗੁਰ ਕੇ ਦਰਬਾਰ।
ਤਜਹਿ ਅਪਨਪੌ ਤਿਨ ਤੇ ਘਨੋ।
ਜਾਨਹਿੰ ਤਰੀ ਮੇਲ ਗਨ ਮਨੋ॥੪੦॥
ਤਬਿ ਸਤਿਗੁਰ ਕੋ ਪਰਿ ਹੈ ਲਾਜ।
ਕਰਹਿੰ ਨਿਬਾਹਨ ਸਕਲ ਸਮਾਜ।

ਭੋਜਨ ਵਸਤ੍ਰ ਭਲੇ ਪਹੁੰਚਾਵੈ।
ਸ਼੍ਰੇਯ ਕਰਹਿ ਗਨ ਕਸ਼ਟ ਮਿਟਾਵੈ' ॥੪੧॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 17, ਪੰਨਾ 1712)

ਇਸ ਤਰ੍ਹਾਂ ਧੰਨ ਗੁਰੂ ਰਾਮਦਾਸ ਜੀ ਤੋਂ ਆਪਣੇ ਅਤੇ ਆਪਣੇ ਪਰਿਵਾਰ ਦੇ ਜਨਮ ਮਰਨ ਤੋਂ ਕਲਿਆਣ ਲਈ ਭਾਈ ਪੂਰੋ ਜੀ, ਭਾਈ ਮਾਣਕ ਜੀ ਅਤੇ ਭਾਈ ਬਿਸ਼ਨ ਦਾਸ ਜੀ ਨੇ ਸਿੱਖਾਂ ਦੀ ਸੇਵਾ ਕਰਨ ਦਾ ਉਪਦੇਸ਼ ਲਿਆ। ਸਤਿਗੁਰ ਜੀ ਦੇ ਇਸ ਉਪਦੇਸ਼ ਨੂੰ ਮਨ ਲਾ ਕੇ ਕਮਾਉਣ ਲੱਗ ਪਏ, ਗੁਰਸਿੱਖਾਂ ਦੀ ਸੇਵਾ ਕਰਦੇ ਅਤੇ ਆਪਣੇ ਬੱਚਿਆਂ ਨੂੰ ਵੀ ਗੁਰਸਿੱਖਾਂ ਦੀ ਸੇਵਾ ਤੇ ਸਿਮਰਨ ਵੱਲ ਲਾਇਆ। ਅੰਤ ਸਮੇਂ ਸਣੇ ਪਰਿਵਾਰ ਮੁਕਤੀ ਪ੍ਰਾਪਤ ਕੀਤੀ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਇਸ ਪ੍ਰਥਾਇ ਵਰਣਨ ਇਸ ਤਰ੍ਹਾਂ ਕੀਤਾ ਹੈ :

ਪੂਰੋ ਮਾਣਕ ਚੰਦੁ ਹੈ ਬਿਸਨ ਦਾਸੁ ਪਰਵਾਰ ਸਧਾਰਾ॥

(ਵਾਰ 11:17)

ਸਤਿਗੁਰ ਕੇ ਤਨ ਬਿਖੈ ਸਮਾਏ

ਚੌਥੇ ਸਤਿਗੁਰ ਸ੍ਰੀ ਗੁਰੂ ਰਾਮਦਾਸ ਜੀ ਬਾਰੇ ਭੱਟ ਨਲ੍ਹ ਜੀ ਦਾ ਬਚਨ ਹੈ ਕਿ ਜਿਨ੍ਹਾਂ ਜੀਵਾਂ ਨੇ ਸਤਿਗੁਰ ਜੀ ਦੇ ਚਰਨ ਕਮਲਾਂ ਨੂੰ ਪਰਸਿਆ ਭਾਵ ਗੁਰ-ਦੀਖਿਆ ਪ੍ਰਾਪਤ ਕਰ ਕੇ ਇਸ ਦੀ ਕਮਾਈ ਕੀਤੀ, ਉਹ ਪਸ਼ੂ-ਪ੍ਰੇਤ ਭਾਵ ਪਸ਼ੂ-ਬਿਰਤੀਆਂ ਦੇ ਧਾਰਨੀ ਅਵਗਤ ਜੂਨਾਂ ਦੀ ਭਟਕਣਾ ਵਿਚ ਪਏ ਹੋਏ ਲੋਕਾਂ ਨੂੰ ਦੈਵੀ-ਗੁਣਾਂ ਨਾਲ ਸ਼ਿੰਗਾਰੇ ਮਨੁੱਖ ਬਣ ਗਏ, ਉਨ੍ਹਾਂ ਦੇ ਸਾਰੇ ਦੁਖ-ਦਲਿਦਰ ਦੂਰ ਹੋ ਜਾਂਦੇ ਸਨ। ਸਤਿਗੁਰ ਜੀ ਨੇ ਨਿਗੁਣੇ ਜੀਵਾਂ ਨੂੰ ਵੀ ਦੈਵੀ-ਗੁਣਾਂ ਨਾਲ ਸੁਗੰਧਤ ਕਰ ਦਿੱਤਾ, ਸਾਧਾਰਨ ਕਾਠ ਤੋਂ ਚੰਦਨ ਬਣਾ ਦਿੱਤਾ :

ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ ॥
ਸਤਿਗੁਰੂ ਚਰਨ ਜਿਨ੍ਹ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ ॥੨॥੬॥

(ਸਵਈਏ ਮਹਲੇ ਚਉਥੇ ਕੇ 4, ਪੰਨਾ 1399)

ਮੁਕਤੀ ਦੇ ਦਾਤੇ ਸਤਿਗੁਰ ਰਾਮਦਾਸ ਜੀ ਦਾ ਦਰਬਾਰ ਲੱਗਾ ਹੋਇਆ ਸੀ। ਦੀਵਾਨ ਵਿਚ ਕਥਾ ਕੀਰਤਨ ਦਾ ਪ੍ਰਵਾਹ ਚੱਲ ਰਿਹਾ ਸੀ। ਭਾਈ ਪਦਾਰਥ, ਭਾਈ ਤਾਰੂ ਤੇ ਭਾਈ ਭਾਰੂ ਦਰਬਾਰ ਵਿਚ ਪਹੁੰਚੇ। ਉਨ੍ਹਾਂ ਨੇ ਮਨ ਲਾ ਕੇ ਕਥਾ ਕੀਰਤਨ ਸਰਵਣ ਕੀਤਾ। ਜੀਵਨ ਦੀ ਸਾਰਥਿਕਤਾ ਬਾਰੇ ਗੁਰਬਾਣੀ ਦੀ ਕਥਾ ਸੁਣੀ ਤਾਂ ਉਨ੍ਹਾਂ ਦਾ ਮਨ ਡਰ ਗਿਆ। ਭੈ-ਭੀਤ ਹੋਏ ਸਤਿਗੁਰ ਜੀ ਅੱਗੇ ਹੱਥ ਜੋੜ ਅਰਦਾਸ ਕੀਤੀ, "ਹੇ ਗ਼ਰੀਬ ਨਿਵਾਜ਼ ਸਤਿਗੁਰ ਜੀ! ਅਸੀਂ ਕੁਟੰਬ ਦੇ ਧੰਧਿਆਂ ਵਿਚ ਫਸੇ ਹੋਏ ਹਾਂ। ਸ਼ਬਦ ਬਾਣੀ ਪੜ੍ਹ ਸੁਣ ਨਹੀਂ ਸਕਦੇ। ਕਿਸੇ ਵੇਲੇ ਵੀ ਸਤਿਸੰਗਤ ਨਹੀਂ ਜਾਇਆ ਜਾਂਦਾ, ਫਿਰ ਸਾਡਾ ਉਧਾਰ ਕਿਵੇਂ ਹੋਵੇਗਾ ? ਹੁਣ ਅਸੀਂ ਆਪ ਜੀ ਦੀ ਸ਼ਰਨ ਆਣ ਪਏ ਹਾਂ; ਕਿਰਪਾ ਕਰਕੇ ਸਾਡਾ ਕਲਿਆਣ ਕਰੋ" :

ਸਿੱਖ ਪਦਾਰਥ, ਤਾਰੂ ਭਾਰੂ।
ਤੀਨੋ ਚਲਿ ਆਏ ਗੁਰਦ੍ਵਾਰੂ।
ਆਗੈ ਲਾਗਯੋ ਬਡਿ ਦੀਵਾਨ।
ਕਥਾ ਕੀਰਤਨ ਹੋਤਿ ਮਹਾਨ ॥੪੩॥
ਸੁਨਿ ਗੁਰਬਚਨ ਭਯੋ ਉਰ ਤ੍ਰਾਸੁ।
ਹਾਥ ਜੋਰਿ ਕੀਨੀ ਅਰਦਾਸੁ।

'ਹਮ ਕੁਟੰਬ ਮਹਿ ਅਧਿਕ ਲਪੇਟੇ।
ਪਢਨ ਸੁਨਨ ਗੁਰ ਸ਼ਬਦ ਨ ਭੇਟੇ ॥੪੪॥
ਸਤਿਸੰਗਤ ਜੋ ਨਹਿੰ ਕਿਸ ਬਾਰ।
ਗੁਰ ਜੀ! ਕਿਮ ਹੁਇ ਹਮਹੁ ਉਧਾਰ।
ਆਇ ਪਰੇ ਅਬਿ ਸ਼ਰਨਿ ਤੁਮਾਰੀ।
ਕਰਹੁ ਆਪ ਕੱਲਜਾਨ ਹਮਾਰੀ' ॥੪੫॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 17, ਪੰਨਾ 1713)

ਦਇਆ ਦੀ ਮੂਰਤਿ ਸਤਿਗੁਰੂ ਰਾਮਦਾਸ ਜੀ ਜਿਨ੍ਹਾਂ ਜੀਵਾਂ 'ਤੇ ਤ੍ਰੁੱਠ ਪੈਣ, ਉਨ੍ਹਾਂ ਨੂੰ ਸ਼ਬਦ ਵਿਚ ਲਗਾ ਕੇ ਭਵ-ਸਾਗਰ ਤੋਂ ਤਾਰ ਦਿੰਦੇ। ਚਿੰਤਾ-ਗ੍ਰਸਤ ਭਾਈ ਪਦਾਰਥ, ਭਾਈ ਤਾਰੂ ਤੇ ਭਾਈ ਭਾਰੂ ਨੂੰ ਸੰਬੋਧਿਤ ਹੁੰਦਿਆਂ ਸਤਿਗੁਰਾਂ ਉਪਦੇਸ਼ ਕੀਤਾ, "ਹੇ ਭਾਈ! ਨਿਰੰਕਾਰ ਨੇ ਜੋ ਜੀਵ ਪੈਦਾ ਕੀਤੇ ਹਨ, ਉਸ ਨੇ ਪਹਿਲਾਂ ਹੀ ਸਭਨਾਂ ਲਈ ਭੋਜਨ ਤਿਆਰ ਕੀਤਾ ਹੋਇਆ ਹੈ। ਇਸ ਕਰਕੇ ਤੁਸੀਂ ਸਤਿਸੰਗਤ ਕਰਿਆ ਕਰੋ। ਡੋਲਣਾ ਨਹੀਂ, ਮਨ ਵਿਚ ਸਿਦਕ ਧਾਰਨ ਕਰ ਕੇ ਵਾਹਿਗੁਰੂ ਦੇ ਨਾਮ ਦਾ ਧਿਆਨ ਕਰਨਾ ਹੈ। ਤੁਹਾਡਾ ਤੇ ਕੁਟੰਬ ਦਾ ਰਿਜ਼ਕ ਵਾਹਿਗੁਰੂ ਜੀ ਦੇਣਗੇ। ਇਹ ਪਰਖ ਕਰੋ ਅਤੇ ਆਪਣਾ ਜੀਵਨ ਸੁਧਾਰ ਲਵੋ।" ਭਾਈ ਸੰਤੋਖ ਸਿੰਘ ਉਲੇਖ ਕਰਦੇ ਹਨ:

ਰਾਮਦਾਸ ਗੁਰ ਗਿਰਾ ਬਖਾਨੀ।
'ਵਾਹਿਗੁਰੂ ਸਿਰਜੇ ਜੇ ਪ੍ਰਾਨੀ।
ਪੂਰਬ ਸਭਿ ਹਿਤ ਕਰਯੋ ਅਹਾਰ।
ਯਾਂਤੇ ਤੁਮ ਬੈਠੋ ਗੁਰ ਦ੍ਵਾਰ ॥੪੬॥
ਧਰਹੁ ਸਿਦਕ ਉਰ ਡੋਲਹੁ ਨਾਂਹੀ।
ਸਿਮਰੋ ਵਾਹਿਗੁਰੂ ਮਨ ਮਾਂਹੀ॥
ਤੁਮਰੇ ਸਨਬੰਧੀ ਸਮੁਦਾਇ।
ਸਭਿ ਕੋ ਰਿਜ਼ਕ ਤਹਾਂ ਪਹੁੰਚਾਇ ॥੪੭॥
ਤੁਮਰੋ ਰਿਜਕ ਇਹਾਂ ਗੁਰ ਦੇਹਿ।
ਜਨਮ ਸੁਧਾਰੋ ਪਰਖਹੁ ਏਹੁ'।
ਸੁਨ ਤੀਨੋ ਨਿਜ ਪੁੱਤ੍ਰ ਬੁਲਾਏ।
ਕਹਯੋ 'ਤਰੁਨਤਾ ਤੁਮ ਅਬਿ ਪਾਏ ॥੪੮॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 17, ਪੰਨਾ 1713)

ਉਨ੍ਹਾਂ ਨੇ ਆਪਣੇ ਪੁੱਤਰਾਂ ਨੂੰ ਸੱਦਿਆ ਤੇ ਕਿਹਾ, "ਪੁੱਤਰੋ! ਤੁਸੀਂ ਹੁਣ ਜੁਆਨ ਹੋ, ਸਭ ਕੰਮ ਧੰਧੇ ਸੰਭਾਲ ਲਵੋ। ਉੱਦਮ ਕਰੋ ਤੇ ਜਿੰਨਾ ਵੀ ਲਾਭ ਹੋਵੇ, ਉਸ ਵਿੱਚੋਂ ਗੁਰੂ-ਘਰ ਲਈ ਦਸਵੰਧ ਕੱਢੋ। ਕੋਈ ਸਿੱਖ ਆਵੇ, ਉਸ

ਦੀ ਸੇਵਾ ਕਰਨੀ ਹੈ। ਅਸੀਂ ਹੁਣ ਗੁਰਦੇਵ ਜੀ ਦੀ ਚਰਨ-ਸ਼ਰਨ ਹੀ ਰਹਾਂਗੇ। ਇਥੇ ਹੀ ਪਾਣੀ ਢੋਣ, ਪੱਖਾ ਫੇਰਨ ਦੀ ਸੇਵ ਕਮਾਵਾਂਗੇ ਅਤੇ ਸੇਵਾ ਕਰ ਕੇ ਸਤਿਸੰਗਤ ਨੂੰ ਪਰਸੰਨ ਕਰਾਂਗੇ। ਅਨੰਦ ਨਾਲ ਕਥਾ-ਕੀਰਤਨ ਸੁਣਾਂਗੇ। ਇਸ ਨਾਲ ਸਾਨੂੰ ਮੁਕਤੀ ਪ੍ਰਾਪਤ ਹੋਵੇਗੀ ਤੇ ਨਾਲ ਤੁਹਾਡਾ ਵੀ ਕਲਿਆਣ ਹੋ ਜਾਵੇਗਾ।" ਇਸ ਤਰ੍ਹਾਂ ਭਾਈ ਪਦਾਰਥਾ, ਭਾਈ ਤਾਰੂ ਤੇ ਭਾਈ ਭਾਰੂ ਧੰਨ ਗੁਰੂ ਰਾਮਦਾਸ ਜੀ ਤੋਂ ਉਪਦੇਸ਼ ਲੈ ਕੇ ਸਤਿਗੁਰ ਜੀ ਦੀ ਸੇਵਾ ਵਿਚ ਜੁੱਟ ਗਏ। ਰੋਜ਼ਾਨਾ ਕਥਾ-ਕੀਰਤਨ ਸੁਣਦੇ ਅਤੇ ਸੇਵਾ ਕਰਦਿਆਂ ਹੋਇਆਂ ਅੰਤ ਵੇਲੇ ਉਹਨਾਂ ਮੁਕਤੀ ਪ੍ਰਾਪਤ ਕਰ ਲਈ। ਉਹ ਸਤਿਗੁਰਾਂ ਦੇ ਸਰੂਪ ਵਿਚ ਸਮਾ ਗਏ ਤੇ ਉਨ੍ਹਾਂ ਜਨਮ ਮਰਨ ਦੇ ਸਾਰੇ ਬੰਧਨ ਦੂਰ ਕਰ ਲਏ। ਯਥਾ :

ਕਥਾ ਕੀਰਤਨ ਸੁਨਹਿੰ ਅਨੰਦੇ।
ਹੁਇ ਪ੍ਰਾਪਤਿ ਕੱਲਯਾਨ ਬਿਲੰਦੇ।
ਇਮ ਤੁਮਰੀ ਭੀ ਹੁਇ ਕੱਲਯਾਨ।
ਇਮ ਸਿੱਖਯਾ ਦੇ ਕੁਟੰਬ ਮਹਾਨ ॥੫੧॥
ਕਰਨ ਲਗੇ ਗੁਰ ਸੇਵ ਘਨੇਰੀ।
ਪ੍ਰਾਪਤ ਮੁਕਤਿ ਅੰਤ ਕੀ ਬੇਰੀ।
ਸਤਿਗੁਰ ਕੇ ਤਨ ਬਿਖੈ ਸਮਾਏ।
ਜਨਮ ਮਰਨ ਕੇ ਬੰਧ ਮਿਟਾਏ ॥੫੨॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 17, ਪੰਨਾ 1713)

ਭਾਈ ਗੁਰਦਾਸ ਜੀ ਨੇ ਇਨ੍ਹਾਂ ਗੁਰਸਿੱਖਾਂ ਦੀ ਗਿਣਤੀ ਚੰਗੇ ਪੁਰਖਾਂ ਵਿਚ ਕੀਤੀ ਹੈ :

ਪੁਰਖੁ ਪਦਾਰਥ ਜਾਣੀਐ ਤਾਰੂ ਭਾਰੂ ਦਾਸੁ ਦੁਆਰਾ ॥

(ਵਾਰ 11:17)

ਆਪਣਾ ਮੂਲੁ ਪਛਾਣੁ

ਮਨੁੱਖ ਮੂਰਖ ਮਨ ਦੇ ਢਾਹੇ ਚੜ੍ਹ ਕੇ ਆਪਣੇ ਮੂਲ ਨੂੰ ਪਛਾਣਨ ਤੋਂ ਅਸਮਰੱਥ ਹੋ ਜਾਂਦਾ ਹੈ, ਪਰ ਜਦੋਂ ਉਹ ਸਤਿਗੁਰੂ ਦੀ ਸ਼ਰਨ ਆਉਂਦਾ ਹੈ ਤਾਂ ਸਤਿਗੁਰ ਜੀ ਦੇ ਗਿਆਨ ਨੂੰ ਵੀਚਾਰ ਕੇ ਬਖ਼ਸ਼ੇ ਹੋਏ ਨਾਮ ਦਾ ਦਿਨ-ਰਾਤ ਜਾਪ ਕਰ ਕੇ ਆਪਾ ਸੁਆਰ ਲੈਂਦਾ ਹੈ। ਐਸੀ ਹੀ ਇਕ ਬਾਬਾਣੀ ਕਹਾਣੀ ਧੰਨ ਗੁਰੂ ਰਾਮਦਾਸ ਜੀ ਦੇ ਵੇਲੇ ਦੀ ਮਿਲਦੀ ਹੈ। ਸਤਿਗੁਰ ਰਾਮਦਾਸ ਜੀ ਦਾ ਦਰਬਾਰ ਲੱਗਾ ਹੋਇਆ ਸੀ। ਸਿੱਖ ਸੇਵਕ ਸਤਿਗੁਰ ਜੀ ਪਾਸੋਂ ਬਰਕਤਾਂ ਦੀਆਂ ਝੋਲੀਆਂ ਭਰ ਰਹੇ ਸਨ ਤੇ ਆਪਣਾ ਤੇ ਆਪਣੇ ਕੁਟੰਬ ਦਾ ਪਾਰ-ਉਤਾਰਾ ਕਰਵਾਉਣ ਲਈ ਉਪਦੇਸ਼ ਪਾ ਰਹੇ ਸਨ। ਭਾਈ ਮਹਾਂ ਨੰਦ ਤੇ ਭਾਈ ਬਿਧੀ ਚੰਦ ਦੋਵੇਂ ਜਣੇ ਗੁਰੂ ਦਰਬਾਰ ਵਿਚ ਆਏ ਤੇ ਸਤਿਗੁਰ ਜੀ ਨੂੰ ਨਮਸਕਾਰ ਕਰ ਮੱਥਾ ਟੇਕ ਕੇ ਹੱਥ ਜੋੜ ਸਨਮੁਖ ਖਲੋ ਗਏ ਤੇ ਬੇਨਤੀ ਕੀਤੀ, "ਹੇ ਸਤਿਗੁਰ ਜੀ! ਆਪ ਦੀ ਸ਼ਰਨ ਆਏ ਹਾਂ, ਸਾਨੂੰ ਜਨਮ-ਮਰਨ ਦਾ ਡਰ ਖਾ ਰਿਹਾ ਹੈ। ਅਨੇਕਾਂ ਵਾਰ ਜਨਮੇ ਤੇ ਮਰੇ ਹਾਂ। ਮੋਹ ਤੇ ਈਰਖਾ ਦੇ ਵੱਸ ਹੋ ਕੇ ਮੁੜ ਮੁੜ ਜੂਨੀਆਂ 'ਚ ਪਏ ਹਾਂ। ਇਹ ਜੋ ਦੁੱਖਾਂ ਵਾਲਾ ਗੇੜ ਹੈ ਬੜਾ ਔਖਾ ਹੈ, ਹੇ ਸਤਿਗੁਰ ਜੀ! ਹੁਣ ਸਾਡੇ ਉੱਤੇ ਕਿਰਪਾ ਕਰੋ ਤਾਂ ਜੁ ਅਸੀਂ ਸ੍ਰੇਸ਼ਟ ਮੁਕਤੀ ਨੂੰ ਪ੍ਰਾਪਤ ਕਰ ਲਈਏ" :

ਹਾਥ ਜੋਰਿ ਕਰਿ ਥਿਰੇ ਅਗਾਰੀ।
ਸੁਖ ਗਰਜੀ ਨਿਜ ਅਰਜ਼ ਗੁਜ਼ਾਰੀ।
ਜਨਮ ਮਰਨ ਕੋ ਤ੍ਰਾਸ ਹਮਾਰੇ।
ਭ੍ਰਮਣ ਮਿਟਾਵਹੁ ਜੇ ਦੁਖਵਾਰੇ॥੨॥
ਜਨਮ ਅਨੇਕ ਧਰੇ ਪੁਨ ਹਮਰੇ।
ਰਾਗ ਦ੍ਵੈਸ਼ ਬਸਿ ਜੂਨਨਿ ਪਰੇ।
ਅਬਿ ਚਲਿ ਆਏ ਸ਼ਰਨਿ ਤੁਮਾਰੀ।
ਕਰਹੁ ਕ੍ਰਿਪਾ ਕਰਿ ਸੁਗਤਿ ਹਮਾਰੀ॥੩॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 18, ਪੰਨਾ 1714)

ਦੋਹਾਂ ਦੀ ਬੇਨਤੀ ਸੁਣ ਕੇ ਦਇਆ ਦੀ ਮੂਰਤ, ਭੁੱਲੇ ਭਟਕੇ ਸੰਸਾਰੀ ਜੀਵਾਂ ਨੂੰ ਗੁਰੂ ਦੀ ਮਤਿ ਗ੍ਰਹਿਣ ਕਰਾ ਕੇ ਨਿਰੰਕਾਰ ਨਾਲ ਜੋੜਨ ਵਾਲੇ

ਸਤਿਗੁਰ ਜੀ ਨੇ ਦਇਆ ਦ੍ਰਿਸ਼ਟੀ ਕਰਦਿਆਂ ਭਾਈ ਮਹਾਂ ਨੰਦ ਤੇ ਭਾਈ ਬਿਧੀ ਚੰਦ ਨੂੰ ਉਪਦੇਸ਼ ਦਿੰਦਿਆਂ ਬਚਨ ਕੀਤਾ, "ਹੇ ਭਾਈ! ਤੁਸੀਂ ਆਪਣੇ ਸਰੂਪ ਨੂੰ ਪਛਾਣੋ। ਜੇ ਤੁਹਾਨੂੰ ਆਪਣੇ ਸਰੂਪ ਦੀ ਪਛਾਣ ਹੋ ਗਈ ਤਾਂ ਤੁਹਾਡਾ ਜਨਮ-ਮਰਨ ਕੱਟਿਆ ਜਾਵੇਗਾ" :

ਸੁਨਿ ਸ਼੍ਰੀ ਰਾਮਦਾਸ ਕਰਿ ਕਰੁਨਾ।
ਸ਼ੁਭ ਉਪਦੇਸ਼ ਤਿਨਹੁ ਪ੍ਰਤਿ ਬਰਨਾ।
'ਅਪਨੋ ਜਬੈ ਸਰੂਪ ਪਛਾਨਹੁ।
ਜਨਮ ਮਰਨ ਤਬਿ ਬੰਧਨ ਹਾਨਹੁ' ॥੪॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 18, ਪੰਨਾ 1714)

ਭਾਈ ਮਹਾਂ ਨੰਦ ਤੇ ਭਾਈ ਬਿਧੀ ਚੰਦ ਨੇ ਹੱਥ ਜੋੜਦਿਆਂ ਕਿਹਾ, "ਸਤਿਗੁਰ ਜੀ! ਅਸੀਂ ਤਾਂ ਆਪਣੇ ਸਰੂਪ ਬਾਰੇ ਏਹੀ ਜਾਣਦੇ ਹਾਂ ਕਿ ਅਸੀਂ ਖੱਤਰੀ ਹਾਂ, ਖੱਤਰੀਆਂ ਦੇ ਪੁੱਤਰ ਹਾਂ। ਪਹਿਲਾਂ ਬਾਲਕ ਉਮਰ ਧਾਰਨ ਕੀਤੀ, ਫਿਰ ਜਵਾਨ ਹੋ ਬਲ ਭਰਪੂਰ ਹੋ ਗਏ, ਬਸ! ਏਹੀ ਸਾਡਾ ਸਰੂਪ ਹੈ ਅਤੇ ਅਸੀਂ ਏਹੀ ਜਾਣਦੇ ਹਾਂ।" ਸਤਿਗੁਰਾਂ ਨੇ ਬਚਨ ਕੀਤਾ, "ਹੇ ਭਾਈ! ਇਹ ਤੁਹਾਡਾ ਸਰੀਰ ਤਾਂ ਮਾਤਾ ਪਿਤਾ ਨੇ ਧਾਰਨ ਕਰਵਾਇਆ ਹੈ। ਜਾਤ ਤੇ ਨਾਮ ਉਨ੍ਹਾਂ ਨੇ ਹੀ ਰੱਖੇ ਹਨ। ਉਨ੍ਹਾਂ ਨੇ ਹੀ ਆਪਣੀ ਮਤ ਅਨੁਸਾਰ ਕਾਰ-ਵਿਹਾਰ ਦੀ ਵਿਧੀ ਦੱਸੀ ਹੈ। ਪਰ ਤੁਸੀਂ ਤਾਂ ਇਹ ਸਰੀਰ ਧਾਰਨ ਕਰਨ ਤੋਂ ਪਹਿਲਾਂ ਵੀ ਸੀ। ਪੂਰਬਲੇ ਸਮੇਂ ਉਸ ਸਰੀਰ ਦੇ ਕੀਤੇ ਹੋਏ ਕਰਮਾਂ ਦੇ ਫਲ ਪ੍ਰਾਪਤ ਕੀਤੇ ਹਨ। ਬੁਰੇ-ਭਲੇ ਕਰਮ ਜੋ ਪਹਿਲਾਂ ਹੀ ਕੀਤੇ ਸਨ, ਦੇ ਅਨੁਸਾਰ ਹੀ ਦੁਖ-ਸੁਖ ਭੋਗਿਆ ਹੈ। ਇਸ ਸਰੀਰ ਨੂੰ ਛੱਡ ਕੇ ਨਵਾਂ ਤਨ ਧਾਰਨ ਕਰੋਗੇ, ਫਿਰ ਜਿਸ ਤਰ੍ਹਾਂ ਦੇ ਕੰਮ ਕਰੋਗੇ, ਉਹੋ ਜਿਹੇ ਹੀ ਉਥੇ ਫਲ ਭੋਗੋਗੇ। ਭਾਵ ਕਿ ਤੁਸੀਂ ਇਸ ਸਰੀਰ ਨੂੰ ਧਾਰਨ ਕਰਨ ਤੋਂ ਪਹਿਲਾਂ ਵੀ ਮੌਜੂਦ ਸੀ ਤੇ ਸਰੀਰ ਨੂੰ ਛੱਡ ਜਾਣ ਤੋਂ ਪਿੱਛੋਂ ਵੀ ਕਾਇਮ ਰਹੋਗੇ। ਜਦੋਂ ਤੁਸੀਂ ਇਸ ਸਰੀਰ ਤੋਂ ਪਹਿਲਾਂ ਵੀ ਸੀ ਅਤੇ ਬਾਅਦ ਵਿਚ ਵੀ ਰਹੋਗੇ ਤਾਂ ਤੁਸੀਂ ਆਪਣੇ ਤਨ ਦੇ ਸਰੂਪ ਨੂੰ ਕਿਵੇਂ ਵੇਖ ਲਿਆ? ਇਹ ਸਰੀਰ ਤਾਂ ਇਕ ਕੱਪੜੇ ਦੀ ਤਰ੍ਹਾਂ ਹੈ ਅਤੇ ਝੂਠਾ ਹੈ। ਪੁਰਾਣਾ ਹੋਣ 'ਤੇ ਖ਼ਤਮ ਹੋ ਜਾਂਦਾ ਹੈ। ਇਸ ਲਈ ਜੋ ਤਨ-ਰੂਪੀ ਕੱਪੜਾ ਤੁਸੀਂ ਆਤਮਾ 'ਤੇ ਪਹਿਨਦੇ ਹੋ, ਉਸ ਆਤਮਾ ਦੇ ਸਰੂਪ ਨੂੰ ਆਪਣਾ ਸਰੂਪ ਜਾਣੋ। ਇਸ ਸਰੂਪ ਨੂੰ ਨਾ ਜਲ ਡੁਬੋ ਸਕਦਾ ਹੈ, ਨਾ ਅੱਗ ਜਲਾ ਸਕਦੀ ਹੈ। ਇਹ ਨਾ ਮਰਦਾ ਹੈ, ਨਾ ਹੀ ਮਾਰਿਆ ਜਾ ਸਕਦਾ ਹੈ।" ਪਾਤਸ਼ਾਹ ਜੀ ਨੇ ਅੱਗੇ ਹੋਰ ਬਚਨ ਕਰਦਿਆਂ ਕਿਹਾ, "ਇਹ ਸਰੀਰ ਝੂਠਾ ਹੈ ਤੇ ਆਤਮਾ ਦਾ ਸਰੂਪ ਸੱਚਾ ਹੈ। ਇਹ ਸਰੀਰ ਜੜ੍ਹ ਹੈ ਤੇ ਆਤਮਾ ਚੇਤਨ ਹੈ। ਦੁਖ ਸਰੀਰ ਨੂੰ ਹੁੰਦਾ ਹੈ ਤੇ ਆਤਮਾ ਦਾ ਸਰੂਪ ਸਦਾ ਅਨੰਦ ਵਾਲਾ ਹੈ। ਇਸ ਲਈ ਹਿਰਦੇ

ਵਿਚ ਆਤਮਾ ਭਾਵ ਨਿਜ ਸਰੂਪ ਬਾਰੇ ਪੱਕਾ ਨਿਸਚਾ ਧਾਰੋ।" ਸਤਿਗੁਰਾਂ ਦੇ ਬਚਨਾਂ ਨੂੰ ਦੋਨੋਂ ਚਿਤ ਲਾ ਕੇ ਸੁਣ ਰਹੇ ਸਨ। ਫਿਰ ਉਨ੍ਹਾਂ ਬੇਨਤੀ ਕੀਤੀ, "ਸਤਿਗੁਰ ਜੀਉ! ਅਸਾਂ ਨੂੰ ਇਸ ਤਰ੍ਹਾਂ ਦੇ ਸਾਡੇ ਸਰੂਪ ਦਾ ਪ੍ਰਕਾਸ਼ ਕਿਵੇਂ ਹੋਵੇਗਾ, ਸੋਝੀ ਕਿਵੇਂ ਆਵੇਗੀ ? ਸਰੀਰ ਦਾ ਹੰਕਾਰ ਛੱਡ ਕੇ ਕਿਵੇਂ ਉਸ ਸਰੂਪ ਵਿਚ ਆਪਣੇ ਆਪ ਨੂੰ ਧਾਰਨ ਕਰੀਏ ਤੇ ਆਪਣੇ ਸਰੂਪ ਦੀ ਪਛਾਣ ਕਰੀਏ ?" ਸਤਿਗੁਰਾਂ ਉਪਦੇਸ਼ ਕੀਤਾ, "ਹੇ ਭਾਈ! ਮਨ ਲਾ ਕੇ ਸਤਿਸੰਗਤ ਕਰਿਆ ਕਰੋ। ਨੇਮ ਨਾਲ ਕੰਨ ਲਾ ਕੇ ਕਥਾ ਸੁਣੋ। ਗੁਰੂ ਕੇ ਸਿੱਖਾਂ ਦੀ ਪਿਆਰ ਨਾਲ ਸੇਵਾ ਕਰਿਆ ਕਰੋ। ਸਤਿਗੁਰ ਜੀ ਦੀ ਬਾਣੀ ਦੀ ਵਿਚਾਰ ਕਰਨੀ ਹੈ। ਬਾਣੀ ਨਾਲ ਪ੍ਰੀਤ ਲਾ ਕੇ ਅਰਥ ਸਮਝਣੇ ਹਨ। ਗੁਰਬਾਣੀ ਮੁਤਾਬਿਕ ਆਪਣੇ ਹਿਰਦੇ ਨੂੰ ਤੋਲਣਾ ਹੈ ਅਤੇ ਦੁਖ- ਸੁਖ ਦੀ ਹਾਲਤ ਵਿਚ ਡੋਲਣਾ ਨਹੀਂ। ਤੁਹਾਡੀ ਪ੍ਰੀਤ ਜਾਣ ਕੇ ਅਸੀਂ ਇਹ ਬਚਨ ਕਹੇ ਹਨ। ਜੇਕਰ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਤੁਸੀਂ ਆਪਣੇ ਨਿੱਜ ਸਰੂਪ ਨੂੰ ਜਾਣ ਲਵੋਗੇ।" ਭਾਈ ਸੰਤੋਖ ਸਿੰਘ ਜੀ ਨੇ ਇਸ ਬਾਬਤ ਇਸ ਤਰ੍ਹਾਂ ਉਲੇਖ ਕੀਤਾ ਹੈ:

ਤਬਿ ਸਾਹਿਬ ਨੇ ਕਹ੍ਯੋ ਸੁਨਾਈ।
'ਸਤਿ ਸੰਗਤਿ ਕੀਜਹਿ ਚਿਤ ਲਾਈ।
ਕਥਾ ਨੇਮ ਤੇ ਸੁਨੀਅਹਿ ਕਾਨ।
ਗੁਰ ਸਿੱਖਨ ਸੇਵਹੁ ਹਿਤ ਠਾਨਿ ॥੧੪॥
ਕਰਹੁ ਬਿਚਾਰਨ ਸਤਿਗੁਰ ਬਾਨੀ।
ਅਰਥ ਲਖਹੁ ਕਰਿ ਪ੍ਰੀਤ ਮਹਾਨੀ।
ਤਿਸ ਕੇ ਸਾਥ ਰਿਦਾ ਨਿਤ ਤੋਲਹੁ।
ਦੁਖ ਸੁਖ ਬਿਖੈ ਨ ਕਬਹੂੰ ਡੋਲਹੁ ॥੧੫॥
ਤੁਮਰੀ ਪ੍ਰੀਤਿ ਜਾਨਿ ਬਚ ਕਹੇ।
ਇਮ ਜੇ ਕਰਹੁ ਰੂਪ ਨਿਜ ਲਹੇ'।
ਇਮ ਸਤਿਗੁਰ ਕੋ ਸੁਨਿ ਉਪਦੇਸ਼।
ਕਰਨ ਲਗੇ ਤਿਮ ਕਾਰ ਹਮੇਸ਼ ॥੧੬॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 18, ਪੰਨਾ 1715)

ਇਉਂ ਸਤਿਗੁਰ ਜੀ ਦਾ ਉਪਦੇਸ਼ ਧਾਰਨ ਕਰ ਕੇ ਭਾਈ ਮਹਾਂ ਨੰਦ ਤੇ ਭਾਈ ਬਿਧੀ ਚੰਦ ਸਤਿਗੁਰ ਜੀ ਦੇ ਬਚਨਾਂ ਅਨੁਸਾਰ ਜੀਵਨ ਦੀ ਕਾਰ ਕਰਨ ਲੱਗੇ। ਸੁਭਾਗਾ ਸਮਾਂ ਆਇਆ ਤੇ ਉਨ੍ਹਾਂ ਨੂੰ ਆਪਣੇ ਸਰੂਪ ਦਾ ਗਿਆਨ ਹੋ ਗਿਆ। ਕਰਮਾਂ ਦੇ ਸਾਰੇ ਬੰਧਨਾਂ ਤੋਂ ਉਹ ਆਜ਼ਾਦ ਹੋ ਗਏ ਅਤੇ ਗੁਰਸਿੱਖੀ ਦੀ ਪਦਵੀ ਪ੍ਰਾਪਤ ਕੀਤੀ। ਅੰਤ ਸਮੇਂ ਗੁਰੂ ਜੋਤਿ ਵਿਚ ਸਮਾ ਗਏ:

ਸਮਾ ਪਾਇ ਹੋਯਹੁ ਨਿਜ ਗਯਾਨ।
ਕੀਨੇ ਕਰਮ ਬੰਧ ਗਨ ਹਾਨਿ।
ਗੁਰ ਸਿੱਖਨ ਕੀ ਪਦਵੀ ਪਾਈ।
ਅੰਤ ਕਾਲ ਗੁਰ ਲੀਨ ਮਿਲਾਈ॥੧੭॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 18, ਪੰਨਾ 1715)

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਭਾਈ ਮਹਾਂਨੰਦ ਤੇ ਭਾਈ ਬਿਧੀ ਚੰਦ ਨੂੰ ਮਹਾਂ ਪੁਰਖ, ਸ੍ਰੇਸ਼ਟ ਬੁੱਧੀ ਵਾਲੇ ਤੇ ਵਿਚਾਰਵਾਨ ਸਿੱਖ ਕਹਿ ਕੇ ਸਤਿਕਾਰ ਦਿੱਤਾ ਹੈ :

ਮਹਾਂ ਪੁਰਖੁ ਹੈ ਮਹਾਂ ਨੰਦੁ ਬਿਧੀ ਚੰਦ ਬੁਧਿ ਬਿਮਲ ਵੀਚਾਰਾ॥

(ਵਾਰਾਂ 11:17)

ਗਹੋ ਨੰਮ੍ਰਤਾ ਤਜਾਗਹੁ ਮਤਸਰ

ਮਨੁੱਖ ਅਉਗੁਣਾਂ ਨਾਲ ਭਰਿਆ ਪਿਆ ਹੈ। ਅੰਮ੍ਰਿਤ ਛੱਡ ਕੇ ਵਿਕਾਰਾਂ ਦੀ ਬਿਖ ਖਾਂਦਾ ਰਹਿੰਦਾ ਹੈ। ਮਾਇਆ ਦੇ ਮੋਹ ਕਰਕੇ ਧੀਆਂ ਪੁੱਤਰਾਂ ਤੇ ਪਤਨੀ ਨਾਲ ਪ੍ਰੀਤ ਲਾਈ ਰੱਖਦਾ ਹੈ ਤੇ ਭਰਮ ਵਿਚ ਭੁੱਲਾ ਹੋਇਆ ਹੈ ਪਰ ਜੋ ਮਨੁੱਖ ਸਤਿਗੁਰ ਦੀ ਸ਼ਰਣ ਆ ਜਾਂਦੇ ਹਨ, ਉਨ੍ਹਾਂ ਦੀ ਲਾਜ ਪਤ ਸਤਿਗੁਰ ਜੀ ਆਪ ਰੱਖਦੇ ਹਨ। ਇਸੇ ਲਈ ਭੱਟ ਕੀਰਤ ਜੀ ਸਤਿਗੁਰੂ ਰਾਮਦਾਸ ਜੀ ਅੱਗੇ ਅਰਦਾਸ ਕਰਦੇ ਹਨ :

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥੪॥੫੮॥

(ਸਵਈਏ ਮਹਲੇ ਚਉਥੇ ਕੇ ੪, ਪੰਨਾ 1406)

ਸ਼ਰਣ ਆਏ ਦੀ ਲਾਜ ਰੱਖਣ ਵਾਲੇ ਸਤਿਗੁਰ ਰਾਮਦਾਸ ਜੀ ਦਾ ਦਰਬਾਰ ਲੱਗਾ ਹੋਇਆ ਸੀ। ਸਤਿਗੁਰ ਜੀ ਪ੍ਰਾਣੀਆਂ ਦਾ ਉਧਾਰ ਕਰ ਰਹੇ ਸਨ। ਇਸ ਸਮੇਂ ਭਾਈ ਬਰ੍ਹਮ ਦਾਸ ਖੋਟੜ, ਭਾਈ ਡੂਗਰ ਦਾਸ ਤਕਿਆਰ, ਭਾਈ ਜੇਠਾ, ਭਾਈ ਤੀਰਥਾ, ਭਾਈ ਸੰਸਾਰੂ, ਭਾਈ ਦੀਪਾ ਅਤੇ ਭਾਈ ਬੂਲਾ ਸਭ ਇਕੱਠੇ ਗੁਰੂ ਦਰਬਾਰ ਆਏ। ਉਨ੍ਹਾਂ ਨੇ ਹੱਥ ਜੋੜ ਅਰਦਾਸ ਕੀਤੀ, "ਹੇ ਸਤਿਗੁਰ ਪਾਤਸ਼ਾਹ ਜੀ! ਆਪ ਦੀ ਸ਼ਰਣ ਆਏ ਹਾਂ, ਸਾਡਾ ਵੀ ਉਧਾਰ ਕਰੋ।" ਇਹ ਸੁਣ ਕੇ ਉਮਾਹ ਵਿਚ ਆਏ ਧੰਨ ਗੁਰੂ ਰਾਮਦਾਸ ਪਾਤਸ਼ਾਹ ਜੀ ਨੇ ਬਚਨ ਉਚਾਰਨ ਕੀਤਾ, "ਹੇ ਭਾਈ! ਪਹਿਲਾਂ ਮਨ ਦੇ ਹੰਕਾਰ ਦਾ ਤਿਆਗ ਕਰੋ। ਨਿਮਰਤਾ ਵਿਚ ਰਹੋ, ਈਰਖਾ ਕਰਨੀ ਛੱਡ ਦਿਉ। ਕਿਸੇ ਦੀ ਨਿੰਦਿਆ ਨਹੀਂ ਕਰਨੀ ਤੇ ਔਗੁਣਾਂ ਤੋਂ ਦੂਰ ਰਹਿਣਾ ਹੈ। ਘਰ ਆਏ ਸਿੱਖ ਦੀ ਆਪੋ-ਆਪਣੇ ਘਰ ਲਿਜਾ ਕੇ ਸੇਵਾ ਕਰਨੀ ਹੈ। ਪ੍ਰੇਮ ਨਾਲ ਭੋਜਨ ਤੇ ਬਸਤਰ ਦੇਵਣੇ ਹਨ। ਸਿੱਖ ਦੇ ਬਚਨਾਂ ਨੂੰ ਮੰਨਣਾ ਹੈ ਕਦੇ ਵੀ ਮੋੜਨਾ ਨਹੀਂ। ਜੇ ਕਿਸੇ ਸਿੱਖ ਦਾ ਵੱਡਾ ਕਾਰਜ ਹੋਵੇ ਜੋ ਧਨ ਤੋਂ ਬਿਨਾਂ ਪੂਰਾ ਨਾ ਹੋ ਸਕਦਾ ਹੋਵੇ ਤਾਂ ਸਾਰਿਆਂ ਸਿੱਖਾਂ ਨਾਲ ਰਲ ਮਿਲ ਕੇ ਅਰਦਾਸ ਕਰਨੀ ਹੈ। ਸਾਰਿਆਂ ਕੋਲੋਂ ਇਕ ਥਾਂ ਧਨ ਇਕੱਠਾ ਕਰ ਕੇ ਉਸ ਸਿੱਖ ਦੇ ਕਾਰਜ ਸੰਵਾਰ ਦੇਣੇ ਹਨ। ਤਦ ਤੁਹਾਨੂੰ

ਸੁਖ ਪ੍ਰਾਪਤ ਹੋਵੇਗਾ।" *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਇਸ ਸਾਖੀ ਬਾਰੇ ਇਸ ਤਰ੍ਹਾਂ ਉਲੇਖ ਹੈ :

ਰਾਮਦਾਸ ਸਤਿਗੁਰੂ ਉਚਾਰਾ।
'ਪ੍ਰਥਮ ਤਜਹੁ ਮਨ ਕੋ ਹੰਕਾਰਾ॥੨੦॥
ਗਹੋ ਨੰਮ੍ਰਤਾ, ਤਜਾਗਹੁ ਮਤਸਰ।
ਕਰਹੁ ਨ ਨਿੰਦਾ, ਅਵਗੁਨ ਪਰਹਰਿ।
ਜੇ ਘਰ ਆਯੋ ਸਿੱਖ ਨਿਹਰਿਯਹਿ।
ਨਿਜ ਨਿਜ ਘਰ ਤੇ ਸੇਵਾ ਕਰਿਯਹਿ॥੨੧॥
ਭੋਜਨ ਬਸਤ੍ਰ ਭਾਉ ਧਰਿ ਕੀਜਹਿ।
ਮਾਨਹੁ ਬਾਕ ਨ ਫੇਰ ਨਿਕੀਜਹਿ।
ਜੇ ਸਿੱਖ ਕੋ ਹੁਇ ਕਾਜ ਬਡੇਰਾ।
ਬਿਨ ਧਨ ਸਰਹਿ ਨ - ਜੌ ਅਸ ਹੇਰਾ॥੨੨॥
ਸਭਿ ਮਿਲਿ ਕਰਿ ਉਚਾਰਹੁ ਅਰਦਾਸ।
ਸਭਿ ਤੇ ਇਕ ਥਲ ਕਰਿ ਨਿਜ ਪਾਸਿ।
ਸਿਖ ਕੋ ਕਾਰਜ ਦੀਜੈ ਸਾਰ।
ਤਬਿ ਪ੍ਰਾਪਤਿ ਤੁਮ ਕੋ ਸੁਖ ਸਾਰ॥੨੩॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 18, ਪੰਨਾ 1715)

ਸਾਰੇ ਮਨ ਲਾ ਕੇ ਪਾਤਸ਼ਾਹ ਜੀ ਦੇ ਬਚਨਾਂ ਨੂੰ ਸੁਣ ਰਹੇ ਸਨ। ਸਤਿਗੁਰਾਂ ਨੇ ਹੋਰ ਅੱਗੇ ਬਚਨ ਕਰਦਿਆਂ ਕਿਹਾ, "ਹੇ ਭਾਈ! ਜਿਥੇ ਸਮੂਹ ਸਤਿਸੰਗਤ ਜੁੜੀ ਹੋਵੇ, ਕਥਾ-ਕੀਰਤਨ ਹੁੰਦਾ ਹੋਵੇ, ਉਥੇ ਸਵੇਰੇ ਸ਼ਾਮੀਂ ਜਾ ਕੇ ਆਪਣੀ ਮੱਤ ਨੂੰ ਪ੍ਰੇਮ-ਸਹਿਤ ਉਸ ਰੰਗ ਵਿਚ ਰੰਗ ਲੈਣਾ ਹੈ। ਜਿਸ ਸਿੱਖ ਵਿਚ ਯੋਗ ਸਮਰੱਥਾ ਹੋ ਜਾਵੇ। ਉਹ ਆਪ ਧਰਮਸ਼ਾਲ (ਗੁਰਦੁਆਰਾ) ਤਿਆਰ ਕਰਵਾਏ, ਉਸ ਵਿਚ ਸਿੱਖਾਂ ਨੂੰ ਟਿਕਾਵੇ ਤੇ ਆਉਂਦੇ-ਜਾਂਦੇ ਰਾਹੀਆਂ ਨੂੰ ਭੋਜਨ ਵੀ ਖਵਾਏ। ਇਕ ਸਿੱਖ ਜਾਂ ਸਾਰੇ ਸੇਵਾ ਮਿਲ ਕੇ ਦੇਣ। ਨਿਰੰਕਾਰ ਦਾ ਸਿਮਰਨ ਕਰਦੇ ਹੋਏ ਭਲੇ ਪੁਰਸ਼ਾਂ ਦੀ ਸੇਵਾ ਕਰਨੀ ਹੈ। ਇਸ ਸੇਵਾ ਦਾ ਇੰਨਾ ਮਹਾਤਮ ਹੈ ਕਿ ਇਸ ਦੇ ਤੁਲ ਹੋਰ ਕੋਈ ਵੀ ਪੁੰਨ ਪਦਾਰਥ ਨਹੀਂ ਮਿਲਦਾ। ਐਸੀ ਸੇਵਾ ਕਰਨ ਵਾਲਾ ਮਨੁੱਖ ਸੰਸਾਰ ਵਿਚ ਬਹੁਤ ਸੁਖ ਪ੍ਰਾਪਤ ਕਰਦਾ ਹੈ ਅਤੇ ਅੰਤ ਸਮੇਂ ਉਸ ਨੂੰ ਗੁਰੂ ਕੋਲ ਨਿਵਾਸ ਮਿਲਦਾ ਹੈ। ਅੱਗੇ ਹੋਰ ਉਪਦੇਸ਼ ਕਰਦਿਆਂ ਬਚਨ ਕੀਤਾ, "ਹੇ ਸਿੱਖੋ! ਪਹਿਰ ਰਾਤ ਰਹਿੰਦੀ ਉੱਠ ਕੇ ਇਸ਼ਨਾਨ ਕਰ ਕੇ ਪ੍ਰੇਮ-ਸਹਿਤ ਅੰਮ੍ਰਿਤ-ਵੇਲੇ ਬਾਣੀ ਪੜ੍ਹਨੀ ਹੈ। ਦੁਪਹਿਰ ਸਮੇਂ ਚਰਨ-ਕਮਲ ਪੜ੍ਹਨੀ ਤੇ ਸੁਣਨੀ ਹੈ। ਦੋ ਘੜੀਆਂ ਰਾਤ ਰਹਿੰਦਿਆਂ ਰਹਰਾਸਿ ਪੜ੍ਹਨੀ ਹੈ, ਉਪਰੰਤ ਕਥਾ ਕੀਰਤਨ ਸੁਣ ਕੇ ਅਤੇ ਸੋਹਿਲਾ ਪੜ੍ਹ ਕੇ ਸੌਣਾ ਹੈ। ਹੋਰ

ਕਿਰਤ-ਕਾਰ ਜੋ ਕਰਨੀ ਹੈ ਤਾਂ ਸੱਚ ਬੋਲਣਾ ਤੇ ਸੱਚ ਕਮਾਵਣਾ ਹੈ। ਮੈਂ ਤੁਹਾਡਾ ਸੰਗੀ ਸਦਾ ਹੋਵਾਂਗਾ।" ਯਥਾ :

ਜਹਿਂ ਸਤਿਸੰਗਤਿ ਕੋ ਸਮੁਦਾਇ।
ਕਥਾ ਕੀਰਤਨ ਕਰਹਿਂ ਬਨਾਇ।
ਤਹਾਂ ਜਾਇ ਸੰਧਯਾ ਅਰੁ ਪ੍ਰਾਤੀ।
ਧਰਹੁ ਪ੍ਰੀਤ ਕਰਿ ਮਤਿ ਕੋ ਰਾਤੀ॥੨੪॥
ਜਿਸ ਮਹਿਂ ਯਥਾ ਸ਼ਕਤਿ ਹੁਇ ਆਵਹਿ।
ਧਰਮਸਾਲ ਆਪੇ ਬਨਵਾਵਹਿ।
ਤਿਸ ਮੈਂ ਰਾਖਹਿ ਸਿੱਖ ਟਿਕਾਇ।
ਪੰਥੀ ਕੋ ਭੋਜਨ ਮਿਲੈ ਜਾਇ॥੨੫॥
ਇਕ ਸਿਖ ਦੇਹਿ ਕਿ ਸਭਿ ਮਿਲ ਦੇਵੈਂ।
ਸਿਮਰਹਿਂ ਨਾਮ ਸੁ ਜਨ ਕੋ ਸੇਵੈਂ।
ਕਹਾਂ ਮਹਾਤਮ ਇਸ ਕੋ ਕਹਿਯਹਿ।
ਪੁੰਨ ਪਦਾਰਥ ਸਮ ਨਹਿਂ ਲਹਿਯਹਿ॥੨੬॥
ਇਸ ਜਗ ਮਹਿਂ ਸੁਖ ਪਾਇ ਘਨੇਰਾ।
ਅੰਤ ਗੁਰੂ ਢਿਗ ਲਹੈ ਬਸੇਰਾ।
ਪਾਛਲ ਰਾਤਿ ਕਰਹੁ ਇਸ਼ਨਾਨ।
ਗੁਰ ਬਾਨੀ ਪੜ੍ਹੀਅਹਿ ਹਿਤ ਠਾਨਿ॥੨੭॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 18, ਪੰਨਾ 1715)

ਸਤਿਗੁਰਾਂ ਦੇ ਉਪਦੇਸ਼ ਸਰਵਣ ਕਰ ਕੇ ਉਹ ਸਭ ਧੰਨ ਹੋ ਗਏ। 'ਧੰਨ ਗੁਰੂ ਰਾਮਦਾਸ! ਧੰਨ ਗੁਰੂ ਰਾਮਦਾਸ ਜੀ'! ਕਹਿੰਦੇ ਸਾਰੇ ਸਤਿਗੁਰ ਦੇ ਬਚਨਾਂ ਅਨੁਸਾਰ ਕਮਾਈ ਕਰਨ ਲੱਗ ਪਏ ਤੇ ਵੱਡੇ ਭਾਗਾਂ ਵਾਲੇ ਉਹ ਸਾਰੇ ਗੁਰੂ-ਪ੍ਰੇਮ ਵਿਚ ਮਗਨ ਹੋ ਗਏ। ਅੰਤ ਸਮੇਂ ਸਤਿਗੁਰ ਜੀ ਕੋਲ ਪਹੁੰਚ ਕੇ ਅਨੰਦਮਈ ਅਵਸਥਾ ਨੂੰ ਪ੍ਰਾਪਤ ਕਰ ਲਿਆ। ਭਾਈ ਗੁਰਦਾਸ ਜੀ ਨੇ ਭਾਈ ਬਰ੍ਹਮ ਦਾਸ, ਭਾਈ ਡੂਗਰ ਦਾਸ, ਭਾਈ ਜੇਠਾ, ਭਾਈ ਤੀਰਥਾ, ਭਾਈ ਸੰਸਾਰੂ, ਭਾਈ ਬੂਲਾ, ਭਾਈ ਦੀਪਾ ਜੀ ਨੂੰ ਸਚਿਆਰ ਪੁਰਸ਼ ਕਹਿ ਕੇ ਸਤਿਕਾਰ ਦਿੱਤਾ ਹੈ :

ਬਰ੍ਹਮ ਦਾਸ ਹੈ ਖੋਟੜਾ ਡੂੰਗਰੁ ਦਾਸੁ ਭਲੇ ਤਕਿਆਰਾ॥
ਦੀਪਾ ਜੇਠਾ ਤੀਰਥਾ ਸੈਸਾਰੂ ਬੂਲਾ ਸਚਿਆਰਾ॥

(ਵਾਰ 11:17)

ਵਿਚੇ ਗ੍ਰਿਸਤ ਉਦਾਸ ਰਹਾਈ

ਗੁਰਮਤਿ ਗ੍ਰਿਹਸਤ ਦਾ ਮਾਰਗ ਹੈ। ਗੁਰਬਾਣੀ ਅਨੁਸਾਰ ਗ੍ਰਿਹਸਤ ਵਿਚ ਰਹਿੰਦਿਆਂ ਹੀ ਮੁਕਤੀ ਪ੍ਰਾਪਤ ਕਰਨ ਦਾ ਉਪਦੇਸ਼ ਤੇ ਸਿਧਾਂਤ ਹੈ। ਹੱਸਦਿਆਂ, ਖੇਡਦਿਆਂ, ਖਾਂਦਿਆਂ, ਪਹਿਨਦਿਆਂ ਮੁਕਤੀ ਪ੍ਰਾਪਤ ਹੋ ਸਕਦੀ ਹੈ :

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥

(ਵਾਰ ਗੂਜਰੀ, ਮ: ੫, ਪੰਨਾ 522)

ਗ੍ਰਿਹਸਤ ਵਿਚ ਰਹਿੰਦਿਆਂ ਮੁਕਤੀ ਕਿਵੇਂ ਪ੍ਰਾਪਤ ਹੋਵੇਗੀ ? ਇਹ ਆਸ ਲੈ ਕੇ ਭਾਈ ਮਾਈਆ, ਭਾਈ ਜਾਪਾ, ਭਾਈ ਨਈਆ ਖੁੱਲਰ ਅਤੇ ਭਾਈ ਤੁਲਸਾ ਵਹੁਰਾ ਨਾਂ ਦੇ ਚਾਰ ਸਿੱਖ, ਜਗਤ ਦਾ ਕਲਿਆਣ ਕਰਨ ਵਾਲੇ ਸਤਿਗੁਰੂ ਰਾਮਦਾਸ ਜੀ ਦੇ ਦਰਬਾਰ ਆਏ। ਪਹਿਲਾਂ ਸਤਿਗੁਰਾਂ ਦੇ ਦਰਸ਼ਨ ਕੀਤੇ। ਫਿਰ ਬੰਦਨਾ ਕਰ ਕੇ ਸਿਰ ਨਿਵਾਇਆ ਤੇ ਹੱਥ ਜੋੜ ਬੇਨਤੀ ਕੀਤੀ, "ਹੇ ਗ਼ਰੀਬ ਨਿਵਾਜ਼ ਸਤਿਗੁਰ ਜੀ! ਅਸੀਂ ਤੁਹਾਡੇ ਸੇਵਕ ਹਾਂ। ਸਾਨੂੰ ਕੋਈ ਐਸਾ ਉਪਦੇਸ਼ ਦਿਉ ਕਿ ਅਸੀਂ ਗ੍ਰਿਹਸਤ ਵਿਚ ਰਹਿੰਦਿਆਂ ਆਪ ਦੇ ਕਹੇ ਉਪਦੇਸ਼ ਅਨੁਸਾਰ ਕਮਾਈ ਕਰੀਏ, ਜਿਸ ਸਦਕਾ ਅਸੀਂ ਸਿੱਖੀ ਦੀ ਪਦਵੀ ਨੂੰ ਪ੍ਰਾਪਤ ਕਰ ਲਈਏ। ਘਰ ਵਿਚ ਰਹਿ ਕੇ ਅਸੀਂ ਉਦਾਸੀ ਵਾਲੀ ਅਵਸਥਾ ਪ੍ਰਾਪਤ ਕਰੀਏ ਤੇ ਰੋਜ਼ ਹਿਰਦੇ ਵਿੱਚੋਂ ਮੋਹ ਦਾ ਖ਼ਾਤਮਾ ਕਰ ਸਕੀਏ"।

ਭਾਈ ਸੰਤੋਖ ਸਿੰਘ ਜੀ ਨੇ ਇਸ ਬਾਬਤ ਇਸ ਤਰ੍ਹਾਂ ਉਲੇਖ ਕੀਤਾ ਹੈ :

ਆਇ ਪ੍ਰਵੇਸ਼ੇ ਦਰਸ਼ਨ ਪਾਯੋ।
ਕੀਨ ਬੰਦਨਾਂ ਸੀਸ ਨਿਵਾਯੋ।
ਜੁਗ ਕਰ ਜੋਰਤਿ ਅਰਜ਼ ਬਖਾਨੀ।
'ਦਿਹੁ ਉਪਦੇਸ਼ ਅਪਨ ਜਨ ਜਾਨੀ ॥੩੦॥
ਰਹੈਂ ਗ੍ਰਿਹਸਤ ਮਹਿਂ ਕਹਯੋ ਕਮਾਵੈਂ।
ਜਿਸ ਤੇ ਹਮ ਸਿੱਖੀ ਪਦ ਪਾਵੈਂ ॥
ਬਸਹਿਂ ਅਵਾਸ ਉਦਾਸੀ ਪਾਇ।
ਦਿਨ ਪ੍ਰਤਿ ਉਰ ਤੇ ਮੋਹਿ ਮਿਟਾਇ' ॥੩੧॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 18, ਪੰਨਾ 1716)

ਪਰਉਪਕਾਰੀ ਗੁਣਾਂ ਦੇ ਮਾਲਕ ਸਤਿਗੁਰ ਰਾਮਦਾਸ ਜੀ ਨੇ ਕਿਰਪਾ ਕਰਦਿਆਂ ਹੋਇਆਂ ਬਚਨ ਕੀਤਾ, "ਹੇ ਭਾਈ! ਜਿਸ ਤਰ੍ਹਾਂ ਤੁਸੀਂ ਦਿਨ-ਰਾਤ ਘਰ ਦੇ ਕੰਮ-ਕਾਜ ਚੰਗੀ ਤਰ੍ਹਾਂ ਸੰਵਾਰ ਕੇ ਕਰਦੇ ਹੋ, ਉਹ ਕੰਮ ਧੰਧੇ ਤੁਹਾਨੂੰ ਪਿਆਰੇ ਲੱਗਦੇ ਹਨ ਤੇ ਤੁਸੀਂ ਉਨ੍ਹਾਂ ਤੋਂ ਕਦੇ ਮੂੰਹ ਨਹੀਂ ਮੋੜਦੇ; ਉਸੇ ਤਰ੍ਹਾਂ ਹੀ ਗੁਰਬਾਣੀ ਨਾਲ ਪ੍ਰੇਮ ਧਾਰਨ ਕਰੋ। ਮਨ ਲਾ ਕੇ ਪੜ੍ਹਨਾ ਤੇ ਸੁਣਨਾ ਹੈ। ਸ਼ਬਦ ਵਿਚਲਾ ਜੋ ਅਰਥ ਹੈ, ਹਿਰਦੇ ਵਿਚ ਵਾਰ-ਵਾਰ ਉਸ ਦੀ ਵਿਚਾਰ ਕਰਨੀ ਹੈ। ਮਨ ਨੂੰ ਵਾਰ-ਵਾਰ ਸ਼ਬਦ ਵੱਲ ਮੋੜਨਾ ਹੈ। ਮੇਰੇ (ਗੁਰੂ) ਸਰੂਪ ਵੱਲ ਧਿਆਨ ਧਾਰਨ ਕਰਨਾ ਹੈ। ਅੰਮ੍ਰਿਤ ਵੇਲੇ ਇੰਜ ਕਰਨ ਨਾਲ ਮਹਾਨ ਪੁੰਨ ਪ੍ਰਾਪਤ ਹੁੰਦਾ ਹੈ। ਫਿਰ ਬਾਣੀ ਦਾ ਉਚਾਰਣ ਕਰਨਾ ਤੇ ਸਿੱਖਾਂ ਨਾਲ ਮਿਲ ਕੇ ਉਸ ਦੇ ਅਰਥ ਦੀ ਵਿਚਾਰ ਕਰਨੀ ਹੈ। ਜਿਵੇਂ ਘੋੜੇ ਨੂੰ ਮਸਾਲਾ ਦੇ ਕੇ ਮੂੰਹ 'ਤੇ ਛਿੱਕਾ ਬੰਨ੍ਹ ਕੇ ਹੋਰ ਖਾਣ-ਪੀਣ ਤੋਂ ਰੋਕ ਦਿੱਤਾ ਜਾਂਦਾ ਹੈ ਤਾਂ ਜੋ ਉਹ ਰੋਗੀ ਘੋੜਾ ਫਿਰ ਤੰਦਰੁਸਤ ਹੋ ਜਾਵੇ, ਇਸੇ ਤਰ੍ਹਾਂ ਦੁਨਿਆਵੀ ਕੰਮ-ਕਾਰ ਨੂੰ ਕੁਝ ਸਮਾਂ ਰੋਕ ਹਿਰਦੇ ਵਿਚ ਵਿਸ਼ਾਲ ਪ੍ਰੇਮ ਧਾਰਨ ਕਰਕੇ ਸਤਿਗੁਰ ਜੀ ਦਾ ਧਿਆਨ ਧਰਨਾ ਹੈ।" ਭਾਈ ਸੰਤੋਖ ਸਿੰਘ ਜੀ ਇਸ ਬਾਰੇ ਇੰਜ ਲਿਖਦੇ ਹਨ:

ਸ਼੍ਰੀ ਗੁਰ ਰਾਮਦਾਸ ਉਪਕਾਰੀ।
ਬਾਨੀ ਕਰੁਨਾ ਠਾਨਿ ਉਚਾਰੀ।
'ਜਿਮੁ ਨਿਸ ਦਿਨ ਘਰ ਕਾਜ ਸੁਧਾਰੇ।
ਤਯਾਗਹੁ ਕਬਹੁਂ ਨ, ਲਾਗਹਿਂ ਪਯਾਰੇ ॥੩੨॥
ਤਥਾ ਪਯਾਰ ਧਾਰਹੁ ਗੁਰਬਾਨੀ।
ਪਠਨਿ ਸੁਨਨਿ ਕੀਜਹਿ ਰੁਚਿ ਠਾਨੀ।
ਯਰਜੋ ਅਰਥ ਜੋ ਸ਼ਬਦ ਮਝਾਰਾ।
ਬਾਰ ਬਾਰ ਉਰ ਕਰਹੁ ਬਿਚਾਰਾ ॥੩੩॥
ਕਯਾ ਗੁਰ ਕਹੈਂ, ਕਰੈਂ ਹਮ ਕਹਾਂ।
ਸਨੈ ਸਨੈ ਮੋਰ੍ਹੁ ਮਨ ਮਹਾਂ।
ਮਮ ਸਰੀਰ ਕੋ ਧਾਰਹੁ ਧਯਾਨ।
ਅੰਮ੍ਰਿਤ ਵੇਲਾ ਪੁੰਨ ਮਹਾਨ ॥੩੪॥
ਮਮ ਬਾਨੀ ਕੋ ਕਰਹੁ ਉਚਾਰਨਿ।
ਮਿਲਿ ਸਿੱਖਨਿ ਤੇ ਅਰਥ ਬਿਚਾਰਨ।
ਜਿਮ ਤੁਰੰਗ ਕੋ ਦੇਹਿਂ ਮਸਾਲਾ।
ਬਹੁਰ ਕਰਹਿਂ ਕਾਜੈ ਚਿਰਕਾਲਾ ॥੩੫॥
ਤਬਿ ਹਯ ਰੋਗੀ ਹੋਇ ਨਿਰੋਵਾ।
ਸਭਿ ਸਰੀਰ ਦੀ ਬਯਾਧੀ ਖੋਵਾ।

ਤਿਮ ਸਤਿਗੁਰ ਕੋ ਕਰਿਬੋ ਧ੍ਯਾਨ।
ਹਿਰਦੇ ਧਾਰਨ ਪ੍ਰੇਮ ਮਹਾਨ ॥੩੬॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 18, ਪੰਨਾ 1716)

ਸਾਰੇ ਜਣੇ ਸਤਿਗੁਰ ਜੀ ਦੇ ਪਾਵਨ ਬਚਨਾਂ ਨੂੰ ਧਿਆਨ ਲਾ ਕੇ ਸੁਣ ਰਹੇ ਸਨ। ਪਾਤਸ਼ਾਹ ਨੇ ਹੋਰ ਅੱਗੇ ਸਮਝਾਉਂਦਿਆਂ ਕਿਹਾ, "ਹੇ ਭਾਈ ਸਿੱਖੋ! ਸਤਿਨਾਮ ਵਾਹਿਗੁਰੂ ਦਾ ਸਿਮਰਨ ਕਰਨਾ ਹੈ। ਇਹ ਸਿਮਰਨ ਕਰੋਗੇ ਤਾਂ ਹਉਮੈ ਦਾ ਵੱਡਾ ਰੋਗ ਖ਼ਤਮ ਹੋ ਜਾਵੇਗਾ। ਫਿਰ ਮਨ-ਰੂਪੀ ਘੋੜਾ ਵੀ ਵੱਡੀ ਸਵੱਛਤਾ ਨੂੰ ਪ੍ਰਾਪਤ ਕਰ ਲਵੇਗਾ। ਤੁਰਦੇ ਫਿਰਦੇ ਹੋਏ ਪ੍ਰਭੂ ਦੇ ਨਾਮ ਦਾ ਸਿਮਰਨ ਕਰਦੇ ਚਲੋ।

ਹੱਥਾਂ ਨਾਲ ਘਰ ਦੇ ਸਾਰੇ ਕੰਮ-ਕਾਰ ਕਰਦੇ ਰਹੋ, ਉੱਠਦੇ ਬੈਠਦੇ, ਜਾਗਦੇ, ਸੌਂਦੇ, ਕੰਨਾਂ ਨਾਲ ਸੁਣਦੇ ਤੇ ਅੱਖਾਂ ਨਾਲ ਵੇਖਦੇ ਹੋਏ ਆਪਣਾ ਹਿਰਦਾ ਸਤਿਗੁਰ ਜੀ ਨਾਲ ਜੋੜੋ। ਜਿਵੇਂ ਘੜਾ ਚੁੱਕੀ ਇਸਤਰੀ ਘੜਾ ਚੁੱਕੀ ਹੋਈ ਵੀ, ਹੱਥ ਹਿਲਾ ਕੇ ਬਹੁਤ ਗੱਲਾਂ ਕਰਦੀ ਵੀ ਆਪਣੇ ਰਾਹ ਤੁਰੀ ਜਾਂਦੀ ਹੈ, ਨਾ ਘੜਾ ਡਿੱਗਦਾ ਹੈ ਨਾ ਡੋਲਦਾ ਹੈ ਤੇ ਸਿਰ 'ਤੇ ਟਿਕਿਆ ਰਹਿੰਦਾ ਹੈ ਕਿਉਂਕਿ ਉਸ ਦਾ ਮਨ ਘੜੇ ਨਾਲ ਜੁੜਿਆ ਹੁੰਦਾ ਹੈ; ਇਸੇ ਤਰ੍ਹਾਂ ਤੁਸੀਂ ਵੀ ਮਨ-ਬਿਰਤੀ ਨੂੰ ਇਕਾਗਰ ਕਰ ਕੇ ਸੁਖ ਪ੍ਰਾਪਤ ਕਰੋ ਅਤੇ ਅੰਤ ਸਮੇਂ ਤੁਸੀਂ ਮੁਕਤ ਹੋ ਜਾਵੋਗੇ":

ਸਿਮਰਹਿ ਵਾਹਿਗੁਰੂ ਸਤਿਨਾਮੂ।
ਤਬਿ ਨਾਸਹਿ ਹਉਮੈ ਬਡ ਆਮੂ॥
ਮਨ ਤੁਰੰਗ ਬਡ ਸੁਧਤਾ ਪਾਵੈ।
ਗੁਰ ਅਨੁਸਾਰੀ ਹੁਇ ਥਿਰਤਾਵੈ ॥੩੭॥
ਪਾਇਨ ਬਿਚਰਤਿ ਸਿਮਰਹੁ ਨਾਮੂ।
ਹਾਥਨ ਕਰਿਹੁ ਕਾਜੁ ਸਭਿ ਧਾਮੂ॥
ਊਠਤਿ ਬੈਠਤਿ ਜਾਗਤਿ ਸੋਵਤਿ।
ਸੁਨਿਤੇ ਸ਼੍ਰਵਣ, ਬਿਲੋਚਨ ਜੋਵਤਿ ॥੩੮॥
ਰਿਦਾ ਧਰਹੁ ਸਤਿਗੁਰ ਕੇ ਸੰਗ।
ਅਪਰ ਕ੍ਰਿਯਾ ਕਰਯਹਿ ਸਭਿ ਅੰਗ।
ਜਿਮ ਸਿਰ ਘਟ ਬਹੁ ਬਾਤ ਬਨਾਵਤਿ।
ਹਾਥ ਹਲਾਵਤਿ, ਮਾਰਗ ਜਾਵਤਿ ॥੩੯॥
ਤਉ ਘਟੇ ਸੋਂ ਮਨ ਹੈ ਜੁਰਿਓ।
ਗਿਰਹਿ ਨ ਡੋਲਹਿ, ਰਹੈ ਸੁ ਧਰਿਓ।
ਇਮ ਬ੍ਰਿਤਿ ਨਿਸ਼ਚਲ ਕਰਿ ਸੁਖ ਪਾਵੋ।
ਅੰਤਕਾਲ ਕੈਵਲ ਹੁਇ ਜਾਵੋ' ॥੪੦॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 18, ਪੰਨਾ 1716)

ਗੁਰਬਾਣੀ ਵਿਚ ਐਸੇ ਉਪਦੇਸ਼ ਨੂੰ ਦ੍ਰਿੜ੍ਹ ਕਰਾਉਂਦਿਆਂ ਪਾਵਨ ਫ਼ੁਰਮਾਨ ਹੈ :

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥੨੧੩॥

(ਸਲੋਕ ਕਬੀਰ ਜੀ, ਪੰਨਾ 1376)

ਸ੍ਰੀ ਗੁਰੂ ਰਾਮਦਾਸ ਜੀ ਦਾ ਪਾਵਨ ਬਚਨ ਵੀ ਹੈ ਕਿ ਜਿਨ੍ਹਾਂ ਭਗਤ-ਜਨਾਂ ਤੇ ਸਿੱਖ ਸੇਵਕਾਂ ਦੀ ਨਿਰੰਕਾਰ ਵਿਚ ਸ਼ਰਧਾ ਹੋ ਜਾਂਦੀ ਹੈ, ਉਹ ਸਦਾ ਗ੍ਰਿਹਸਤ ਵਿਚ ਉਦਾਸੀ ਨੂੰ ਪ੍ਰਾਪਤ ਕਰਦੇ ਹਨ। ਸਾਹਿਬਾਂ ਦਾ ਫ਼ੁਰਮਾਨ ਹੈ :

ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ ॥
ਵਿਚੇ ਗ੍ਰਿਸਤ ਉਦਾਸ ਰਹਾਈ ॥੨॥ *(ਗੂਜਰੀ ਮ: ੪, ਪੰਨਾ 494)*

ਇਸ ਤਰ੍ਹਾਂ ਭਾਈ ਮਾਈਆ, ਭਾਈ ਜਾਪਾ, ਭਾਈ ਨਈਆ ਤੇ ਭਾਈ ਤੁਲਸਾ ਜੀ ਨੇ ਸਤਿਗੁਰ ਜੀ ਦੇ ਉਪਦੇਸ਼ ਨੂੰ ਧਾਰਨ ਕੀਤਾ ਤੇ ਗੁਰੂ ਰਾਮਦਾਸ ਜੀ ਦੇ ਬਚਨਾਂ ਅਨੁਸਾਰ ਚੱਲਦੇ ਹੋਏ ਕਾਰ-ਵਿਹਾਰ ਕਰਦੇ ਰਹੇ। ਜਿਊਂਦੇ-ਜੀਅ ਸੇਵਾ ਕਰਦਿਆਂ ਅੰਤ ਕਾਲ ਸਤਿਗੁਰ ਦੇ ਨੇੜੇ ਹੋ ਕੇ ਜੀਵਨ-ਮੁਕਤੀ ਤੇ ਗੁਰਸਿੱਖੀ ਦੀ ਪਰਮ ਪਦਵੀ ਨੂੰ ਪ੍ਰਾਪਤ ਕੀਤਾ। ਇਨ੍ਹਾਂ ਗੁਰਸਿੱਖਾਂ ਬਾਰੇ ਉਲੇਖ ਕਰਦਿਆਂ ਭਾਈ ਗੁਰਦਾਸ ਜੀ ਨੇ ਇਨ੍ਹਾਂ ਨੂੰ ਗੁਰੂ ਕੇ ਪਿਆਰੇ, ਗੁਰੂ ਦੇ ਉਪਦੇਸ਼ ਨੂੰ ਧਾਰਨ ਕਰਨ ਵਾਲੇ ਤੇ ਆਚਾਰੀ ਪੁਰਸ਼ ਕਿਹਾ ਹੈ :

ਮਾਈਆ ਜਾਪਾ ਜਾਣੀਅਨਿ ਨਈਆ ਖੁਲਰੁ ਗੁਰੂ ਪਿਆਰਾ ॥
ਤੁਲਸਾ ਵਹੁਰਾ ਜਾਣੀਐ ਗੁਰ ਉਪਦੇਸ ਅਵੇਸ ਅਚਾਰਾ ॥

(ਵਾਰ 11:17)